ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 7 | Issue 09 | 28 February 2018 to 06 March 2018 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com

## ਸਿੱਖ, ਜਸਟਿਨ ਟਰੂਡੋ ਤੇ ਭਾਰਤੀ ਬਹੁਲਵਾਦ

**ਗੁਰਬੀਰ ਸਿੰਘ**

ਸਮੁੱਚੇ ਸਿੱਖ ਭਾਈਚਾਰੇ ਨੂੰ ਜਿਹੜਾ ਕਿ ਅੱਜ ਧਰਤੀ ਦੇ ਪੂਰਬ ਤੋਂ ਪੱਛਮ ਤੱਕ ਵੱਖੋ ਵੱਖ ਦੇਸ਼ਾਂ ਵਿਚ ਵੱਸ ਰਿਹਾ ਹੈ, ਇਕ ਤੱਥ ਧਿਆਨ ਗੋਚਰੇ ਕਰ ਲੈਣਾ ਚਾਹੀਦਾ ਹੈ। ਉਹ ਇਹ ਕਿ ਆਮ ਕਰਕੇ ਬਹੁ ਗਿਣਤੀ ਭਾਰਤੀ ਭਾਈਚਾਰੇ ਤੇ ਖ਼ਾਸ ਕਰਕੇ ਭਾਰਤੀ ਨੀਤੀ ਦੇ ਸਿੱਖਾਂ ਪ੍ਰਤੀ ਵਤੀਰੇ ਵਿਚ ਕਿਸੇ ਵੀ ਤਰ੍ਹਾਂ ਦੀ ਤਬਦੀਲੀ ਦੀ ਤਵੱਕੋ ਉੱਕਾ ਹੀ ਨਾ ਕੀਤੀ ਜਾਵੇ।

(ਵਿਸਥਾਰ ਨਾਲ ਸਫ਼ਾ 12 'ਤੇ ਪੜ੍ਹੋ)

### ਪਾਠਕਾਂ ਦੇ ਧਿਆਨ ਹਿੱਤ

*ਵਿਦੇਸ਼ਾਂ ਖ਼ਾਸ ਕਰ ਕੈਨੇਡਾ ਵਿੱਚ ਸਿੱਖ ਭਾਈਚਾਰੇ ਵਲੋਂ ਸਮਾਜਿਕ, ਆਰਥਿਕ ਅਤੇ ਰਾਜਸੀ ਖੇਤਰ ਵਿੱਚ ਮਾਰੀਆਂ ਮੱਲ੍ਹਾਂ ਤੋਂ 'ਢਿੱਡੋਂ ਔਖੇ' ਭਾਰਤ ਦੇ ਸੱਤਾਧਾਰੀਆਂ ਅਤੇ ਪੰਜਾਬ ਵਿਚਲੇ ਉਨ੍ਹਾਂ ਦੇ ਕਾਂਗਰਸੀ-ਅਕਾਲੀ ਦਰਬਾਰੀਆਂ ਨੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵਲੋਂ ਅਪਣੇ ਦੌਰੇ ਦੌਰਾਨ ਉਚੇਚਾ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਦਾ ਪ੍ਰੋਗਰਾਮ ਬਣਾਉਣ ਬਾਅਦ ਖਾਲਿਸਤਾਨ ਦਾ ਬਹਾਨਾ ਬਣਾ ਕੇ ਗੋਦੀ ਮੀਡੀਏ ਰਾਹੀਂ ਜਿਹੜਾ ਕੂੜ ਪ੍ਰਚਾਰ ਕੀਤਾ ਗਿਆ ਉਹ ਬੇਹੱਦ ਨਿੰਦਣਯੋਗ ਹੈ। ਇਸ ਸਾਜ਼ਿਸ਼ ਦੇ ਨੰਗਾ ਹੋਣ ਬਾਅਦ ਮੀਡੀਆ ਦੇ ਵੱਖ ਵੱਖ ਹਿੱਸਿਆਂ ਵਿੱਚ ਜਿਹੜੀਆਂ ਰਿਪੋਰਟਾਂ ਸਾਹਮਣੇ ਆਈਆਂ ਹਨ, ਉਨ੍ਹਾਂ ਤੋਂ ਬੇਸ਼ੱਕ ਸਾਡੇ ਬਹੁਤ ਸਾਰੇ ਚੇਤੰਨ ਪਾਠਕ ਪਹਿਲਾਂ ਹੀ ਜਾਣੂੰ ਹੋ ਚੁੱਕੇ ਹੋਣਗੇ। ਪਰ ਅਸੀਂ ਅਪਣੇ ਅਪਣੇ ਉਨ੍ਹਾਂ ਪਾਠਕਾਂ, ਜਿਨ੍ਹਾਂ ਦੀ ਅਖ਼ਬਾਰਾਂ ਤੱਕ ਸੌਖੀ ਪਹੁੰਚ ਨਹੀਂ, ਉਨ੍ਹਾਂ ਵਿਚੋਂ ਕੁਝ ਰਿਪੋਰਟਾਂ (ਸੰਬੰਧਿਤ ਅਖ਼ਬਾਰਾਂ ਤੇ ਪੱਤਰਕਾਰਾਂ ਤੋਂ ਧੰਨਵਾਦ ਸਹਿਤ) ਇਸ ਅੰਕ ਵਿੱਚ ਉਚੇਚਾ ਛਾਪ ਰਹੇ ਹਾਂ- ਸੰਪਾਦਕ*

# ਮੋਦੀ ਦੇ ਸਲਾਹਕਾਰਾਂ ਨੇ ਸ਼ਾਤਰ ਢੰਗ ਨਾਲ ਰਚੀ ਸੀ ਟਰੂਡੋ ਦੇ ਦੌਰੇ ਨੂੰ ਬਦਨਾਮ ਕਰਨ ਦੀ ਸਾਜਿਸ਼

- ਨਿਆਂ ਤੇ ਇਨਸਾਫ਼ ਮੰਗਣ ਬਦਲੇ ਸਿੱਖਾਂ ਨੂੰ ਬਦਨਾਮ ਕਰਨ ਦੀ ਕੋਝੀ ਚਾਲ
- ਕੈਪਟਨ ਦੇ ਵਤੀਰੇ ਵਿਰੁਧ ਵਿਦੇਸ਼ੀ ਸਿੱਖਾਂ 'ਚ ਸਖ਼ਤ ਨਾਰਾਜ਼ਗੀ

**ਚੰਡੀਗੜ੍ਹ/ਬਿਊਰੋ ਨਿਊਜ਼:** ਵਿਸ਼ਵ ਭਰ ਦੇ ਸਿੱਖਾਂ ਦੇ ਮਨਾਂ ਵਿੱਚ ਭਾਰੀ ਸਤਿਕਾਰ ਤੇ ਪਿਆਰ ਵਾਲਾ ਰੁਤਬਾ ਹਾਸਲ ਕਰਨ ਵਾਲੇ ਜਸਟਿਨ ਟਰੂਡੋ ਵਲੋਂ ਹਾਲ ਵਿੱਚ ਹੀ ਕੀਤੇ ਗਏ ਭਾਰਤ ਦੇ ਦੌਰੇ ਨੂੰ ਅਤਿਵਾਦ ਦੀ ਰੰਗਤ ਦੇ ਕੇ ਕੈਨੇਡਾ ਦੇ ਨੌਜਵਾਨ ਤੇ ਉਤਸ਼ਾਹੀ ਪ੍ਰਧਾਨ ਮੰਤਰੀ ਨੂੰ ਬਦਨਾਮ ਕਰਨ ਦੀ ਸਾਜਿਸ਼ ਹਿੰਦੂਤਵੀ ਸਰਕਾਰ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਇਸ਼ਾਰੇ ਉੱਤੇ ਉਸਦੇ ਦੇ ਸਲਾਹਕਾਰਾਂ ਨੇ ਰਚੀ ਸੀ ।ਟਰੂਡੋ ਦੀ ਫੇਰੀ ਨੂੰ ਸਾਬੋਤਾਜ ਕਰਨ ਦੀ ਸਾਜਿਸ਼ ਅਸਲ ਵਿੱਚ ਨਿਆਂ ਤੇ ਇਨਸਾਫ਼ ਮੰਗਣ ਬਦਲੇ ਸਿੱਖਾਂ ਨੂੰ ਬਦਨਾਮ ਕਰਨ ਦੀ ਕੋਝੀ ਚਾਲ ਸੀ ਜੋ ਜੱਗ ਜ਼ਾਹਿਰ ਹੋਣ ਬਾਅਦ ਮੋਦੀ ਤੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ 'ਦਿੱਲੀ ਦਰਬਾਰ ਦੇ ਜੀ ਹਜ਼ੂਰੀਏ' ਵਾਲੇ ਵਤੀਰੇ ਵਿਰੁਧ ਵਿਦੇਸ਼ੀ ਸਿੱਖਾਂ 'ਚ ਸਖ਼ਤ ਨਾਰਾਜ਼ਗੀ ਪਾਈ ਜਾ ਰਹੀ ਹੈ। ਜਸਟਿਨ ਟਰੂਡੋ

ਬਾਕੀ ਸਫ਼ਾ 28 'ਤੇ



### ਕੂਟਨੀਤਕ ਸ਼ਿਸ਼ਟਾਚਾਰ ਦੀ ਸ਼ਰੇਆਮ ਉਲੰਘਣਾ

ਕੈਨੇਡਾ 'ਚ ਭਾਰਤੀ ਦੂਤਾਵਾਸ 'ਚ ਤਾਇਨਾਤ ਸੀਨੀਅਰ ਅਧਿਕਾਰੀ ਵਲੋਂ ਉਸ ਦੇਸ਼ ਦੇ ਪ੍ਰਧਾਨ ਮੰਤਰੀ ਦੇ ਭਾਰਤ ਦੌਰੇ ਉੱਪਰ ਥਾਂ-ਥਾਂ ਹਾਜ਼ਰ ਹੋਣ ਨੂੰ ਕੂਟਨੀਤਕ ਸ਼ਿਸ਼ਟਾਚਾਰ ਦੀ ਅਵੱਗਿਆ ਸਮਝਿਆ ਜਾ ਰਿਹਾ ਹੈ। ਭਾਰਤੀ ਵਿਦੇਸ਼ ਸੇਵਾ 'ਚ ਕੰਮ ਕਰਦੇ ਰਹੇ ਅਧਿਕਾਰੀਆਂ ਦਾ ਦੱਸਣਾ ਹੈ ਕਿ ਆਪਣੇ ਦਫਤਰਾਂ 'ਚ ਬੈਠ ਕੇ ਆਪਣੇ ਸੂਤਰਾਂ ਰਾਹੀਂ ਰਿਪੋਰਟਾਂ ਭੇਜਣਾ ਤਾਂ ਹਰ ਦੂਤਾਵਾਸ ਅਧਿਕਾਰੀ ਦਾ ਹੀ ਦਸਤੂਰ ਹੈ, ਦੂਤਾਵਾਸ ਅਧਿਕਾਰੀ ਉਨ੍ਹਾਂ ਹੀ ਦੇਸ਼ਾਂ ਦੇ ਪ੍ਰਧਾਨ ਮੰਤਰੀ ਦੌਰਿਆਂ 'ਚ ਹਾਜ਼ਰ ਹੋਣ ਲੱਗ ਪੈਣ, ਅਜਿਹਾ ਕਦੇ ਦੇਖਿਆ, ਸੁਣਿਆ ਨਹੀਂ ਗਿਆ।

### ਭਾਰਤੀ ਦੂਤਾਵਾਸ ਦੇ ਅਧਿਕਾਰੀ ਨੇ ਟਰੂਡੋ ਦੇ ਦੌਰੇ ਦੌਰਾਨ ਰੱਖੀ ਪੂਰੀ ਨਿਗ੍ਹਾ

ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਹਫ਼ਤਾ ਭਰ ਫੇਰੀ ਦੌਰਾਨ ਕੈਨੇਡਾ 'ਚ ਭਾਰਤੀ ਦੂਤਾਵਾਸ 'ਚ ਤਾਇਨਾਤ ਇਕ ਸੀਨੀਅਰ ਅਧਿਕਾਰੀ ਦਾ ਪ੍ਰਛਾਵਾਂ ਬਣ ਕੇ ਘੁੰਮਦੇ ਰਹਿਣ ਦੀ ਜ਼ੋਰਦਾਰ ਚਰਚਾ ਹੈ। ਦੂਤਾਵਾਸ 'ਚ ਡਿਪਟੀ ਕਾਸਲੇਟ ਜਨਰਲ ਵਜੋਂ ਤਾਇਨਾਤ, ਪਰ ਕਾਸਲੇਟ ਜਨਰਲ ਨਾ ਹੋਣ ਕਾਰਨ ਸਾਰੀਆਂ ਤਾਕਤਾਂ ਮਾਣ ਰਿਹਾ ਇਹ ਅਧਿਕਾਰੀ ਕੈਨੇਡਾ ਦੇ ਸਿੱਖ ਭਾਈਚਾਰੇ ਵਿਚ ਪਹਿਲਾਂ ਹੀ ਕਾਫੀ ਚਰਚਿਤ ਹੈ। ਦੱਸਿਆ ਜਾਂਦਾ ਹੈ ਕਿ ਜਸਟਿਨ ਟਰੂਡੋ ਦੀ ਫੇਰੀ ਉੱਪਰ ਖਾਲਿਸਤਾਨ ਦੇ ਪ੍ਰਛਾਵੇਂ ਦੀ ਚਾਦਰ ਤਾਣਨ ਲਈ ਇਸ ਅਧਿਕਾਰੀ ਦੀ ਚੋਣ

ਬਾਕੀ ਸਫ਼ਾ 28 'ਤੇ

## ਲੰਡਨ 'ਚ ਲੱਗੇਗਾ ਮਹਾਰਾਜਾ ਰਣਜੀਤ ਸਿੰਘ ਦੀ ਪੋਤਰੀ ਦਾ ਬੁੱਤ

***ਸੰਸਦ ਭਵਨ ਦੇ ਸਾਹਮਣੇ ਲੱਗਣ ਵਾਲੇ ਇਸ ਬੁੱਤ 'ਤੇ ਦਰਜ ਹੋਵੇਗੀ ਰਾਜਕੁਮਾਰੀ ਸੋਫੀਆ ਦਲੀਪ ਸਿੰਘ ਦੀ ਜੀਵਨੀ***

**ਜਲੰਧਰ/ਬਿਊਰੋ ਨਿਊਜ਼:** ਯੂ.ਕੇ. ਵਿਚ ਔਰਤਾਂ ਨੂੰ ਵੋਟ ਦਾ ਹੱਕ ਮਿਲੇ ਨੂੰ 100 ਸਾਲ ਹੋ ਗਏ ਹਨ। ਇਸ ਹੱਕ ਨੂੰ ਦਿਵਾਉਣ ਵਾਲੀ ਮਹਾਰਾਜਾ ਰਣਜੀਤ ਸਿੰਘ ਦੀ ਪੋਤਰੀ ਰਾਜਕੁਮਾਰੀ ਸੋਫੀਆ ਦਲੀਪ ਸਿੰਘ ਦਾ ਜਲਦੀ ਹੀ ਲੰਡਨ ਵਿਚ ਸੰਸਦ ਭਵਨ ਦੇ ਸਾਹਮਣੇ ਬੁੱਤ ਲਗਾਇਆ ਜਾਵੇਗਾ। ਇਸ 'ਤੇ ਉਨ੍ਹਾਂ ਦੀ ਜੀਵਨੀ ਦਰਜ ਹੋਵੇਗੀ। ਉੱਥੇ ਯੂ.ਕੇ. ਸਰਕਾਰ ਨੇ ਰਾਜਕੁਮਾਰੀ ਸੋਫੀਆ ਦੇ ਨਾਂ 'ਤੇ ਬੀਤੇ ਦਿਨੀਂ ਡਾਕ ਟਿਕਟ ਵੀ ਜਾਰੀ ਕੀਤੀ ਸੀ।

**ਸੰਸਦ 'ਚ ਵਧੀ ਔਰਤਾਂ ਦੀ ਗਿਣਤੀ**

ਬ੍ਰਿਟੇਨ ਦੀ ਸੰਸਦ ਵਿਚ ਇਸ ਵਾਰ ਔਰਤਾਂ ਦੀ ਗਿਣਤੀ ਪਹਿਲਾਂ ਨਾਲੋਂ ਵੱਧੀ ਹੈ। ਇਹੀ ਨਹੀਂ, ਇਸ ਸਮੇਂ ਬ੍ਰਿਟੇਨ ਦੀ ਪ੍ਰਧਾਨ ਮੰਤਰੀ (ਥੈਰੇਸਾ ਮੇ) ਵੀ ਇੱਕ ਔਰਤ ਹੀ ਹੈ। ਉੱਥੇ ਪਹਿਲੀ

ਬਾਕੀ ਸਫ਼ਾ 29 'ਤੇ



**ਸ਼ਲਾਘਾਯੋਗ ਕਦਮ : ਸਾਂਸਦ ਢੇਸੀ**

ਯੂ.ਕੇ. ਦੇ ਸਲੱੋ ਹਲਕੇ ਤੋਂ ਸਾਂਸਦ ਤਨਮਨਜੀਤ ਸਿੰਘ ਢੇਸੀ ਦਾ ਕਹਿਣਾ ਹੈ ਕਿ ਸੋਫੀਆ ਦਲੀਪ ਸਿੰਘ ਦੀ ਜੀਵਨੀ ਨੂੰ ਸਾਹਮਣੇ ਲਿਆਉਣਾ ਤੇ ਉਨ੍ਹਾਂ ਦੇ ਨਾਂ ਨਾਲ ਡਾਕ ਟਿਕਟ ਜਾਰੀ ਕਰਨਾ ਇੱਕ ਸ਼ਲਾਘਾਯੋਗ ਕਦਮ ਹੈ। ਆਉਣ ਵਾਲੀ ਪੀੜ੍ਹੀ ਨੂੰ ਪਤਾ ਲੱਗਣਾ ਚਾਹੀਦਾ ਹੈ ਕਿ 100 ਸਾਲ ਪਹਿਲਾਂ ਸੋਫੀਆ ਦਲੀਪ ਸਿੰਘ ਨੇ ਔਰਤਾਂ ਲਈ ਕੀ ਕੀਤਾ ਸੀ। ਹਾਲੇ ਤੱਕ ਤਾਂ ਕਾਫੀ ਲੋਕ ਸੋਫੀਆ ਬਾਰੇ ਜਾਣਦੇ ਤੱਕ ਨਹੀਂ ਹਨ।

### ਪ੍ਰਧਾਨ ਮੰਤਰੀ ਦੀ ਕਾਰ ਅੱਗੇ ਲੰਮੀ ਪੈ ਗਈ ਸੀ ਸੋਫੀਆ

ਲੰਡਨ ਦੇ ਪਾਰਲੀਮੈਂਟ ਸਕਵੇਅਰ ਵਿਚ ਹਾਲੇ ਤੱਕ ਸਿਰਫ਼ ਪੁਰਸ਼ਾਂ ਦੇ ਹੀ ਬੁੱਤ ਲੱਗੇ ਹਨ, ਜਿਸ ਵਿਚ ਮਹਾਤਮਾ ਗਾਂਧੀ ਦਾ ਬੁੱਤ ਵੀ ਸ਼ਾਮਲ ਹੈ। ਯੂ.ਕੇ. ਦੇ ਇਤਿਹਾਸ ਵਿਚ ਸੋਫੀਆ ਦਲੀਪ ਸਿੰਘ ਦੇ ਸੰਘਰਸ਼ ਦੀ ਦਾਸਤਾਨ ਦਰਜ ਹੈ। ਉਸ ਨੇ ਔਰਤਾਂ ਨਾਲ ਜ਼ੁਲਮ ਕਰਨ ਵਾਲੇ ਯੂਕੇ ਦੇ ਪੁਲੀਸ ਅਧਿਕਾਰੀਆਂ ਦੇ ਨਾਲ ਪੂਰਾ ਸਾਹਮਣਾ ਕੀਤਾ। ਉੱਥੇ ਰਾਜਕੁਮਾਰੀ ਸੋਫੀਆ ਨੇ ਯੂ.ਕੇ. ਦੀ ਜਨਤਾ ਵਿਚ ਇਹ ਲਹਿਰ ਪੈਦਾ ਕਰ ਦਿੱਤੀ ਕਿ ਜੇਕਰ ਵੋਟ ਦਾ ਹੱਕ ਨਹੀਂ, ਤਾਂ ਟੈਕਸ ਵੀ ਨਹੀਂ। ਔਰਤਾਂ ਨੂੰ ਵੋਟ ਪਾਉਣ ਦਾ ਹੱਕ ਦਿਵਾਉਣ ਲਈ ਸੋਫੀਆ ਦਲੀਪ ਸਿੰਘ ਏਨਾ ਜ਼ਬਰਦਸਤ ਸੰਘਰਸ਼ ਕਰ ਰਹੀ ਸੀ ਕਿ ਉਸ ਨੇ ਇੱਕ ਵਾਰ ਪ੍ਰਧਾਨ ਮੰਤਰੀ ਦੀ ਕਾਰ ਦੇ ਅੱਗੇ ਲੰਮੇ ਪੈ ਕੇ ਇਸ ਦਾ ਪ੍ਰਦਰਸ਼ਨ ਕੀਤਾ ਸੀ। ਸੋਫੀਆ ਦਲੀਪ ਸਿੰਘ ਦੇ ਸੰਘਰਸ਼ ਦੀ ਸਾਰੀ ਕਹਾਣੀ ਯੂ.ਕੇ. ਦੇ ਇਤਿਹਾਸ ਵਿਚ ਦਰਜ ਹੈ।

# ਕਾਂਗਰਸ ਨੇ ਲੁਧਿਆਣਾ ਨਗਰ ਨਿਗਮ ਉੱਤੇ ਕੀਤਾ ਕਬਜ਼ਾ

### ਚੋਣਾਂ 'ਚ ਹੇਰਾਫੇਰੀਆਂ ਦੇ ਦੋਸ਼ਾਂ ਦੌਰਾਨ 95 ਵਿੱਚੋਂ 62 ਵਾਰਡ ਜਿੱਤੇ

**ਸ਼੍ਰੋਮਣੀ ਅਕਾਲੀ ਦਲ ਨੂੰ 11, ਭਾਜਪਾ ਨੂੰ 10, ਲੋਕ ਇਨਸਾਫ਼ ਪਾਰਟੀ ਨੂੰ 7 ਅਤੇ ਆਪ ਨੂੰ 1 ਵਾਰਡ 'ਚ ਜਿੱਤ ਹਾਸਲ ਹੋਈ, 4 ਆਜ਼ਾਦ ਉਮਦੀਵਾਰ ਸਫ਼ਲ**

**ਲੁਧਿਆਣਾ/ਬਿਊਰੋ ਨਿਊਜ਼:** ਨਗਰ ਨਿਗਮ ਲੁਧਿਆਣਾ ਦੀ ਸਿਆਸਤ ਵਿੱਚ 10 ਸਾਲਾਂ ਬਾਅਦ ਕਾਂਗਰਸ ਪਾਰਟੀ ਨੇ ਜ਼ਬਰਦਸਤ ਵਾਪਸੀ ਕੀਤੀ ਹੈ। ਨਗਰ ਨਿਗਮ ਦੀਆਂ ਚੋਣਾਂ ਵਿੱਚ ਕਾਂਗਰਸ ਨੇ 95 ਵਾਰਡਾਂ ਵਿੱਚੋਂ 62 ਵਾਰਡਾਂ 'ਤੇ ਜਿੱਤ ਹਾਸਲ ਕੀਤੀ। ਇਸ ਤੋਂ ਇਲਾਵਾ ਪਿਛਲੇ 10 ਸਾਲਾਂ ਤੋਂ ਨਗਰ ਨਿਗਮ 'ਤੇ ਰਾਜ ਕਰਨ ਵਾਲੀ ਸ਼੍ਰੋਮਣੀ ਅਕਾਲੀ ਦਲ ਨੂੰ 11 ਵਾਰਡ, ਭਾਰਤੀ ਜਨਤਾ ਪਾਰਟੀ ਨੂੰ 10, ਵਿਧਾਇਕ ਬੈਂਸ ਭਰਾਵਾਂ ਦੀ ਲੋਕ ਇਨਸਾਫ਼ ਪਾਰਟੀ ਨੂੰ 7 ਵਾਰਡ, ਆਜ਼ਾਦ ਨੂੰ 4 ਅਤੇ ਆਮ ਆਦਮੀ ਪਾਰਟੀ ਨੂੰ ਇੱਕ ਵਾਰਡ ਵਿੱਚ ਜਿੱਤ ਮਿਲੀ ਹੈ। ਚੋਣਾਂ ਦੌਰਾਨ ਖਾਸ ਗੱਲ ਇਹ ਰਹੀ ਕਿ ਕਾਂਗਰਸ ਦੇ ਜ਼ਿਆਦਾਤਰ ਉਮੀਦਵਾਰ ਵੱਡੀ ਲੀਡ ਦੇ ਨਾਲ ਜਿੱਤੇ ਜਦਕਿ ਅਕਾਲੀ ਦਲ ਦੇ ਕਈ ਉਮੀਦਵਾਰਾਂ ਦੀ ਜਿੱਤ ਦਾ ਅੰਤਰ 14 ਤੋਂ 20 ਵੋਟਾਂ ਤੱਕ ਦਾ ਰਿਹਾ। ਸੂਬੇ ਦੀ ਵਿਰੋਧੀ ਧਿਰ ਦੀ ਪਾਰਟੀ ਆਮ ਆਦਮੀ ਪਾਰਟੀ ਨੇ 39 ਵਾਰਡਾਂ ਵਿੱਚ ਚੋਣ ਲੜੀ ਸੀ ਤੇ ਸਿਰਫ਼ ਇੱਕ 'ਤੇ ਹੀ ਜਿੱਤ ਹਾਸਲ ਕੀਤੀ ਹੈ। ਉਨ੍ਹਾਂ ਦੱਸਿਆ ਕਿ ਕਾਂਗਰਸ ਨੇ ਵਾਰਡ ਨੰਬਰ 3, 4, 7, 9, 10, 12, 13, 14, 15, 16, 18, 19, 20, 21, 22, 23, 24, 25, 27, 33, 35, 39,

ਬਾਕੀ ਸਫ਼ਾ 28 'ਤੇ















# GLOBAL MULTI SERVICES

## ONE STOP SHOP FOR ALL TRUCKING NEEDS

**Ask for Special Parking Rates. 1st Come 1st Serve.**

**Truck Parking Available for 500+ Trucks**

i5 TRUCK WASH AND REPAIR
GET A SHOWROOM SHINE, EVERY TIME

HOME OF ALL TRUCKING SERVICES
GLOBAL TRUCK TERMINAL

Ph.: 209-986-0338
info@i5truckwash.com
www.i5truckwash.com
1137 S Stockton St, Stockton CA 95206

Ph.: 800-696-3796
info@GlobalTruckTerminal.com
www.GlobalTruckTerminal.com
1801 E Charter Way, Stockton CA 95205

## Services We Offer:

On site IRP Plate - License Plates - IFTA - Fuel Tax Return
New Mexico & Kentucky Permit - Dot - MC Authority - UCR Permits
Corporation Filing - 2290 Filing - Canadian Permits
Title Transfer etc.

General Truck & Trailer Repair - Brakes - Oil Change
BIT Inspection - Annual Inspection - Transmission
Truck & Trailer Alignment - New & Used Tires - Wheel Balancing
DPF Cleaning & Truck Wash etc.

**Call Maneet Deol for more info : 209-982-9996**

# ਸਿੱਖ ਭਾਈਚਾਰੇ ਨੇ ਜਸਵੰਤ ਸਿੰਘ ਖਾਲੜਾ ਪਾਰਕ ਵਿਖੇ ਰੁੱਖ ਲਾਏ





## ਜੈਕਾਰਾ ਜਥੇਬੰਦੀ ਵਲੋਂ ਪਾਰਕ ਵਿੱਚ ਪਤੰਗ ਮੇਲਾ 8 ਅਪ੍ਰੈਲ ਨੂੰ

**ਫਰਿਜ਼ਨੋਂ/ਬਿਊਰੋ ਨਿਊਜ਼:**
ਸਿੱਖ ਨੌਜਵਾਨਾਂ ਨੇ ਮਾਨਵੀ ਅਧਿਕਾਰਾਂ ਸਬੰਧੀ ਲਹਿਰ ਦੇ ਉੱਘੇ ਆਗੂ ਤੇ ਸਿੱਖ ਸੰਘਰਸ਼ ਦੇ ਸ਼ਹੀਦ ਜਸਵੰਤ ਸਿੰਘ ਖਾਲੜਾ ਨੂੰ ਸਮਰਪਿਤ ਪਾਰਕ ਵਿਖੇ ਬੀਤੇ ਦਿਨੀਂ ਭਾਂਤ ਭਾਂਤ ਦੇ ਰੁੱਖ ਲਾਏ। ਵਾਤਾਵਰਣ ਪੱਖੀ ਸੰਸਥਾ ਟਰੀ ਫਰਿਜ਼ਨੋਂ ਨਾਮੀ ਜਥੇਬੰਦੀ ਅਤੇ ਜੈਕਾਰਾ ਦੇ 100 ਦੇ ਕਰੀਬ ਵਾਲੰਟੀਅਰਾਂ ਨੇ ਵਾਤਾਵਰਣ ਸੰਭਾਲ




ਮੁਹਿੰਮ ਤਹਿਤ ਰੁੱਖ ਲਾਉਣ ਦਾ ਇਹ ਸ਼ੁਭ ਕਾਰਜ ਕੀਤਾ ਗਿਆ। ਹਰ ਉਮਰ ਦੇ ਸਿੱਖਾਂ ਨੇ ਪਾਰਕ ਨੂੰ ਹੋਰ ਸੁੰਦਰ ਬਣਾਉਣ ਦੇ ਮਨਸ਼ੇ ਨਾਲ ਵੱਖ ਵੱਖ ਤਰ੍ਹਾਂ ਦੇ ਰੁੱਖ ਲਾਉਣ ਵਾਸਤੇ ਵੱਧ ਚੜ੍ਹ ਕੇ ਸਹਿਯੋਗ ਦਿੱਤਾ। ਜੈਕਾਰਾ ਮੂਵਮੈਂਟ ਨਾਲ ਜੁੜੇ ਹੋਏ ਕਾਲਜਾਂ ਅਤੇ ਸਕੂਲਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਦੇ ਕਲੱਬਾਂ ਦੇ ਮੈਂਬਰ ਸ਼ਨਿਚਰਵਾਰ ਸਵੇਰੇ ਤੋਂ ਹੀ ਪਾਰਕ ਵਿੱਚ ਪੁੱਜ ਕੇ ਰੁੱਖ ਲਾਉਣ ਵਿੱਚ ਜੁੱਟ ਗਏ। ਜੈਕਾਰਾ ਦੀ ਵਾਲੰਟੀਅਰ ਅਤੇ ਸੈਂਟਰਲ ਈਸਟ ਹਾਈ ਸਕੂਲ ਕਲੱਬ ਦੀ ਪ੍ਰਧਾਨ ਸਿਮਰਨ ਸ਼ੇਰਗਿੱਲ ਦੀ ਟਿਪਣੀ ਸੀ, "ਸਾਡੇ ਲਈ ਵਾਤਾਵਰਣ ਦੀ ਸੰਭਾਲ ਬੜੀ ਅਹਿਮ ਹੈ। ਗੁਰਬਾਣੀ ਸਾਨੂੰ ਮਾਤਾ ਧਰਤ ਪ੍ਰਤੀ ਅਪਣੀ ਜੁੰਮੇਵਾਰੀ ਦਾ ਅਹਿਸਾਸ ਕਰਵਾਉਂਦੀ ਹੈ।"



ਜੈਕਾਰਾ ਮੂਵਮੈਂਟ ਫਰਿਜ਼ਨੋ ਸਟੇਟ ਚੈਪਟਰ ਦੇ ਕਾਲਜ ਪੜ੍ਹਦੇ ਕਈ ਮੈਂਬਰਾਂ ਨੇ ਰੁੱਖ ਲਾਓ ਪ੍ਰੋਗਰਾਮ ਵਿੱਚ ਹਿੱਸਾ ਲਿਆ। ਇੰਜੀਨੀਅਰਿੰਗ ਦੇ ਦੂਸਰੇ ਵਰ੍ਹੇ ਦੇ ਵਿਦਿਆਰਥੀ ਮਨਰਾਜ ਸਿੰਘ ਨੇ ਕਿਹਾ ਕਿ ਜਸਵੰਤ ਸਿੰਘ ਖਾਲੜਾ ਪਾਰਕ ਨੂੰ ਸਾਫ਼ ਸੁਧਰਾ ਰੱਖਣਾ ਤੇ ਸਜਾਉਣਾ ਸਾਡੇ ਭਾਈਚਾਰੇ ਦਾ ਫਰਜ਼ ਹੈ। ਅਸੀਂ ਇਸ ਪਾਰਕ ਦਾ ਨਾਂਅ ਸ. ਖਾਲੜਾ ਦੇ ਨਾਂਅ ਉੱਤੇ ਰੱਖੇ ਜਾਣ ਲਈ ਜਦੋਜਹਿਦ ਕੀਤੀ ਅਤੇ ਸਾਡੇ ਇਤਿਹਾਸ ਨੂੰ ਅਮਰੀਕਨ ਭਾਈਚਾਰੇ ਨਾਲ ਸਾਂਝਾ ਕਰਨ ਅਤੇ ਅਸੀਂ ਅਪਣੇ ਗਵਾਂਢੀਆਂ 'ਚ ਸਤਿਕਾਰ ਹਾਸਲ ਕਰਨ ਵਿੱਚ ਕਾਮਯਾਬ ਹੋਏ। ਫਰਿਜ਼ਨੋਂ ਦੇ ਕੌਂਸਲਮੈਨ ਓਲੀਵਰ ਬੈਨਜ, ਜਿਨ੍ਹਾਂ ਨੇ ਪਾਰਕ ਦਾ ਨਾਂਅ ਬਦਲਣ ਲਈ ਉੱਦਮ ਨੂੰ ਅਗਵਾਈ ਦਿੱਤੀ ਸੀ, ਅਤੇ ਸੈਂਟਰਲ ਯੂਨੀਫਾਈਡ ਸਕੂਲ ਡਿਸਟਰਿਕ ਦੀ ਮੈਂਬਰ ਟੈਰੀ ਕੌਅਕਸ ਨੇ ਵੀ ਰੁੱਖ ਲਾਉਣ 'ਚ ਹਿੱਸਾ ਪਾਇਆ। ਸਿੱਖ ਨੌਜਵਾਨਾਂ ਦੀ ਸ਼ਮੂਲੀਅਤ ਸਦਕਾ ਰੁੱਖ ਲਾਉਣ ਦਾ ਇਹ ਕੰਮ ਬਹੁਤ ਕਾਮਯਾਬ ਰਿਹਾ।

ਜੈਕਾਰਾ ਮੂਵਮੈਂਟ ਨੂੰ ਆਸ ਹੈ ਕਿ ਸਾਰਾ ਸਿੱਖ ਭਾਈਚਾਰਾ ਪਾਰਕ ਪ੍ਰਤੀ ਬਹੁਤ ਉਤਸ਼ਾਹਿਤ ਹੈ ਤੇ ਅਜਿਹੇ ਕਾਰਜਾਂ ਸਬੰਧੀ ਹੋਰ ਤਨਦੇਹੀ ਨਾਲ ਕੰਮ ਕਰਨ ਲਈ ਸਰਗਰਮੀ ਵਧਾਏਗਾ।

ਜੈਕਾਰਾ ਵਲੋਂ ਅਪਣੀਆਂ ਸਮਾਜਿਕ ਤੇ ਸਭਿਆਚਾਰਕ ਸਰਗਰਮੀਆਂ ਤਹਿਤ 8 ਅਪ੍ਰੈਲ ਐਤਵਾਰ ਨੂੰ ਇੱਸੇ ਪਾਰਕ ਵਿੱਚ ਪਤੰਗਬਾਜ਼ੀ ਮੇਲਾ ਲਾਇਆ ਜਾ ਰਿਹਾ ਹੈ ਜਿਸ ਵਿੱਚ ਸ਼ਾਮਲ ਹੋਣ ਲਈ ਸਾਰੇ ਭਾਈਚਾਰਿਆਂ ਨੂੰ ਖੁੱਲ੍ਹਾ ਸੱਦਾ ਹੈ। ਵਰਨਣਯੋਗ ਹੈ ਕਿ ਫਰਿਜ਼ਨੋਂ ਸ਼ਹਿਰ ਤੇ ਆਸ ਪਾਸ ਦੇ ਇਲਾਕੇ ਵਿਚਲੇ ਸਿੱਖ ਭਾਈਚਾਰੇ ਅਤੇ ਜੈਕਾਰਾ ਮੂਵਮੈਂਟ ਵਲੋਂ ਕੀਤੇ ਭਰਪੂਰ ਯਤਨਾਂ ਸਦਕਾ ਸ਼ਹਿਰ ਦੇ ਪ੍ਰਬੰਧਕਾਂ ਵਲੋਂ ਅਗਸਤ 2017 ਵਿੱਚ ਇਸ ਪਾਰਕ ਦਾ ਨਾਂਅ ਜਸਵੰਤ ਸਿੰਘ ਖਾਲੜਾ ਪਾਰਕ ਰੱਖਣ ਦਾ ਫੈਸਲਾ ਕੀਤਾ ਗਿਆ ਸੀ।

Travel for Less Inc.
SPECIALIZED IN DISCOUNT FARES WORLDWIDE
INDIA | PAKISTAN | EUROPE
ਅਗਰ ਤੁਸੀ ਇੰਡਿਆਂ ਜਾਣ ਲਈ ਸਸਤੀਆਂ ਟਿਕਟਾ ਲਭ ਰਹੇ ਹੋ ਜਾਂ ਫਿਰ ਤੁਹਾਨੂੰ ਸੀਟ ਮਿਲਣ ਵਿਚ ਦਿਕਤ ਆ ਰਹੀ ਹੈ ਤਾਂ ਸਾਨੂੰ ਇੱਕ ਵਾਰ ਕਾਲ ਜ਼ਰੂਰ ਕਰੋ ਅਸੀ ਹਰੇਕ ਵੱਡੀ ਏਅਰਲਾਈਨ ਦੀਆਂ ਟਿਕਟਾ ਬਹੁਤ ਵਧੀਆ ਰੇਟਾਂ ਤੇ ਵੇਚਦੇ ਹਾਂ।
ASIANA AIRLINES
A STAR ALLIANCE MEMBER
Asiana Airlines Daily Flight To New Delhi
Best deals on major airlines like
ASIANA AIRLINES
CHINA AIRLINES
BRITISH AIRWAYS
CATHAY PACIFIC
virgin atlantic
SINGAPORE AIRLINES
Emirates
الإمارات
ETIHAD AIRWAYS
Lufthansa
QATAR AIRWAYS القطرية
BBB
IATAN
8th time in a row
2016 Best of Fremont Award
CALL US TO GET BEST RATES FOR YOUR AIR TICKETS TO INDIA AND WORLDWIDE.
Best of 2016 Fremont
CST NO : 2031914-40
We have moved to
Serving the Bay Area Since 1996
32116-Alvarado Blvd. Union City, CA-94587
Email: info@travelforlessinc.com
CALL 510-791-3300 Book online 24x7 @ www.Letsflyhome.com

# ਪਾਕਿਸਤਾਨ ਉੱਤੇ ਆਰਥਿਕ ਬੰਦਸ਼ਾਂ ਲਾਗੂ ਕਰਨ ਲਈ ਰਾਹ-ਪੱਧਰਾ

ਇਸਲਾਮਾਬਾਦ/ਨਿਊਜ਼ ਬਿਊਰੋ: ਦਹਿਸ਼ਤਗਰਦਾਂ ਨੂੰ ਮਾਲੀ ਸਹਾਇਤਾ ਮੁਹੱਈਆ ਕਰਾਉਣ ਅਤੇ ਉਸ 'ਤੇ ਨੱਥ ਨਾ ਪਾਉਣ ਦੇ ਮਾਮਲੇ 'ਚ ਕੌਮਾਂਤਰੀ ਨਿਗਰਾਨ ਜਥੇਬੰਦੀ ਨੇ ਪਾਕਿਸਤਾਨ 'ਤੇ ਵਿੱਤੀ ਪਾਬੰਦੀਆਂ ਲਾਉਣ ਦਾ ਫ਼ੈਸਲਾ ਲਿਆ ਹੈ। ਵਿੱਤੀ ਐਕਸ਼ਨ ਟਾਸਕ ਫੋਰਸ (ਐਫਏਟੀਐਫ) ਦੀ ਪੈਰਿਸ 'ਚ ਵੀਰਵਾਰ ਨੂੰ ਹੋਈ ਬੈਠਕ ਦੌਰਾਨ ਪਾਕਿਸਤਾਨ ਨੂੰ ਕਾਲੀ ਸੂਚੀ 'ਚ ਪਾ ਦਿੱਤਾ ਗਿਆ। ਇਕ ਸਰਕਾਰੀ ਅਧਿਕਾਰੀ ਅਤੇ ਕੂਟਨੀਤਕ ਨੇ ਆਪਣਾ ਨਾਮ ਦੱਸਣ ਦੀ ਸ਼ਰਤ 'ਤੇ ਇਸ ਦਾ ਖ਼ੁਲਾਸਾ ਕੀਤਾ। ਇਸ ਤੋਂ ਪਹਿਲਾਂ ਪਾਕਿਸਤਾਨ ਤਿੰਨ ਸਾਲਾਂ ਲਈ 2015 ਤਕ ਵਿੱਤੀ ਪਾਬੰਦੀਆਂ ਦਾ ਸਾਹਮਣਾ ਕਰ ਚੁੱਕਿਆ ਹੈ। ਅਮਰੀਕਾ ਵੱਲੋਂ ਪਿਛਲੇ ਇਕ ਹਫ਼ਤੇ ਤੋਂ ਪਾਕਿਸਤਾਨ ਨੂੰ ਕਾਲੀ ਸੂਚੀ 'ਚ ਪਾਉਣ ਲਈ ਐਫਏਟੀਐਫ ਦੇ ਮੈਂਬਰਾਂ ਮੁਲਕਾਂ ਨੂੰ ਮਨਾਇਆ ਜਾ ਰਿਹਾ ਸੀ। ਫਾਇਨਾਂਸ਼ੀਅਲ ਐਕਸ਼ਨ ਟਾਸਕ ਫੋਰਸ ਉਨ੍ਹਾਂ ਮੁਲਕਾਂ ਨੂੰ ਕਾਲੀ ਸੂਚੀ 'ਚ ਪਾਉਂਦੀ ਹੈ ਜਿਹੜੇ ਦਹਿਸ਼ਤਗਰਦਾਂ ਅਤੇ ਜਥੇਬੰਦੀਆਂ ਨੂੰ ਮਾਲੀ ਮੱਦਦ ਤੋਂ ਰੋਕਣ ਦੇ ਉਪਰਾਲੇ ਨਹੀਂ ਕਰਦੇ ਹਨ। ਕੌਮਾਂਤਰੀ ਜਥੇਬੰਦੀ ਦੇ ਇਸ ਫ਼ੈਸਲੇ ਨਾਲ ਪਾਕਿਸਤਾਨ ਦੇ ਅਰਥਚਾਰੇ ਨੂੰ ਵੱਡਾ ਧੱਕਾ ਲੱਗਣ ਦੇ ਨਾਲ ਨਾਲ ਅਮਰੀਕਾ ਨਾਲ ਰਿਸ਼ਤੇ ਹੋਰ ਵਿਗੜ ਸਕਦੇ ਹਨ। ਅਮਰੀਕੀ ਰਣਨੀਤੀ ਤਹਿਤ ਪਾਕਿਸਤਾਨ 'ਤੇ ਦਬਾਅ ਬਣਾਇਆ ਜਾ ਰਿਹਾ ਹੈ ਤਾਂ ਜੋ ਦਹਿਸ਼ਤਗਰਦਾਂ ਨਾਲ ਉਹ ਆਪਣੇ ਸਬੰਧਾਂ ਨੂੰ ਤੋੜ ਲਏ ਜਿਹੜੇ ਗੁਆਂਢੀ ਮੁਲਕਾਂ ਅਫ਼ਗਾਨਿਸਤਾਨ ਅਤੇ ਭਾਰਤ 'ਚ ਹਮਲਿਆਂ ਨੂੰ ਅੰਜਾਮ ਦੇ ਰਹੇ ਹਨ। ਸ਼ੁਰੂ 'ਚ ਇਹ ਰਿਪੋਰਟਾਂ ਆਈਆਂ ਸਨ ਕਿ ਪਾਕਿਸਤਾਨ ਨੂੰ ਸੂਚੀ 'ਚ ਰੱਖੇ ਜਾਣ ਤੋਂ ਪਹਿਲਾਂ ਉਸ ਨੂੰ ਤਿੰਨ ਮਹੀਨਿਆਂ ਦਾ ਸਮਾਂ ਦਿੱਤਾ ਜਾਵੇਗਾ ਜਿਸ ਨਾਲ ਉਸ ਦੇ ਬੈਂਕਿੰਗ ਅਤੇ ਵਿਦੇਸ਼ੀ ਨਿਵੇਸ਼ ਨੂੰ ਝਟਕਾ ਲੱਗ ਸਕਦਾ ਹੈ। ਉਂਜ ਪਾਕਿਸਤਾਨ ਨੇ ਸੂਚੀ 'ਚ ਰੱਖੇ ਜਾਣ ਤੋਂ ਬਚਣ ਲਈ ਆਖਰੀ ਪਲਾਂ 'ਚ ਦਹਿਸ਼ਤਗਰਦਾਂ ਨਾਲ ਜੁੜੀਆਂ ਕੁਝ ਖ਼ੈਰਾਤੀ ਸੰਸਥਾਵਾਂ ਨੂੰ ਆਪਣੇ ਕਬਜ਼ੇ 'ਚ ਲੈ ਲਿਆ ਸੀ। ਹਫ਼ਤੇ ਦੇ ਸ਼ੁਰੂ 'ਚ ਚੀਨ, ਤੁਰਕੀ ਅਤੇ ਖਾੜੀ ਸਹਿਯੋਗ ਪ੍ਰੀਸ਼ਦ (ਜੀਸੀਸੀ) ਵੱਲੋਂ ਅਮਰੀਕਾ ਦੀ ਅਗਵਾਈ ਹੇਠ ਚਲ ਰਹੀ ਮੁਹਿੰਮ ਦਾ ਵਿਰੋਧ ਕੀਤਾ ਜਾ ਰਿਹਾ ਸੀ ਪਰ ਵੀਰਵਾਰ ਨੂੰ ਦੋਹਾਂ ਨੇ ਆਪਣਾ ਵਿਰੋਧ ਵਾਪਸ ਲੈ ਲਿਆ। ਮੰਗਲਵਾਰ ਨੂੰ ਪਾਕਿਸਤਾਨ ਦੇ ਵਿਦੇਸ਼ ਮੰਤਰੀ ਖਵਾਜਾ ਆਸਿਫ਼ ਨੇ ਟਵੀਟ ਕਰਕੇ ਕਿਹਾ ਸੀ ਕਿ ਪਾਕਿਸਤਾਨ ਨੂੰ ਤਿੰਨ ਮਹੀਨਿਆਂ ਦੀ ਰਾਹਤ ਮਿਲ ਗਈ ਹੈ।

# ਐਚ1-ਬੀ ਵੀਜ਼ਾ ਜਾਰੀ ਕਰਨ ਦੀ ਪ੍ਰਕਿਰਿਆ ਕੀਤੀ ਸਖ਼ਤ

**ਵਾਸ਼ਿੰਗਟਨ/ਬਿਊਰੋ ਨਿਊਜ਼:** ਟਰੰਪ ਪ੍ਰਸ਼ਾਸਨ ਨੇ ਨਵੀਂ ਨੀਤੀ ਦਾ ਐਲਾਨ ਕਰਕੇ ਇਕ ਜਾਂ ਵਧ ਤੀਜੀ ਧਿਰ ਵਾਲੀਆਂ ਕੰਮ ਦੀਆਂ ਥਾਵਾਂ 'ਤੇ ਰੁਜ਼ਗਾਰ ਹਾਸਲ ਕਰਨ ਵਾਲਿਆਂ ਲਈ ਐਚ1-ਬੀ ਵੀਜ਼ੇ ਜਾਰੀ ਕਰਨ ਦੀ ਪ੍ਰਕਿਰਿਆ ਨੂੰ ਸਖ਼ਤ ਬਣਾ ਦਿੱਤਾ ਹੈ। ਇਸ ਕਦਮ ਦਾ ਵੱਡਾ ਅਸਰ ਭਾਰਤੀ ਆਈਟੀ ਕੰਪਨੀਆਂ ਅਤੇ ਉਨ੍ਹਾਂ ਦੇ ਮੁਲਾਜ਼ਮਾਂ 'ਤੇ ਪਏਗਾ। ਨਵੀਂ ਨੀਤੀ ਤਹਿਤ ਕੰਪਨੀ ਨੂੰ ਸਾਬਿਤ ਕਰਨਾ ਪਏਗਾ ਕਿ ਥਰਡ ਪਾਰਟੀ ਵਰਕਸਾਈਟ 'ਤੇ ਐਚ1-ਬੀ ਵੀਜ਼ੇ ਤਹਿਤ ਆਏ ਮੁਲਾਜ਼ਮਾਂ ਨੂੰ ਵਿਸ਼ੇਸ਼ ਕੰਮ ਸੌਂਪਿਆ ਗਿਆ ਹੈ। ਇਸ ਨਾਲ ਤਿੰਨ ਸਾਲ ਤੋਂ ਘੱਟ ਸਮੇਂ ਲਈ ਵੀ ਐਚ1-ਬੀ ਵੀਜ਼ਾ ਜਾਰੀ ਕੀਤਾ ਜਾ ਸਕਦਾ ਹੈ। ਐਚ1-ਬੀ ਵੀਜ਼ਾ ਪ੍ਰੋਗਰਾਮ ਤਹਿਤ ਆਰਜ਼ੀ ਵੀਜ਼ੇ ਦਿੱਤੇ ਜਾਂਦੇ ਹਨ ਜਿਸ ਤਹਿਤ ਕੰਪਨੀਆਂ ਨੂੰ ਉਚੇਰੀ ਹੁਨਰ ਪ੍ਰਾਪਤ ਵਿਦੇਸ਼ੀ ਮਾਹਿਰ ਉਨ੍ਹਾਂ ਖੇਤਰਾਂ 'ਚ ਰੱਖਣ ਦੀ ਇਜਾਜ਼ਤ ਮਿਲਦੀ ਹੈ ਜਿਥੇ ਮਾਹਿਰਾਂ ਦੀ ਘਾਟ ਹੁੰਦੀ ਹੈ। ਭਾਰਤੀ ਆਈਟੀ ਕੰਪਨੀਆਂ, ਜੋ ਐਚ1-ਬੀ ਵੀਜ਼ਿਆਂ ਦੇ ਸਭ ਤੋਂ ਵੱਡੇ ਲਾਭਪਾਤਰੀ ਹਨ, ਦੇ ਵੱਡੀ ਗਿਣਤੀ ਮੁਲਾਜ਼ਮ ਥਰਡ ਪਾਰਟੀ ਵਰਕਸਾਈਟਾਂ 'ਤੇ ਤਾਇਨਾਤ ਹਨ। ਅਮਰੀਕਨ ਬੈਂਕਿੰਗ, ਟਰੈਵਲ ਅਤੇ ਕਮਰਸ਼ੀਅਲ ਸੇਵਾਵਾਂ ਦੀ ਵੱਡੀ ਗਿਣਤੀ ਆਨ ਸਾਈਟ ਭਾਰਤੀ ਆਈਟੀ ਵਰਕਰਾਂ 'ਤੇ ਨਿਰਭਰ ਕਰਦੇ ਹਨ। ਨਵੀਂ ਪਹਿਲਕਦਮੀ ਤਹਿਤ ਅਮਰੀਕੀ ਸਿਟੀਜ਼ਨਸ਼ਿਪ ਐਂਡ ਇੰਮੀਗਰੇਸ਼ਨ ਸਰਵਿਸਿਜ਼ ਨੂੰ ਐਚ1-ਬੀ ਵੀਜ਼ੇ ਮੁਲਾਜ਼ਮ ਨੂੰ ਸਿਰਫ਼ ਥਰਡ ਪਾਰਟੀ ਵਰਕਸਾਈਟ 'ਤੇ ਕੰਮ ਕਰਨ ਦੇ ਵਕਫ਼ੇ ਲਈ ਹੀ ਜਾਰੀ ਕੀਤੇ ਜਾਣਗੇ।


ALL STATE INSURANCE

Allstate You're in good hands.

ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ

AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544



CAPITAL SERVICES

Capital services

ਸਾਰੀਆਂ ਸੇਵਾਵਾਂ ਇਕੋ ਥਾਂ

- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us



HOTHI FREIGHTLINES

HOTHI FREIGHTLINES

ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।

- California to Michigan, New Jersey Florida & Texas
- Dedicated Load (ਪੱਕੇ ਲੋਡ)




- ਪੈਸਿਆਂ ਦਾ ਭੁਗਤਾਨ ਆਪ ਸਾਨੂੰ ਲੋਡ ਡਲਿਵਰ ਕਰਕੇ ਪੇਪਰ ਦਿਉ ਅਤੇ ਆਪਣੇ ਪੈਸੇ ਲਉ।
- ਸਾਡੇ ਡਿਸਪੈਚਰ ਪੰਜਾਬੀ ਅਤੇ ਇੰਗਲਿਸ਼ ਬੋਲਦੇ ਹਨ।

ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ

ਗੁਰਜੀਤ ਸਿੰਘ ਹੋਠੀ (408) 332-9355

248 South Hillview Dr Milpitas CA 95035

# ਸ਼ਾਇਰਾ ਨੀਲਮ ਸੈਣੀ ਨੂੰ ਭਾਰੀ ਸਦਮਾ

## *ਪਤੀ ਲਾਜ ਸੈਣੀ ਦਾ ਸਦੀਵੀ ਵਿਛੋੜਾ*

### ਸਸਕਾਰ ਅਤੇ ਅੰਤਿਮ ਅਰਦਾਸ 3 ਮਾਰਚ ਸ਼ਨਿੱਚਰਵਾਰ ਨੂੰ

**ਫਰਿਮਾਂਟ/ਬਿਊਰੋ ਨਿਊਜ਼:** ਨਾਰਥ ਅਮਰੀਕਾ ਵਿਚਲੇ ਪੰਜਾਬੀ ਸਾਹਿਤਕ ਜਗਤ ਦੀ ਪ੍ਰੌੜ ਮੈਂਬਰ, ਜਾਣੀ ਪਛਾਣੀ ਸ਼ਾਇਰਾ ਤੇ ਲੇਖਿਕਾ ਸ਼੍ਰੀਮਤੀ ਨੀਲਮ ਸੈਣੀ ਨੂੰ ਉਨ੍ਹਾਂ ਦੇ ਜੀਵਨ ਸਾਥੀ ਲ਼ਾਜ ਸੈਣੀ ਦੇ ਬ੍ਰੇਨ ਹੈਮਰੇਜ ਕਾਰਨ ਪਿਛਲੇ ਹਫ਼ਤੇ ਬੁੱਧਵਾਰ, 21 ਫਰਵਰੀ ਨੂੰ ਕਾਇਜ਼ਰ ਹਸਪਤਾਲ, ਸੈਨ ਲੀਐਨਡਰੋ ਵਿਖੇ, ਅਕਾਲ ਚਲਾਣਾ ਕਰ ਜਾਣ ਨਾਲ ਗਹਿਰਾ ਸਦਮਾ ਪੁੱਜਾ ਹੈ।



ਲਾਜ ਸੈਣੀ ਦਾ ਸਸਕਾਰ 3 ਮਾਰਚ, 2018 ਸ਼ਨਿੱਚਰਵਾਰ ਨੂੰ ਸਵੇਰੇ 10:00 ਵਜੇ ਤੋਂ ਦੁਪਹਿਰ 12:00 ਵਜੇ ਤੱਕ CHAPEL OF CHIMES FUNERAL HOME HAYWARD, 32992 Mission Blvd. Haywards, 94544, Ph : 510-471-3363 ਵਿਖੇ ਕੀਤਾ ਜਾਏਗਾ । ਉਪਰੰਤ ਗੁਰਦੁਆਰਾ ਸਾਹਿਬ ਫਰੀਮੌਂਟ ਵਿਖੇ ਉਨ੍ਹਾਂ ਨਮਿੱਤ ਪਾਠ ਦਾ ਅੰਤਿਮ ਅਰਦਾਸ ਰਾਹੀਂ ਕੀਤੀ ਜਾਵੇਗੀ।

**ਵਿਪਸਾਅ ਵਲੋਂ ਦੁੱਖ ਦਾ ਪ੍ਰਗਟਾਵਾ**

ਵਿਸ਼ਵ ਪੰਜਾਬੀ ਸਾਹਿਤ ਅਕਾਡਮੀ (ਵਿਪਸਾਅ) ਨੇ ਸ੍ਰੀ ਲਾਜ ਸੈਣੀ ਦੀ ਬੇਵਕਤੀ ਮੌਤ ਉੱਤੇ ਗਹਿਰਾ ਦੁੱਖ ਪ੍ਰਗਟਾ ਕਰਦਿਆਂ ਕਿਹਾ ਹੈ ਕਿ ਇਸ ਗਹਿਰੇ ਸਦਮੇ ਕਾਰਨ ਸ਼੍ਰੀਮਤੀ ਨੀਲਮ ਸੈਣੀ ਦੇ ਸਿਰ ਤੋਂ ਚਾਨਣ ਬਖੇਰਦੀ ਛੱਤਰ ਛਾਇਆ ਦੇ ਉੱਠ ਜਾਣ ਨਾਲ ਅਸਿਹ, ਸਦੀਵੀ ਅਤੇ ਅਮੁਕ ਸਦਮੇਂ ਦਾ ਸਿਆਹ ਬੱਦਲ ਉਤਰ ਆਇਆ ਹੈ । ਵਿਪਸਾਅ ਦੇ ਉਪ ਪ੍ਰਧਾਨ ਸੁਰਿੰਦਰ ਸਿੰਘ ਸੀਰਤ ਵਲੋਂ ਜਾਰੀ ਲਿਖਤੀ ਪ੍ਰੈਸ ਬਿਆਨ 'ਚ ਨੀਲਮ ਸੈਣੀ ਦਾ ਦੁੱਖ ਵੰਡਾਉਂਦਿਆਂ ਕਿਹਾ ਗਿਆ ਹੈ ਕਿ ਇਸ ਅਨੰਨਤਾਂ ਦੇ ਦੁਖ ਵਿਚ ਅਸੀਂ ਸਾਰੇ ਸ਼ਰੀਕ ਹਾਂ ਅਤੇ ਵਾਹਿਗੁਰੂ ਅੱਗੇ ਅਰਦਾਸ ਕਰਦੇ ਹਾਂ ਕਿ ਉਹਨਾਂ ਨੂੰ ਭਾਣਾ ਮੰਨਣ ਦੀ ਸਹਿਣਸ਼ਕਤੀ ਬਖਸ਼ਣ।

ਵਿਪਸਾ ਦਾ ਮੈਂਬਰ ਹੋਣ ਦੇ ਨਾਲ ਨਾਲ ਸਾਹਿਤਕ ਸੂਝ ਬੂਝ ਰੱਖਣ ਵਾਲੇ ਇਕ ਸੰਜੀਦਾ, ਸੁਹਿਰਦ ਅਤੇ ਹਰਮਨ ਪਿਆਰੇ ਲਾਜ ਦਾ ਵਿਛੋੜਾ ਇਕ ਸਦੀਵੀ ਘਾਟ ਹੈ।

ਅਮਰਜੀਤ ਕੌਰ ਪੰਨੂੰ, ਸਰਬਜੀਤ ਸਿੰਘ ਗਿਲ, ਸੁਰਿੰਦਰ ਸੀਰਤ, ਜਸਵਿੰਦਰ ਸਿੰਘ, ਗੁਲਸ਼ਨ ਦਿਆਲ, ਤਾਰਾ ਸਾਗਰ, ਜਗਜੀਤ ਨੌਸ਼ਹਿਰਵੀ, ਪਰਮਜੀਤ ਕੌਰ ਗਿਲ, ਗੁਰਪਰੀਤ ਕੌਰ, ਪ੍ਰੋ. ਬਲਜਿੰਦਰ ਸਿੰਘ, ਗੁਰਮੀਤ ਸਿੰਘ ਨੇ ਮੌਕੇ ਸਿਰ ਨੀਲਮ ਸੈਣੀ ਅਤੇ ਸਪੁੱਤਰ ਅਭਿਤਾਬ ਸੈਣੀ ਦੇ ਦੁਖਦਾਈ ਵਿਯੋਗੀ ਪਲਾਂ ਵਿਚ ਸਹਿਯੋਗ ਦਿੱਤਾ ।

ਇਸੇ ਦੌਰਾਨ ਵਿਪਸਾਅ ਦੇ ਪ੍ਰਧਾਨ ਸੁਖਵਿੰਦਰ ਕੰਮਬੋਜ, ਕੁਲਵਿੰਦਰ, ਰੇਸ਼ਮ ਸਿੱਧੂ, ਹਰਭਜਨ ਸਿੰਘ ਢਿੱਲੋਂ, ਨੱਨੂ ਸਹੋਤਾ ਅਤੇ ਹੋਰਨਾਂ ਮੈਂਬਰਾਂ ਨੇ ਲ਼ਾਜ ਸੈਣੀ ਦੀਆਂ ਸਿਮਰਿੱਤੀਆਂ ਨੂੰ ਸਾਂਝਿਆਂ ਕਰਦਿਆਂ ਇਸ ਦੁੱਖ ਦੀ ਘੜੀ ਨੂੰ ਨੀਲਮ ਸੈਣੀ ਨਾਲ ਸਾਂਝਿਆਂ ਕਰਦਿਆਂ ਲਾਜ ਸੈਣੀ ਨੂੰ ਸ਼ਰਧਾਂਜਲੀ ਅਰਪਿਤ ਕੀਤੀ।

# ਵਰਲਡ ਸਿਖ ਪਾਰਲੀਮੈਂਟ ਬਾਰੇ ਕੋਈ ਵੀ ਜਥੇਬੰਦੀ ਜਾਂ ਸੱਜਣ ਭੁਲੇਖਾ ਪੈਦਾ ਨਾ ਕਰੇ: ਜਥੇਦਾਰ ਮੰਡ

**ਅੰਮ੍ਰਿਤਸਰ/ਬਿਊਰੋ ਨਿਊਜ਼:** ਸਰਬੱਤ ਖਾਲਸਾ ਵੱਲੋਂ ਅਕਾਲ ਤਖ਼ਤ ਸਾਹਿਬ ਦੇ ਥਾਪੇ ਕਾਰਜ਼ਕਾਰੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਨੇ ਦੇਸ਼ ਵਿਦੇਸ਼ ਦੀਆਂ ਸਿੱਖ ਜਥੇਬੰਦੀਆਂ ਨੂੰ ਹੁਕਮ ਜਾਰੀ ਕਰਦਿਆਂ ਕਿਹਾ ਕਿ 'ਸਰਬੱਤ ਖਾਲਸਾ 2015' ਵਿਚ ਵਰਲਡ ਸਿੱਖ ਪਾਰਲੀਮੈਂਟ ਬਣਾਉਣ ਬਾਰੇ ਜੋ ਮਤਾ ਪਾਸ ਕੀਤਾ ਗਿਆ ਸੀ ਉਸ ਸਬੰਧੀ ਕੋਈ ਵੀ ਸਿੱਖ ਜਥੇਬੰਦੀ ਜਾਂ ਸੱਜਣ ਅਪਹੁਦਰਾਪਣ ਕਰਦਿਆਂ ਭਰਮ ਭੁਲੇਖਾ ਖੜਾ ਨਾ ਕਰੇ ਉਨ੍ਹਾਂ ਕਿਹਾ ਕਿ ਇਹ ਪੰਥਕ ਮਸਲਾ ਜਿਨ੍ਹਾਂ ਦੇ ਅਧਿਕਾਰ ਖੇਤਰ ਵਿਚ ਨਹੀਂ ਹੈ ਉਹ ਇਸ ਸਬੰਧੀ ਇਕੱਠ ਅਤੇ ਬਿਆਨਬਾਜ਼ੀ ਕਰਕੇ ਇਸ ਮਹਾਨ ਸੰਸਥਾ ਨੂੰ ਬਨਣ ਤੋਂ ਪਹਿਲਾ ਹੀ ਸਾਬੋਤਾਜ ਕਰਨਾ ਚਾਹੁੰਦੇ ਹਨ ਜੋ ਹਰਗਿਜ਼ ਬਰਦਾਸਤ ਨਹੀਂ ਹੋਵੇਗਾ।

ਜਥੇਦਾਰ ਮੰਡ ਨੇ ਕਿਹਾ ਕਿ ਇਸ ਸਬੰਧੀ ਅਸੀਂ ਪਹਿਲਾਂ ਵੀ ਬਿਆਨ ਜਾਰੀ ਕਰ ਚੁੱਕੇ ਹਾਂ ਜਿਸ ਉਪਰ ਆਪਣੀ ਮਰਜ਼ੀ ਕਰਨ ਵਾਲਿਆਂ ਨੇ ਗੌਰ ਨਹੀਂ ਕੀਤਾ ਕਈ ਵੀਰ ਤੇ ਜਥੇਬੰਦੀਆਂ ਸਿਰਫ਼ ਆਪਣੀ ਲੀਡਰੀ ਚਮਕਾਉਣ ਲਈ ਵਰਲਡ ਸਿੱਖ ਪਾਰਲੀਮੈਂਟ ਦੇ ਨਾਮ ਉਪਰ ਸਿੱਖ ਸੰਗਤਾਂ ਨੂੰ ਗੁੰਮਰਾਹ ਕਰ ਰਹੇ ਹਨ ਜੋ ਮੰਦਭਾਗਾਂ ਵੀ ਹੈ ।



ਜਥੇਦਾਰ ਭਾਈ ਧਿਆਨ ਸਿੰਘ ਮੰਡ ਨੇ ਕਿਹਾ ਕਿ ਇਸ ਮਾਮਲੇ ਸਬੰਧੀ ਸਰਬੱਤ ਖਾਲਸਾ ਵੱਲੋਂ ਥਾਪੇ ਸਾਰੇ ਸਿੰਘ ਸਹਿਬਾਨ ਆਪਸੀ ਵਿਚਾਰ ਚਰਚਾ ਕਰਕੇ ਹੀ ਕੌਮ ਨੂੰ ਇਸ ਜਥੇਬੰਦੀ ਦੀ ਰੂਪ ਰੇਖਾ ਦੱਸਣਗੇ ਜਥੇਦਾਰ ਮੰਡ ਨੇ ਕਿਹਾ ਕੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਭਾਈ ਜਗਤਾਰ ਸਿੰਘ ਹਵਾਰਾ ਅਤੇ ਦੂਜੇ ਜਥੇਦਾਰ ਸਹਿਬਾਨਾਂ ਨਾਲ ਜਲਦੀ ਸਲਾਹ ਮਸ਼ਵਰਾ ਕਰਕੇ ਇਸ ਸਬੰਧੀ ਸਿੱਖ ਸੰਗਤਾਂ ਨੂੰ ਦਸਿਆ ਜਾਵੇਗਾ। ਦੇਸ਼ ਵਿਦੇਸ਼ ਦੀਆਂ ਇੱਕਾ ਦੁੱਕਾ ਸਿੱਖ ਜਥੇਬੰਦੀਆਂ ਅਤੇ ਸੱਜਣ ਇਸ ਅਤਿ ਸੰਵੇਦਨਸ਼ੀਲ ਪੰਥਕ ਮੁੱਦੇ ਉਪਰ ਰਾਜਨੀਤੀ ਕਰਨ ਤੋਂ ਗੁਰੇਜ਼ ਕਰਨ।

### ਇੰਡਿਆਨਾ ਸੈਨੇਟ ਵਲੋਂ ਸਿੱਖਾਂ ਦੇ ਯੋਗਦਾਨ ਦੀ ਕੀਤੀ ਸ਼ਲਾਘਾ

**ਵਾਸ਼ਿੰਗਟਨ/ਬਿਊਰੋ ਨਿਊਜ਼:** ਅਮਰੀਕਾ ਦੇ ਇੰਡਿਆਨਾ ਸੂਬੇ ਦੀ ਸੈਨੇਟ ਨੇ ਇਕ ਮਤਾ ਪਾਸ ਕਰਕੇ ਸਮੁੱਚੇ ਅਮਰੀਕਾ ਅਤੇ ਇੰਡਿਆਨਾ ਵਿਚ ਸਿੱਖੀ ਦੇ ਮਹੱਤਵਪੂਰਣ ਯੋਗਦਾਨ ਲਈ ਸ਼ਲਾਘਾ ਕੀਤੀ ਹੈ। ਸੈਨੇਟ ਨੇ ਪਿਛਲੇ ਹਫਤੇ ਮਤਾ ਪਾਸ ਕਰਕੇ ਸਵੀਕਾਰ ਕੀਤਾ ਕਿ ਸਿੱਖ ਮਤ, ਜਿਹੜਾ 500 ਸਾਲ ਤੋਂ ਵੀ ਪਹਿਲਾਂ ਹੋਂਦ ਵਿਚ ਆਇਆ ਅਤੇ ਮੌਜੂਦਾ ਸਮੇਂ ਵਿਸ਼ਵ ਵਿਚ ਪੰਜਵਾਂ ਸਭ ਤੋਂ ਵੱਡਾ ਧਰਮ ਹੈ, ਨੇ ਭਗਤੀ ਭਾਵ, ਸੱਚ ਦੇ ਮਾਰਗ 'ਤੇ ਚੱਲਣ, ਮਨੁੱਖੀ ਬਰਾਬਰਤਾ ਅਤੇ ਸਮਾਜਿਕ ਨਿਆਂ ਦਾ ਸੁਨੇਹਾ ਦਿੱਤਾ ਹੈ।

ਮਤੇ ਵਿਚ ਕਿਹਾ ਗਿਆ ਹੈ ਕਿ ਸਿੱਖਾਂ ਦਾ ਵਿਸ਼ਵਾਸ਼ ਹੈ ਕਿ ਪ੍ਰਮਾਤਮਾਂ ਦੀ ਨਜ਼ਰ ਵਿਚ ਸਾਰੇ ਮਨੁੱਖ ਬਰਾਬਰ ਹਨ ਅਤੇ ਮਰਦਾਂ ਤੇ ਔਰਤ ਇਕ ਦਮ ਬਰਾਬਰ ਹਨ। ਸੈਨੇਟਰ ਐਰਨ ਫਰੀਮੈਨ ਵਲੋਂ ਪੇਸ਼ ਮਤਾ 15 ਫਰਵਰੀ ਨੂੰ ਪਾਸ ਕੀਤਾ ਗਿਆ ਸੀ।

# ਪੰਜਾਬੀ ਗੀਤਕਾਰੀ ਮੰਚ ਵੱਲੋਂ ਨੀਲਮ ਸੈਣੀ ਦੇ ਪਤੀ ਦਾ ਬੇਵਕਤੀ ਮੌਤ ਉਤੇ ਅਫ਼ਸੋਸ

**ਸੈਕਰਾਮੈਂਟੋ/ਬਿਊਰੋ ਨਿਊਜ਼:** ਪੰਜਾਬੀ ਗੀਤਕਾਰੀ ਮੰਚ ਕੈਲੀਫੋਰਨੀਆ ਦੇ ਪ੍ਰਧਾਨ ਮੱਖਣ ਲੁਹਾਰ ਤੇ ਜਨਰਲ ਸਕੱਤਰ ਬਿਕਰ ਸਿੰਘ ਕੰਮੇਆਣਾ ਵੱਲੋਂ ਦੁੱਖੀ ਹਿਰਦੇ ਨਾਲ ਲਿਖੇ ਅਫ਼ਸੋਸ ਪੱਤਰ ਰਾਹੀਂ ਉੱਘੀ ਲੇਖਿਕਾ ਨੀਲਮ ਸੈਣੀ ਦੇ ਪਤੀ ਲਾਜ ਸੈਣੀ ਦੇ ਬੇਵਕਤ ਜਹਾਨੋਂ ਤੁਰ ਜਾਣ ਤੇ ਬਹੁਤ ਹੀ ਅਫ਼ਸੋਸ ਤੇ ਗਹਿਰੇ ਦੁੱਖ ਦਾ ਇਜ਼ਹਾਰ ਕੀਤਾ ਗਿਆ ਹੈ। ਲਾਜ ਸੈਣੀ ਦੀ ਇਸ ਬੇਵਕਤ ਮੌਤ ਨਾਲ ਉੱਘੀ ਲੇਖਿਕਾ ਨੀਲਮ ਸੈਣੀ, ਉਸਦੇ ਪਰਿਵਾਰ ਤੇ ਰਿਸ਼ਤੇਦਾਰਾਂ ਨੂੰ ਕਦੇ ਵੀ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਇਸ ਦੁੱਖਦਾਈ ਖਬਰ ਨਾਲ ਕੈਲੀਫੋਰਨੀਆ ਦੇ ਸਮੂਹ ਸਾਹਿਤਕ ਹਲਕਿਆ ਵਿਚ ਸੋਗ ਪਸਰ ਗਿਆ ਹੈ। ਤੇ ਪੰਜਾਬੀ ਗੀਤਕਾਰੀ ਮੰਚ ਤੇ ਮੰਚ ਦੇ ਸਮੂਹ ਮੈਂਬਰ ਇਸ ਅਤਿਅੰਤ ਦੁੱਖ ਦੀ ਘੜੀ ਸਮੇਂ ਉੱਘੀ ਲੇਖਿਕਾ ਨੀਲਮ ਸੈਣੀ ਦੇ ਦੁੱਖ ਵਿਚ ਸ਼ਾਮਿਲ ਹੁੰਦੇ ਹਨ।


Global Solution for Transportation

Global Solution For Transportation ਵਲੋਂ Trucking ਕੰਪਨੀਆਂ ਵਾਸਤੇ ਹੇਠ ਲਿਖੀਆਂ ਸੇਵਾਂਵਾਂ ਉਪਲਭਧ ਹਨ

E Trucking Solution
- Trucking Management Software
- Complete Compliance Management
- Billing
- Dispatch By Phone app
- Accounting
- Maintenance Record

ਨਵੀਆਂ ਕੰਪਨੀਆਂ ਲਈ ਸਪੈਸ਼ਲ ਆਫ਼ਰ ਸਾਰੇ ਪਰਮਿਟ ਕੇਵਲ 99 ਡਾਲਰ 'ਚ
ਕੰਡੀਸ਼ਨ ਅਪਲਾਈ

Global Truck Permits
- Corporation Set Up
- Truck Permits, NY Permits
- License Plates, Kyu Permits
- DOT and ICC -MC Permit
- IFTA Permits, Fuel Tax Filing
- CA -MCP Permits, 2290 Filing



Rajinder Singh Tanda

Call For Our Special Promotion -
All Permits For $99.00 only, For A New Company (condition apply)

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ

Address: 4646 Qantas Ln, Ste B14 Stockton CA 95206

Office - 1-800- 936 4011, 209-636-0880 Cell - (510) 557-6988, Fax - (209) 636 0850

email info@etruckingsolution.com www.etruckingsolution.com



Lakhvir Singh

# JESSIE TAX SERVICES

**We Provide Comprehensive Tax Services**



JASWANT S. JESSIE

Enrolled Agent (EA), NTPI Fellow

**Specializing in:**

- Comprehensive Tax Return Preparation (including international income)
- Individual & All Business Tax Returns (Multiple States)
- Creation of Partnership, LLC & Corporation
- F-BAR, OVDPI & Streamline Filings
- Book keeping, Payroll & Sales Tax
- Audit Representations to IRS, Franchise Tax Board, EDD & Sales Tax

1491 S. Wolfe Road, Sunnyvale, CA 94087 | *By Appointment Only*

**Phone (408) 736-2451 | Fax (408) 736-8626**

Email: jessie@jessietax.com

**www.jessietax.com**


# ‘ਸੁਖਬੀਰ ਪੰਜਾਬ ਨੂੰ 10 ਸਾਲ ਠੱਗਣ ਬਾਅਦ ਹੁਣ ਮਸੀਹਾ ਬਣਨ ਨੂੰ ਫਿਰਦੈ’

## ਬਾਦਲਾਂ ਹੁਣ ਤਾਂ ਭਾਜਪਾ ਵੀ ਦਿਖਾਏਗੀ ਠੈਂਗਾ: ਨਵਜੋਤ ਸਿੱਧੂ

**ਚੰਡੀਗੜ੍ਹ/ਬਿਊਰੋ ਨਿਊਜ਼:** ਪੰਜਾਬ ਦੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਦੋਸ਼ ਲਾਇਆ ਕਿ ਪਿਛਲੇ 10 ਸਾਲਾਂ ਦੌਰਾਨ ਪੰਜਾਬ ਦੇ ਲੋਕਾਂ ਦੇ ਹਿੱਤਾਂ ਨੂੰ ਤਬਾਹ ਕਰਨ ਵਾਲੇ ਅਕਾਲੀ ਆਗੂ ਸੁਖਬੀਰ ਸਿੰਘ ਬਾਦਲ ਵੱਲੋਂ ਹੁਣ ਲੋਕਾਂ ਦਾ ਮਸੀਹਾ ਬਣਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਫੇਰੀ ਮੌਕੇ ਸੁਖਬੀਰ ਸਿੰਘ ਬਾਦਲ ਅਤੇ ਹਰਸਿਮਰਤ ਕੌਰ ਨੂੰ ਨਜ਼ਰਅੰਦਾਜ਼ ਕਰਨ ਤੋਂ ਸਾਬਤ ਹੋ ਗਿਆ ਹੈ ਕਿ ਅਕਾਲੀਆਂ ਤੋਂ ਹੁਣ ਸਿਆਸੀ ਭਾਈਵਾਲ ਵੀ ਮੂੰਹ ਫੇਰ ਰਹੇ ਹਨ। ਉਨ੍ਹਾਂ ਕਿਹਾ ਕਿ ਜੋ ਵਿਅਕਤੀ ਪੰਜਾਬ ਅਤੇ ਇਸ ਦੇ ਬਾਸ਼ਿੰਦਿਆਂ ਨੂੰ ਤਬਾਹ ਕਰਨ ਲਈ ਜ਼ਿੰਮੇਵਾਰ ਹੈ, ਉਹ ਹੁਣ ਪੰਜਾਬ ਵਾਸੀਆਂ ਦਾ ਮਸੀਹਾ ਹੋਣ ਦਾ ਢੌਂਗ ਕਰ ਰਿਹਾ ਹੈ।

# ਭਾਰਤ ਦਾ 227 ਮੈਂਬਰੀ ਦਲ ਰਾਸ਼ਟਰ ਮੰਡਲ ਖੇਡਾਂ ਵਿਚ ਲਵੇਗਾ ਭਾਗ

**ਨਵੀਂ ਦਿੱਲੀ/ਬਿਊਰੋ ਨਿਊਜ਼:**

ਭਾਰਤ ਦਾ 227 ਮੈਂਬਰੀ ਵੱਡਾ ਭਾਰਤੀ ਦਲ ਆਸਟ੍ਰੇਲੀਆ ਦੇ ਗੋਲਡ ਕੋਸਟ ਵਿਚ 4 ਤੋਂ 15 ਅਪ੍ਰੈਲ ਤਕ ਹੋਣ ਵਾਲੀਆਂ ਰਾਸ਼ਟਰਮੰਡਲ ਖੇਡਾਂ ਵਿਚ ਉਤਰੇਗਾ। ਭਾਰਤੀ ਓਲੰਪਿਕ ਸੰਘ (ਆਈ. ਓ. ਏ.) ਦੇ ਮੁਖੀ ਡਾ. ਨਰਿੰਦਰ ਬੱਤਰਾ ਨੇ ਕੇਂਦਰੀ ਖੇਡ ਮੰਤਰੀ ਰਾਜਵਰਧਨ ਸਿੰਘ ਰਾਠੌਰ ਤੇ ਖਿਡਾਰੀਆਂ ਦੀ ਮੌਜੂਦਗੀ ਵਿਚ ਇਥੇ ਇਕ ਪ੍ਰੋਗਰਾਮ ਵਿਚ ਇਹ ਐਲਾਨ ਕੀਤਾ। ਇਸ ਪ੍ਰੋਗਰਾਮ ਵਿਚ ਰੇਮੰਡ ਨੂੰ ਭਾਰਤੀ ਦਲ ਦਾ ਅਧਿਕਾਰਤ ਸਟਾਈਲ ਪਾਰਟਨਰ ਤੇ ਸ਼ਿਵ ਨਰੇਸ਼ ਸਪੋਰਟਸ ਨੂੰ ਅਧਿਕਾਰਤ ਕਿੱਟ ਪਾਰਟਨਰ ਐਲਾਨ ਕੀਤਾ ਗਿਆ। ਭਾਰਤੀ ਦਲ ਵਿਚ ਐਥਲੈਟਿਕਸ ਵਿਚ ਸਭ ਤੋਂ ਵੱਧ 37 ਤੇ ਹਾਕੀ ਵਿਚ 36 ਖਿਡਾਰੀ ਹੋਣਗੇ। ਆਈ. ਓ. ਏ. ਮੁਖੀ ਨੇ ਕਿਹਾ, "2014 ਵਿਚ ਪਿਛਲੀਆਂ ਗਲਾਸਗੋ ਰਾਸ਼ਟਰਮੰਡਲ ਖੇਡਾਂ ਵਿਚ ਅਸੀਂ 64 ਤਮਗੇ ਜਿੱਤੇ ਸਨ ਪਰ ਇਸ ਵਾਰ ਪੂਰੀ ਉਮੀਦ ਹੈ ਕਿ ਗੋਲਡ ਕੋਸਟ ਵਿਚ ਤਮਗਿਆਂ ਦੀ ਗਿਣਤੀ ਗਲਾਸਗੋ ਤੋਂ ਵੱਧ ਹੋਵੇਗੀ।"


# WHITE HAWK TRUCKING INC

***Need Drivers & Owner Operators***

**Dedicated Load (ਪੱਕੇ ਲੋਡ)**

**Immediate Payment Option**

**West Coast I-5 Route**




- ਸਾਡੇ ਸਾਰੇ ਟਰੱਕ ਨਵੇਂ ਹਨ • ਪੇਪਰ ਦਿਓ ਪੈਸੇ ਲਓ • Home Time ਵੀ ਦਿੰਦੇ ਹਾਂ
- ਡਰਾਇਵਰਾਂ ਦਾ ਕੋਈ ਵੀ ਪੈਸਾ ਥੱਲੇ ਨਹੀਂ ਰੱਖਿਆ ਜਾਂਦਾ • We Sell New & Used Tires
- Minor to Major Repair • Rebuild Engine Transmission DEF, DPF Cleaning
- Any kind of Road Service • Computer Diagnose

***Call for more Info:***

**Phone: (209) 242-9569, (209) 564-8899, (209) 345-6968**

**2101 MARTIN LUTHER KING JR WAY STOCKTON, CA 95205**



ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ Weekly Punjabi Newspaper

Corporate Office
4127 Bay Street, Suite 8
Fremont, CA 94538
Email: asrtimes@gmail.com

ਵਧੇਰੇ ਜਾਣਕਾਰੀ ਤੇ ਖ਼ਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh



ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ਮੋਦੀ ਕਹਿੰਦਾ : ਭਾਰਤ ਦੀ ਏਕਤਾ ਨੂੰ ਚੁਣੌਤੀ ਬਰਦਾਸ਼ਤ ਨਹੀ ਕਰਾਂਗੇ

## ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨਾਲ ਸਾਂਝੀ ਪ੍ਰੈਸ ਕਾਨਫਰੰਸ ਮੌਕੇ ਧਰਮ ਨੂੰ ਸਿਆਸੀ ਟੀਚਿਆਂ ਲਈ ਵਰਤਣ ਵਿਰੁਧ ਚਿਤਾਵਨੀ

**ਨਵੀਂ ਦਿੱਲੀ/ਬਿਊਰੋ ਨਿਊਜ਼:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ੁਕਰਵਾਰ ਨੂੰ ਇਥੇ ਆਪਣੇ ਕੈਨੇਡੀਅਨ ਹਮਰੁਤਬਾ ਜਸਟਿਨ ਟਰੂਡੋ ਨਾਲ ਸਾਂਝੀ ਪ੍ਰੈਸ ਕਾਨਫਰੰਸ ਦੌਰਾਨ ਦ੍ਰਿੜ੍ਹ ਸੁਨੇਹਾ ਦਿੰਦਿਆਂ ਆਖਿਆ ਕਿ ਭਾਰਤ ਦੀ ਪ੍ਰਭੂਤਾ ਤੇ ਏਕਤਾ ਲਈ ਚੁਣੌਤੀ ਪੈਦਾ ਕਰਨ ਵਾਲਿਆਂ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਦੀ ਇਸ ਟਿੱਪਣੀ ਨੂੰ ਕੈਨੇਡਾ ਦੇ ਖ਼ਾਲਿਸਤਾਨੀਆਂ ਪ੍ਰਤੀ ਨਰਮ ਰੁਖ਼ 'ਤੇ ਤਿੱਖੀ ਚੋਟ ਵਜੋਂ ਦੇਖਿਆ ਜਾ ਰਿਹਾ ਹੈ।

ਇਸ ਤੋਂ ਪਹਿਲਾਂ ਦੋਵਾਂ ਪ੍ਰਧਾਨ ਮੰਤਰੀਆਂ ਨੇ ਵੱਖ-ਵੱਖ ਮੁੱਦਿਆਂ 'ਤੇ ਵਿਆਪਕ ਗੱਲਬਾਤ ਕੀਤੀ। ਰਾਸ਼ਟਰਪਤੀ ਭਵਨ ਵਿੱਚ ਸ੍ਰੀ ਟਰੂਡੋ ਦਾ ਰਸਮੀ ਸਵਾਗਤ ਕੀਤਾ ਗਿਆ, ਜਿਸ ਦੌਰਾਨ ਸ੍ਰੀ ਮੋਦੀ ਨੇ ਉਨ੍ਹਾਂ ਦਾ ਗਲਵੱਕੜੀ ਪਾ ਕੇ ਨਿੱਘਾ ਸਵਾਗਤ ਕੀਤਾ। ਸ੍ਰੀ ਮੋਦੀ ਨੇ ਆਖਿਆ, "ਧਰਮ ਨੂੰ ਸਿਆਸੀ ਟੀਚਿਆਂ ਲਈ ਵਰਤਣ ਤੇ ਫੁੱਟ ਪਾਉਣ ਵਾਲਿਆਂ ਲਈ ਸਮਾਜ ਵਿੱਚ ਕੋਈ ਥਾਂ ਨਹੀਂ ਹੋਣੀ ਚਾਹੀਦੀ। ਜੋ ਵੀ ਸਾਡੇ ਮੁਲਕਾਂ ਦੀ ਪ੍ਰਭੂਤਾ, ਏਕਤਾ ਤੇ ਅਖੰਡਤਾ ਨੂੰ ਵੰਗਾਰਨਗੇ, ਉਨ੍ਹਾਂ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।" ਗੱਲਬਾਤ ਤੋਂ ਬਾਅਦ ਦੋਵਾਂ ਧਿਰਾਂ ਨੇ ਊਰਜਾ, ਸੂਚਨਾ ਤਕਨਾਲੋਜੀ, ਵਪਾਰ, ਸਾਇੰਸ ਤੇ ਖੇਡਾਂ ਆਦਿ ਵਿੱਚ ਸਹਿਯੋਗ ਵਧਾਉਣ ਲਈ ਛੇ ਸਮਝੌਤਿਆਂ 'ਤੇ ਵੀ ਸਹੀ ਪਾਈ। ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੇ ਵੀ ਸ੍ਰੀ ਟਰੂਡੋ ਨਾਲ ਗੱਲਬਾਤ ਕੀਤੀ। ਸ੍ਰੀ ਮੋਦੀ ਨੇ ਕਿਹਾ ਕਿ ਉਨ੍ਹਾਂ ਤੇ ਸ੍ਰੀ ਟਰੂਡੋ ਦਰਮਿਆਨ ਦਹਿਸ਼ਤਗਰਦੀ ਤੇ ਵੱਖਵਾਦ ਦੇ ਟਾਕਰੇ ਲਈ ਰਜ਼ਾਮੰਦੀ ਬਣੀ ਹੈ। ਦੋਵਾਂ ਮੁਲਕਾਂ ਦੇ ਕੌਮੀ ਸਲਾਮਤੀ ਸਲਾਹਕਾਰਾਂ ਨੇ 'ਦਹਿਸ਼ਤਗਰਦੀ ਅਤੇ ਹਿੰਸਕ ਵੱਖਵਾਦ ਦੇ ਟਾਕਰੇ ਲਈ ਸਹਿਯੋਗ ਸਬੰਧੀ ਰੂਪ-ਰੇਖਾ' ਨੂੰ ਅੰਤਿਮ ਰੂਪ ਦਿੱਤਾ ਹੈ। ਇਸ ਦਸਤਾਵੇਜ਼ ਵਿੱਚ ਬੱਬਰ ਖ਼ਾਲਸਾ ਇੰਟਰਨੈਸ਼ਨਲ, ਸਿੱਖ ਯੂਥ ਫੈਡਰੇਸ਼ਨ ਤੋਂ ਇਲਾਵਾ ਲਸ਼ਕਰੇ-ਤੋਇਬਾ ਅਤੇ ਆਧਾਰਤ ਜੈਸ਼-ਏ-ਮੁਹੰਮਦ ਆਦਿ ਤੋਂ ਦਰਪੇਸ਼ ਦਹਿਸ਼ਤੀ ਖ਼ਤਰਿਆਂ ਨੂੰ ਨਾਕਾਮ ਕਰਨ ਦਾ ਅਹਿਦ ਕੀਤਾ ਹੈ। ਇਸ ਦੌਰਾਨ ਕੈਨੇਡੀਅਨ ਮੀਡੀਆ ਰਿਪੋਰਟਾਂ ਮੁਤਾਬਕ ਕੈਨੇਡਾ ਦੀ ਖ਼ੁਫ਼ੀਆ ਏਜੰਸੀ ਨੂੰ ਜਸਪਾਲ ਅਟਵਾਲ ਵੱਲੋਂ ਸ੍ਰੀ ਟਰੂਡੋ ਦੇ ਸਮਾਗਮਾਂ ਵਿੱਚ ਸ਼ਮੂਲੀਅਤ ਕੀਤੇ ਜਾਣ ਦੇ ਮਾੜੇ ਸਿੱਟਿਆਂ ਬਾਰੇ ਖ਼ਬਰਦਾਰ ਕੀਤਾ ਗਿਆ ਸੀ। ਗ਼ੌਰਤਲਬ ਹੈ ਕਿ ਸਜ਼ਾਯਾਫ਼ਤਾ ਖ਼ਾਲਿਸਤਾਨੀ ਅਟਵਾਲ ਨੂੰ ਬੀਤੇ ਦਿਨ ਇਥੇ ਕੈਨੇਡੀਅਨ ਹਾਈ ਕਮਿਸ਼ਨ ਵਿੱਚ ਰਾਤਰੀ ਭੋਜ ਲਈ ਸੱਦਾ ਦਿੱਤੇ ਜਾਣ ਕਾਰਨ ਵਿਵਾਦ ਪੈਦਾ ਹੋ ਗਿਆ ਸੀ। ਰਿਪੋਰਟਾਂ ਮੁਤਾਬਕ ਅਟਵਾਲ ਬਾਰੇ ਕੈਨੇਡੀਅਨ ਸਕਿਉਰਿਟੀ ਇੰਟੈਲੀਜੈਂਸ ਸਰਵਿਸ (ਸੀਐਸਆਈਐਸ) ਨੂੰ ਇਹ ਜਾਣਕਾਰੀ 17 ਫਰਵਰੀ ਨੂੰ ਦਿੱਤੀ ਗਈ ਸੀ।



### ਟਰੂਡੋ ਨੇ ਤੋਹਫੇ ਵਜੋਂ ਦਿੱਤਾ ਯਾਦਗਾਰੀ ਸਿੱਕਾ

ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨ ਆਏ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੂੰ ਇੱਕ ਯਾਦਗਾਰੀ ਸਿੱਕਾ ਯਾਦਗਾਰੀ ਸਿੱਕਾ ਤੋਹਫ਼ੇ ਵਜੋਂ ਦਿੱਤਾ ਹੈ। ਇਹ ਸੁਨਹਿਰੀ ਸਿੱਕਾ ਪ੍ਰਧਾਨ ਮੰਤਰੀ ਨੇ ਸ੍ਰੀ ਲੌਂਗੋਵਾਲ ਨੂੰ ਉਸ ਵੇਲੇ ਦਿੱਤਾ ਜਦੋਂ ਸ਼੍ਰੋਮਣੀ ਕਮੇਟੀ ਵੱਲੋਂ ਉਨ੍ਹਾਂ ਨੂੰ ਸ੍ਰੀ ਦਰਬਾਰ ਸਾਹਿਬ ਦੇ ਸੂਚਨਾ ਕੇਂਦਰ ਵਿੱਚ ਸਨਮਾਨਿਤ ਕੀਤਾ ਜਾ ਰਿਹਾ ਸੀ। ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਦੱਸਿਆ ਕਿ ਇਸ ਸੁਨਹਿਰੀ ਸਿੱਕੇ 'ਤੇ ਮੈਪਲ ਦਰੱਖ਼ਤ ਉਕਰਿਆ ਹੋਇਆ ਹੈ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਇਸ ਯਾਦਗਾਰੀ ਸਿੱਕੇ ਨੂੰ ਕੇਂਦਰੀ ਸਿੱਖ ਅਜਾਇਬਘਰ ਵਿੱਚ ਰੱਖਣ ਦਾ ਆਦੇਸ਼ ਕੀਤਾ ਹੈ ਅਤੇ ਇਸ ਕਾਰਜ ਲਈ ਉਨ੍ਹਾਂ ਇਹ ਸਿੱਕਾ ਆਪਣੇ ਨਿੱਜੀ ਸਹਾਇਕ ਜਗਜੀਤ ਸਿੰਘ ਜੱਗੀ ਨੂੰ ਸੌਂਪ ਦਿੱਤਾ ਹੈ।

# ਵਿਦੇਸ਼ੀ ਸਿੱਖਾਂ ਨੂੰ ਕੈਨੇਡਾ ਦੇ ਪ੍ਰਧਾਨ ਮੰਤਰੀ ਟਰੂਡੋ ਦੇ ਦੌਰੇ ਤੋਂ ਵੱਡੀਆਂ ਆਸਾਂ

**ਅੰਮ੍ਰਿਤਸਰ/ਬਿਊਰੋ ਨਿਊਜ਼:** ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਅਤੇ ਉਨ੍ਹਾਂ ਦੇ ਪਰਿਵਾਰ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਅਤੇ ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨਿੱਘਾ ਸਵਾਗਤ ਕੀਤੇ ਜਾਣ ਤੋਂ ਬਾਅਦ ਸ਼੍ਰੋਮਣੀ ਕਮੇਟੀ ਨੂੰ ਆਸ ਹੈ ਕਿ ਇਹ ਦੌਰਾ ਵਿਸ਼ਵ ਭਰ ਵਿੱਚ ਵਸਦੇ ਸਿੱਖ ਭਾਈਚਾਰੇ ਨੂੰ ਦਰਪੇਸ਼ ਸਮੱਸਿਆਵਾਂ ਦੇ ਹੱਲ ਲਈ ਮਦਦਗਾਰ ਸਾਬਤ ਹੋਵੇਗਾ। ਕਮੇਟੀ ਨੂੰ ਆਸ ਹੈ ਕਿ ਇਸ ਦੌਰੇ ਨਾਲ ਸਿੱਖ ਸਬੰਧਾਂ ਬਾਰੇ ਚਰਚਾ ਦਾ ਦੌਰ ਸ਼ੁਰੂ ਹੋਵੇਗਾ, ਜਿਸ ਨਾਲ ਸਿੱਖ ਧਰਮ ਅਤੇ ਕੌਮ ਬਾਰੇ ਵੀ ਪ੍ਰਚਾਰ ਹੋਵੇਗਾ। ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਕਿਹਾ ਕਿ ਇਸ ਦੌਰੇ ਨਾਲ ਵਿਸ਼ਵ ਪੱਧਰ 'ਤੇ ਸਿੱਖਾਂ ਬਾਰੇ ਚਰਚਾ ਹੋਵੇਗੀ ਜਿਸ ਨਾਲ ਸਿੱਖ ਪਛਾਣ ਦੀ ਸਮੱਸਿਆ ਹੱਲ ਕਰਨ 'ਚ ਮਦਦ ਮਿਲੇਗੀ। ਉਨ੍ਹਾਂ ਕਿਹਾ ਕਿ ਜਦੋਂ ਸੂਚਨਾ ਕੇਂਦਰ ਵਿੱਚ ਪ੍ਰਧਾਨ ਮੰਤਰੀ ਟਰੂਡੋ ਨੂੰ ਸਨਮਾਨਿਤ ਕੀਤਾ ਜਾ ਰਿਹਾ ਸੀ ਤਾਂ ਉਸ ਵੇਲੇ ਉਨ੍ਹਾਂ ਦੇ ਦੋ ਬੱਚਿਆਂ ਨੂੰ ਸ੍ਰੀ ਹਰਿਮੰਦਰ ਸਾਹਿਬ ਦੇ ਮਾਡਲ ਦਿੱਤੇ ਗਏ। ਇਸ ਮੌਕੇ ਪ੍ਰਧਾਨ ਮੰਤਰੀ ਨੇ ਖ਼ੁਦ ਆਪਣੇ ਤੀਜੇ ਬੱਚੇ ਲਈ ਵੀ ਮਾਡਲ ਦੇਣ ਦੀ ਮੰਗ ਕੀਤੀ। ਉਨ੍ਹਾਂ ਆਪਣੇ ਬੱਚਿਆਂ ਨੂੰ ਆਖਿਆ ਕਿ ਉਹ ਘਰ ਪਰਤ ਕੇ ਆਪਣੇ ਸਕੂਲ ਅਤੇ ਹੋਰ ਸਾਥੀਆਂ ਨੂੰ ਇਸ ਬਾਰੇ ਜ਼ਰੂਰ ਦੱਸਣ। ਉਨ੍ਹਾਂ ਕਿਹਾ ਕਿ ਜਦੋਂ ਪ੍ਰਧਾਨ ਮੰਤਰੀ ਨੂੰ ਸ੍ਰੀ ਸਾਹਿਬ ਭੇਟ ਕਰਨ ਦਾ ਫ਼ੈਸਲਾ ਕੀਤਾ ਗਿਆ ਤਾਂ ਉਸ ਵੇਲੇ ਸੁਰੱਖਿਆ ਅਮਲੇ



ਵੱਲੋਂ ਕ੍ਰਿਪਾਨ ਦੀ ਮਹੱਤਤਾ ਬਾਰੇ ਪੁੱਛਿਆ ਗਿਆ, ਜਿਸ ਨਾਲ ਉਨ੍ਹਾਂ ਨੂੰ ਸਿੱਖ ਧਰਮ ਵਿੱਚ ਸ੍ਰੀ ਸਾਹਿਬ ਦੀ ਮਹੱਤਤਾ ਬਾਰੇ ਪਤਾ ਲੱਗਾ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨੇ ਆਪਣੇ ਨਿੱਜੀ ਫੇਸਬੁੱਕ ਖਾਤੇ 'ਤੇ ਵੀ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਮੌਕੇ ਸ਼੍ਰੋਮਣੀ ਕਮੇਟੀ ਵੱਲੋਂ ਦਿੱਤੇ ਗਏ ਮਾਣ-ਸਨਮਾਨ ਦਾ ਜ਼ਿਕਰ ਕੀਤਾ ਹੈ।


A-ONE EXPRESS

ਸਾਨੂੰ ਤਜ਼ਰਬੇਕਾਰ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨਾਰਥ-ਈਸਟ, ਸਾਊਥ-ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖ਼ਾਹ ਸਮੇਂ ਸਿਰ
- 50% ਹੁੱਕ ਡਰਾਪ
- ਨਵੇਂ 2015, 2016 ਅਤੇ 2017 ਮਾਡਲ ਦੇ ਟਰੱਕ ਚਲਾਓ, ਬਰੇਕ ਡਾਊਨ ਤੋਂ ਬਚੋ ਤੇ ਚੰਗੇ ਪੈਸੇ ਕਮਾਓ
- Excellent Payment
- Easy Aboard ELD Logbook



MC NO. # 464630

6120 Faith Home Rd Ceres, CA 95307

TAX ID #32-0065398

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

TOLL FREE 888.725.7441 OFFICE : 209.537.0975 FAX : 209.537.0375

# ਮੈਂ ਖਾਲਿਸਤਾਨੀ ਨਹੀਂ : ਜਸਪਾਲ ਸਿੰਘ ਅਟਵਾਲ

**ਸਰੀ/ਬਿਊਰੋ ਨਿਊਜ਼:** ਸਰੀ ਨਿਵਾਸੀ ਜਸਪਾਲ ਸਿੰਘ ਅਟਵਾਲ, ਜਿਸਦੇ ਕਾਰਨ ਟਰੂਡੋ ਦੀ ਫੇਰੀ ਵਿਵਾਦਾਂ 'ਚ ਘਿਰੀ ਰਹੀ, ਨੇ ਸਪੱਸ਼ਟ ਕੀਤਾ ਹੈ ਕਿ ਉਹ ਕੋਈ ਖਾਲਿਸਤਾਨੀ ਨਹੀਂ। ਅਟਵਾਲ ਨੇ ਸਪੱਸ਼ਟ ਕੀਤਾ ਕਿ ਇਹ ਸੱਚ ਹੈ ਕਿ 32 ਸਾਲ ਪਹਿਲਾਂ ਕੈਨੇਡਾ ਵਿਚ 1986 ਵਿੱਚ ਇਕ ਗੋਲੀਬਾਰੀ ਦੀ ਘਟਨਾ ਵਿੱਚ ਉਸ ਨੂੰ ਸਜ਼ਾ ਹੋਈ ਸੀ। 1984 ਦੇ ਫੌਜੀ ਹਮਲੇ ਕਾਰਨ ਉਦੋਂ ਸਿੱਖਾਂ 'ਚ ਬਹੁਤ ਗੁੱਸਾ ਸੀ। ਉਸਨੇ ਜੋ ਗਲਤੀ ਕੀਤੀ, ਉਸਦੀ ਸਜ਼ਾ ਭੁਗਤਣ ਉਪਰੰਤ ਉਹ ਇਕ ਚੰਗਾ ਸ਼ਹਿਰੀ ਬਣ ਚੁੱਕਾ ਹੈ ਤੇ ਉਸਦਾ ਖਾਲਿਸਤਾਨੀ ਲਹਿਰ ਨਾਲ ਕੋਈ ਸਬੰਧ ਨਹੀਂ।

ਸਿੱਖ ਦੀ ਭਰਵੀਂ ਵਸੋਂ ਵਾਲੇ ਸ਼ਹਿਰ ਸਰੀ ਤੋਂ ਛਪਦੇ ਅਕਾਲ ਗਾਰਡੀਅਨ ਅਖ਼ਬਾਰ ਦੀ ਰਿਪੋਰਟ ਅਨੁਸਾਰ ਅਟਵਾਲ ਨੇ ਸਪੱਸ਼ਟ ਕੀਤਾ ਕਿ ਉਹ ਪ੍ਰਧਾਨ ਮੰਤਰੀ ਵਫਦ ਵਿਚ ਸ਼ਾਮਿਲ ਨਹੀਂ ਹੈ। ਉਹ ਆਪਣੇ ਕਿਸੇ ਕੰਮ ਲਈ ਇਸ 11 ਫਰਵਰੀ ਨੂੰ ਭਾਰਤ ਆਇਆ ਸੀ। ਉਸ ਦਾ ਨਾਮ ਕਿਸੇ ਵੀ ਭਾਰਤੀ ਕਾਲੀ ਸੂਚੀ ਵਿਚ ਸ਼ਾਮਿਲ ਨਹੀਂ ਹੈ।

ਇਸ ਇਲਾਕੇ 'ਚ ਪੁਰਾਣੇ ਵਸਦੇ ਲੋਕ ਜਾਣਦੇ ਹਨ ਕਿ ਜਸਪਾਲ ਅਟਵਾਲ ਦੀ ਪਿਛਲੇ 20 ਸਾਲਾਂ 'ਚ ਕੋਈ ਵੀ ਖਾਲਿਸਤਾਨੀ ਪੱਖੀ ਸਰਗਰਮੀ ਨਹੀਂ ਰਹੀ। ਉਹ ਨਾ ਕਿਸੇ ਖਾਲਿਸਤਾਨ ਸਮਰਥਕ ਜਥੇਬੰਦੀ ਦਾ ਮੈਂਬਰ ਰਿਹਾ ਅਤੇ ਨਾ ਹੀ ਕਿਸੇ ਅਜਿਹੇ ਗੁਰਦੁਆਰੇ ਦਾ ਪ੍ਰਬੰਧਕ, ਜੋ ਖਾਲਿਸਤਾਨ ਦਾ ਸਮਰਥਨ ਕਰਦਾ ਹੋਵੇ। ਇਸਦੇ ਉਲਟ ਉਸਦੀ ਭਾਰਤ ਪੱਖੀ ਸਥਾਨਕ ਆਗੂਆਂ ਅਤੇ ਭਾਰਤੀ ਕੌਂਸਲਖਾਨੇ ਦੇ ਅਧਿਕਾਰੀਆਂ ਨਾਲ ਚੰਗੀ ਜਾਣ-ਪਛਾਣ ਹੈ। 2006 ਵਿੱਚ ਵੀ ਉਸਨੂੰ ਵੀਜ਼ਾ ਦਿਵਾਉਣ ਲਈ ਭਾਰਤ ਪੱਖੀ ਆਗੂ ਉੱਜਲ ਦੁਸਾਂਝ ਨੇ ਕੋਸ਼ਿਸ਼ ਕੀਤੀ ਸੀ ਅਤੇ ਇਤੋਂ ਇਲਾਵਾ ਭਾਰਤੀ ਐਮ. ਪੀ. ਸੁਖਦੇਵ ਸਿੰਘ ਢੀਂਡਸਾ ਅਤੇ ਰਣਜੀਤ ਸਿੰਘ ਬ੍ਰਹਮਪੁਰਾ ਨੇ ਵੀ ਉਸਨੂੰ ਵੀਜ਼ਾ ਦਿਵਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਸਨ। ਉਸਦਾ ਨਾਮ ਹੁਣੇ ਹੀ ਕਾਲੀ ਸੂਚੀ 'ਚੋਂ ਨਹੀਂ ਨਿਕਲਿਆ, ਬਲਕਿ ਕੁਝ ਸਮੇਂ ਦਾ ਨਿਕਲਿਆ ਹੋਇਆ ਹੈ ਅਤੇ ਉਹ ਇਸਤੋਂ ਪਹਿਲਾਂ ਵੀ ਭਾਰਤ ਜਾ ਚੁੱਕਾ ਹੈ। ਜਸਪਾਲ ਅਟਵਾਲ ਦੇ ਮਸਲੇ ਨੂੰ ਮਸਾਲਾ ਲਾ ਕੇ ਕੈਨੇਡਾ ਅਤੇ ਭਾਰਤ ਦੇ ਮੀਡੀਏ ਵਿੱਚ ਬੈਠੇ ਸਿੱਖ ਵਿਰੋਧੀ ਸੋਚ ਵਾਲੇ ਪੱਤਰਕਾਰਾਂ ਨੇ ਉਛਾਲਿਆ ਤਾਂ ਕਿ ਇਸ ਤਰਾਂ ਟਰੂਡੋ ਨੂੰ ਖਾਲਸਿਤਾਨੀ ਸਮਰਥਕ ਸਿੱਧ ਕੀਤਾ ਜਾ ਸਕੇ ਪਰ ਇੱਕ ਦਿਨ ਵਿੱਚ ਹੀ ਇਹ ਅਸਲੀਅਤ ਤੱਥਾਂ ਸਹਿਤ ਬਾਹਰ ਆ ਗਈ ਕਿ ਜਸਪਾਲ ਅਟਵਾਲ ਖਾਲਿਸਤਾਨੀ ਨਹੀਂ ਹੈ।

## ਮੋਦੀਕਿਆਂ ਦੇ ਅਕਾਲੀਆਂ ਦਾ ਬੰਦਾ



ਇਹ ਤਸਵੀਰ ਪਿਛਲੇ ਸਾਲ ਦੀ ਹੈ, ਜਿਸ ਵਿੱਚ ਭਾਰਤੀ ਮੀਡੀਏ ਵੱਲੋਂ ਖਾਲਸਤਾਨੀ ਐਲਾਨੇ ਗਏ ਜਸਪਾਲ ਸਿੰਘ ਅਟਵਾਲ ਨੂੰ ਦਿੱਲੀ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀਕੇ ਦਿੱਲੀ ਵਿੱਚ ਸਨਮਾਨਿਤ ਕਰ ਰਹੇ ਹਨ। ਮਤਲਬ ਕਿ ਜਸਪਾਲ ਤਾਂ ਪਿਛਲੇ ਸਾਲ ਵੀ ਦਿੱਲੀ 'ਚ ਸੀ, ਕਾਲੀ ਸੂਚੀ 'ਚ ਨਹੀਂ ਸੀ।

ਕੈਨੇਡੀਅਨ ਸੁਰੱਖਿਆ ਅਧਿਕਾਰੀ ਇਹ ਗੱਲ ਸਪੱਸ਼ਟ ਕਰ ਚੁੱਕੇ ਹਨ ਕਿ ਟਰੂਡੋ ਦੀ ਫੇਰੀ ਨੂੰ ਵਿਵਾਦਾਂ 'ਚ ਧੱਕਣ ਲਈ ਭਾਰਤੀ ਅਧਿਕਾਰੀਆਂ ਵਿੱਚੋਂ ਕੁਝ ਨੇ ਟਰੂਡੋ ਦੇ ਮੁੰਬਈ ਪ੍ਰੋਗਰਾਮ 'ਚ ਜਸਪਾਲ ਅਟਵਾਲ ਦੀ ਹਾਜ਼ਰੀ ਯਕੀਨੀ ਬਣਾਈ।

ਕੌਣ ਕੀ ਹੈ, ਇਸਤੋਂ ਵੱਧ ਸਾਫ਼ ਹੁਣ ਕੀ ਹੋ ਸਕਦਾ!

ਉਮੀਦ ਹੈ ਕਿ ਹੁਣ ਭਾਰਤੀ ਮੀਡੀਆ ਮਨਜੀਤ ਸਿੰਘ ਜੀਕੇ ਨੂੰ ਓਸੇ ਤਰਜ਼ ਅਤੇ ਤੀਬਰਤਾ ਨਾਲ ਪੁੱਛੇਗਾ, ਜਿਵੇਂ ਕੈਨੇਡੀਅਨ ਮੰਤਰੀਆਂ ਨੂੰ ਪੁੱਛਿਆ ਜਾ ਰਿਹਾ ਸੀ ਕਿ ਅਟਵਾਲ ਤਾਂ ਬਹੁਤ ਖਤਰਨਾਕ ਬੰਦਾ, ਫਿਰ ਜੀਕੇ ਸਾਹਿਬ ਕਿਓਂ ਸਨਮਾਨ ਕਰ ਰਹੇ ਆ?

**- ਗੁਰਪ੍ਰੀਤ ਸਿੰਘ ਸਹੋਤਾ**

# ਮੋਦੀ ਸਰਕਾਰ ਵੱਲੋਂ ਆਜ਼ਾਦੀ-ਪਸੰਦ ਬਾਹਰਲੇ ਸਿੱਖਾਂ ਨਾਲ ਗੱਲਬਾਤ ਕਰਨ ਦੀ ਕੀਤੀ ਗਈ ਸੀ ਕੋਸ਼ਿਸ਼

**ਸਰੀ/ਬਿਊਰੋ ਨਿਊਜ਼**

ਮੋਦੀ ਸਰਕਾਰ ਵੱਲੋਂ ਆਜ਼ਾਦੀ-ਪਸੰਦ ਬਾਹਰਲੇ ਸਿੱਖਾਂ ਨਾਲ ਗੱਲਬਾਤ ਕਰਨ ਦੀ ਕੋਸ਼ਿਸ਼ ਵਜੋਂ ਇੰਗਲੈਂਡ ਦੇ ਸਿੱਖ ਜਸਦੇਵ ਸਿੰਘ ਰਾਏ ਨੂੰ ਵਿਚੋਲਾ ਬਣਾਇਆ ਗਿਆ ਸੀ, ਜਿਸਨੂੰ ਪਿੱਛਿਓਂ ਭਾਜਪਾ ਆਗੂ ਰਾਮ ਮਾਧਵ ਅਤੇ ਕੌਮੀ ਸੁਰੱਖਿਆ ਸਲਾਹਕਾਰ ਅਜੀਤ ਡੋਵਲ ਦਾ ਥਾਪੜਾ ਸੀ। ਰਾਮ ਮਾਧਵ ਅੱਡ ਅੱਡ ਵੱਖਵਾਦੀ ਧਿਰਾਂ ਨਾਲ ਗੱਲਬਾਤ ਕਰਦਾ ਹੈ, ਨਾਗਿਆਂ ਤੇ ਕਸ਼ਮੀਰੀਆਂ ਨਾਲ ਵੀ।

ਕੈਨੇਡਾ, ਅਮਰੀਕਾ ਤੇ ਇੰਗਲੈਂਡ ਦੇ ਸਿੱਖਾਂ ਨੇ ਗੱਲ ਅਗਾਂਹ ਤੋਰਨ ਤੋਂ ਪਹਿਲਾਂ ਭਾਰਤ ਸਰਕਾਰ ਅੱਗੇ ਤਿੰਨ ਸ਼ਰਤਾਂ ਪੂਰੀਆਂ ਕਰਨ ਦੀ ਮੰਗ ਰੱਖੀ ਸੀ ਤਾਂ ਕਿ ਸਰਕਾਰ ਦੀ ਗੱਲਬਾਤ ਲਈ ਗੰਭੀਰਤਾ ਦਾ ਅੰਦਾਜ਼ਾ ਲੱਗ ਜਾਵੇ।

1. ਦਰਬਾਰ ਸਾਹਿਬ 'ਤੇ ਹਮਲੇ ਦੀ ਸਰਕਾਰ ਸਿੱਖਾਂ ਤੋਂ ਮਾਫ਼ੀ ਮੰਗੇ, ਉਹ ਵੀ ਮੌਜੂਦਾ ਪ੍ਰਧਾਨ ਮੰਤਰੀ ਕਿਸੇ ਅੰਤਰਰਾਸ਼ਟਰੀ ਜਗ੍ਹਾ 'ਤੇ ਮੰਗੇ।
2. ਦਰਬਾਰ ਸਾਹਿਬ ਨੂੰ ਵੈਟੀਕਨ ਵਰਗਾ ਰੁਤਬਾ ਦਿੱਤਾ ਜਾਵੇ।
3. ਜੇਲ੍ਹਾਂ 'ਚ ਨਜ਼ਰਬੰਦ ਸਾਰੇ ਸਿੱਖ ਰਿਹਾਅ ਕੀਤੇ ਜਾਣ/ਕਾਲੀ ਸੂਚੀ ਖਤਮ ਕੀਤੀ ਜਾਵੇ।

ਇਹ ਮੰਗਾਂ ਮੰਨੇ ਜਾਣ ਤੋਂ ਬਾਅਦ ਹੀ ਕੋਈ ਗੱਲਬਾਤ ਚੱਲੇਗੀ ਤੇ ਉਹ ਵੀ ਭਾਰਤ ਤੋਂ ਬਾਹਰ ਅਤੇ ਮੀਡੀਏ ਦੀ ਹਾਜ਼ਰੀ 'ਚ।

ਡਾ. ਰਾਏ ਨੇ ਸਰੀ 'ਚ ਇਸ ਪੱਤਰਕਾਰ ਨਾਲ ਗੱਲਬਾਤ ਕਰਦਿਆਂ ਇੰਕਸ਼ਾਫ ਕੀਤਾ ਸੀ ਕਿ ਭਾਰਤੀ ਖੁਫੀਆ ਏਜੰਸੀਆਂ ਨਹੀਂ ਚਾਹੁੰਦੀਆਂ ਕਿ ਇਹ ਗੱਲ ਸਿਰੇ ਚੜ੍ਹੇ ਵਰਨਾ ਉਨ੍ਹਾਂ ਦਾ ਕੰਮ ਘਟੇਗਾ ਤੇ ਬਾਹਰਲੇ ਮੁਲਕਾਂ 'ਚ ਖੁਫੀਆ ਏਜੰਸੀਆਂ ਵਲੋਂ ਵੰਡੇ ਜਾਂਦੇ ਨਕਦ ਪੈਸੇ 'ਚ ਹੁੰਦਾ ਘਪਲਾ ਬੰਦ ਹੋ ਜਾਵੇਗਾ। ਜਦਕਿ ਭਾਰਤ ਸਰਕਾਰ ਮੁਸਲਮਾਨਾਂ ਤੇ ਸਿੱਖਾਂ ਨਾਲ ਇਕੱਠਿਆਂ ਜੁੜਣ ਤੋਂ ਕਤਰਾਉਂਦੀ ਹੈ।

## ਸਿੱਖ ਵਿਦਵਾਨਾਂ ਨੇ ਜਸਟਿਨ ਟਰੂਡੋ ਪ੍ਰਤੀ ਭਾਰਤੀ ਸਟੇਟ ਦੇ ਵਤੀਰੇ ਦੀ ਅਲੋਚਨਾ ਕੀਤੀ

**ਚੰਡੀਗੜ੍ਹ/ਬਿਊਰੋ ਨਿਊਜ਼:** ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ, ਸੈਕਟਰ 28-ਏ, ਚੰਡੀਗੜ੍ਹ ਵਿੱਚ ਬੁੱਧੀਜੀਵੀਆਂ ਅਤੇ ਚਿੰਤਕਾਂ ਦੇ ਇਕੱਠ ਨੇ ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਫੇਰੀ ਬਾਰੇ ਨਿਰਾਸ਼ਾ ਜ਼ਾਹਰ ਕੀਤੀ। ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਰਕਾਰ ਵਲੋਂ ਕਨੇਡਾ ਦੇ ਪ੍ਰਧਾਨ ਮੰਤਰੀ ਪ੍ਰਤੀ ਭੇਦ-ਭਾਵ ਵਾਲਾ ਰਵੱਈਆ ਆਪਣਾਉਣ ਨਾਲ ਸੰਸਾਰ ਭਰ ਦੇ ਸਿੱਖਾਂ ਵਿਚ ਗਲਤ ਸੰਦੇਸ਼ ਗਿਆ ਹੈ ਜਿਸ ਦੇ ਮੰਤਰੀ ਮੰਡਲ ਵਿਚ ਚਾਰ ਸਿੱਖ ਭਾਈਚਾਰੇ ਨਾਲ ਸੰਬੰਧਿਤ ਮੰਤਰੀ ਹਨ ਅਤੇ ਜਿਸ ਦੀ ਸਰਕਾਰ ਵਿਚ 17 ਪਾਰਲੀਮੈਂਟ ਮੈਂਬਰ ਪ੍ਰਵਾਸੀ ਭਾਈਚਾਰਾ ਦੇ ਹੋਣ। ਭਾਰਤ ਸਰਕਾਰ ਦੇ ਵਲੋਂ ਆਪਣਾਏ ਜਾ ਰਹੇ ਪੱਖ-ਪਾਤੀ ਅਤੇ ਦੋਗਲੀ ਨੀਤੀ ਨੂੰ ਚੰਗੀ ਤਰ੍ਹਾਂ ਵੇਖ ਰਿਹਾ ਹੈ। ਅਮ੍ਰੀਕਾ ਦੇ ਹਿੰਦੂ ਵਪਾਰੀ ਸਲੱਭ ਕੁਮਾਰ ਵੱਲੋਂ ਟਰੰਪ ਦੀ ਚੋਣ ਮੁਹਿੰਮ ਵਿਚ ਇਕ ਮੀਲੀਅਨ ਡਾਲਰ ਯੋਗਦਾਨ ਇਸ ਕਰਕੇ ਕਿ ਪਾਇਆ ਕਿ ਟਰੰਪ ਇਸਲਾਮ ਵਿਰੋਧੀ ਏਜੰਡੇ 'ਤੇ ਚੋਣ ਲੜ ਰਿਹਾ ਸੀ। ਇਸ ਮੌਕੇ ਹਿੰਦੂ ਸੰਗਠਨ ਵਲੋਂ ਵੀ ਟਰੰਪ ਦੇ ਹੱਕ ਵਿਚ ਪ੍ਰਚਾਰ ਕੀਤਾ ਸੀ। ਭਾਰਤ ਸਰਕਾਰ ਦਾ ਟਰੂਡੋ ਪ੍ਰਤੀ ਬੇਰੁਖੀ ਵਾਲਾ ਰਵੱਈਆ ਪੰਥ ਅਤੇ ਪੰਜਾਬ ਵਿਰੋਧੀ ਸੋਚ ਦਾ ਹੀ ਸਿੱਟਾ ਹੈ। ਦਿੱਲੀ ਦੇ ਤਖ਼ਤ ਉੱਤੇ ਕਿਸੇ ਵੀ ਧਿਰ ਦਾ ਰਾਜ ਹੋਵੇ, ਉਸ ਦੇ ਮਨ ਵਿੱਚ

ਬਾਕੀ ਸਫ਼ਾ 29 'ਤੇ



# "ਖਾਲਿਸਤਾਨ ਦੀ ਮੰਗ ਕਰਨਾ ਪ੍ਰਗਟਾਵੇ ਦੀ ਅਜ਼ਾਦੀ ਦਾ ਹਿੱਸਾ"

## ਕੈਨੇਡਾ ਦੇ ਪ੍ਰਧਾਨ ਮੰਤਰੀ ਟਰੂਡੋ ਨੇ ਕਿਹਾ ਕਿ ਦਰਬਾਰ ਸਾਹਿਬ ਸਾਂਝੀਵਾਲਤਾ ਦਾ ਸੋਮਾ, ਜਿਸ ਸਾਂਝੀਵਾਲਤਾ ਨੂੰ ਕੈਨੇਡਾ ਸੰਵਿਧਾਨਕ ਧਰਮ ਵਜੋਂ ਅਪਨਾ ਰਿਹਾ ਏ

### ਭਾਰਤ 'ਚ ਅੱਤਵਾਦ ਲਈ ਕੈਨੇਡਾ ਦੀ ਧਰਤੀ ਦਾ ਨਹੀਂ ਹੋਣ ਦਿਆਂਗਾ ਇਸਤੇਮਾਲ

ਸੱਤ ਦਿਨ ਲਈ ਭਾਰਤ ਆਏ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਪੂਰੀ ਯਾਤਰਾ ਖਾਲਿਸਤਾਨੀ ਸਮੱਰਥਨ ਨੂੰ ਲੈ ਕੇ ਵਿਵਾਦਾਂ ਵਿਚ ਘਿਰੀ ਰਹੀ। ਪੰਜਾਬ ਵਿਚ ਇਹ ਮੁੱਦਾ ਭਖਿਆ ਰਿਹਾ, ਕਿਉਂਕਿ ਕੈਨੇਡਾ ਵਿਚ 14 ਲੱਖ ਭਾਰਤੀਆਂ ਵਿਚ ਤਕਰੀਬਨ 8 ਲੱਖ ਪੰਜਾਬੀ ਰਹਿੰਦੇ ਹਨ। ਟਰੂਡੋ ਦੇ ਦੌਰੇ ਦੌਰਾਨ ਕਈ ਸਵਾਲ ਵੀ ਕੀਤੇ ਗਏ। ਇਨ੍ਹਾਂ ਸਵਾਲਾਂ ਦੇ ਜਵਾਬ ਕੁਝ ਇੰਝ ਦਿੱਤੇ ਗਏ।



*** ਤੁਹਾਨੂੰ ਖਾਲਿਸਤਾਨੀ ਵਿਚਾਰਧਾਰਾ ਦਾ ਸਮੱਰਥਕ ਕਿਹਾ ਜਾ ਰਿਹਾ ਹੈ, ਕੀ ਕਹੋਗੇ ?**

ਖਾਲਿਸਤਾਨ ਦੀ ਮੰਗ ਕਰਨਾ ਪ੍ਰਗਟਾਵੇ ਦੀ ਅਜ਼ਾਦੀ ਦਾ ਹਿੱਸਾ ਹੈ। ਅਸੀਂ ਕਿਸੇ ਦੇ ਧਾਰਮਿਕ ਮਾਮਲਿਆਂ ਵਿਚ ਦਖ਼ਲ-ਅੰਦਾਜ਼ੀ ਨਹੀਂ ਕਰਦੇ ਹਾਂ, ਪਰ ਇਹ ਵੀ ਕਹਿਣਾ ਚਾਹਾਂਗਾ ਕਿ ਕੈਨੇਡਾ ਦੀ ਧਰਤੀ 'ਤੇ ਕਿਸੇ ਵੀ ਹਿੰਸਕ ਅੰਦੋਲਨ ਨੂੰ ਉਤਸ਼ਾਹਿਤ ਨਹੀਂ ਹੋਣ ਦਿੱਤਾ ਜਾਵੇਗਾ। ਇੰਡੋ-ਕੈਨੇਡੀਅਨ ਖ਼ਾਸ ਕਰਕੇ ਸਿੱਖ ਕਮਿਊਨਿਟੀ ਨੇ ਕੈਨੇਡਾ ਦੇ ਵਿਕਾਸ ਵਿਚ ਬਹੁਤ ਯੋਗਦਾਨ ਦਿੱਤਾ ਹੈ ਤੇ ਮੇਰਾ ਭਾਰਤ ਦੌਰਾ ਇਨ੍ਹਾਂ ਕਮਿਊਨਿਟੀਜ਼ ਦੀਆਂ ਦੋਵਾਂ ਦੇਸਾਂ ਵਿਚਾਲੇ ਲੜੀ ਦੇ ਰੂਪ ਵਿਚ ਸੈਲੀਬਰੇਟ ਕਰਨਾ ਸੀ। ਮੈਂ ਉਨ੍ਹਾਂ ਦਾ ਸੱਭਿਆਚਾਰ ਦੇਖਿਆ, ਅਕਸ਼ਰਧਾਮ ਗੁਜਰਾਤ ਗਿਆ, ਦਰਬਾਰ ਸਾਹਿਬ ਵੀ ਗਿਆ ਤੇ ਉਸ ਦਾ ਅਹਿਸਾਸ ਵੀ ਕੀਤਾ। ਦਰਬਾਰ ਸਾਹਿਬ ਦੀ ਯਾਤਰਾ ਨੇ ਮੇਰਾ ਮਨ ਮੋਹ ਲਿਆ। ਇਹ ਸਾਂਝੀਵਾਲਤਾ ਦਾ ਸੋਮਾ ਹੈ, ਜਿਸ ਸਿਧਾਂਤ ਨੂੰ ਕੈਨੇਡਾ ਸੰਵਿਧਾਨਕ ਧਰਮ ਵਜੋਂ ਅਪਨਾ ਰਿਹਾ ਹੈ।

***ਸਜ਼ਾਯਾਫਤਾ ਜਸਪਾਲ ਅਟਵਾਲ ਤੁਹਾਡੇ ਨਾਲ ਆਇਆ ਹੈ, ਇਸ 'ਤੇ ਤੁਸੀਂ ਕੀ ਕਹੋਗੇ ?**

ਜਸਪਾਲ ਸਿੰਘ ਅਟਵਾਲ ਸਾਡੇ ਨਾਲ ਨਹੀਂ ਆਇਆ, ਪਰ ਇਹ ਕਿਵੇਂ ਹੋਇਆ। ਇਸ ਦੀ ਜਾਂਚ ਕਰਵਾਈ ਜਾ ਰਹੀ ਹੈ।

* ਪਰ ਮੁੰਬਈ 'ਚ ਡਿਨਰ ਪਾਰਟੀ ਵਿਚ ਤੁਹਾਡੀ ਪਤਨੀ ਸੋਫੀ ਟਰੂਡੋ ਦੇ ਨਾਲ ਅਟਵਾਲ ਦੀ ਤਸਵੀਰ ਆਈ ਹੈ ?

ਮੁੰਬਈ ਵਿਚ ਪਾਰਟੀ ਦੌਰਾਨ ਜਸਪਾਲ ਅਟਵਾਲ ਦੇ ਬਾਰੇ ਵਿਚ ਮੈਂ ਏਨਾ ਨਹੀਂ ਜਾਣਦਾ ਸੀ, ਕਿਉਂਕਿ ਉਹ ਸਾਡੇ ਨਾਲ ਨਹੀਂ ਆਇਆ ਸੀ। ਮੇਰੀ ਪਤਨੀ ਸੋਫੀ ਦੇ ਨਾਲ ਤਾਂ ਕਈ ਲੋਕਾਂ ਨੇ ਫੋਟੋ ਕਰਵਾਈਆਂ ਸਨ।

*ਜਿਨ੍ਹਾਂ 9 ਗਰਮਖ਼ਿਆਲੀਆਂ ਦੀ ਸੂਚੀ ਦਿੱਤੀ ਗਈ ਹੈ, ਕਦੋਂ ਤੱਕ ਕਾਰਵਾਈ ਕਰੋਗੇ ?

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ 9 ਖਾੜਕੂਆਂ ਦੀ ਜਿਹੜੀ ਸੂਚੀ ਮੈਨੂੰ ਦਿੱਤੀ ਹੈ, ਉਹ ਸੂਚੀ ਮੈਂ ਆਪਣੀ ਸੁਰੱਖਿਆ ਏਜੰਸੀਆਂ ਨੂੰ ਕਾਰਵਾਈ ਲਈ ਦੇ ਦਿੱਤੀ ਹੈ।

*ਤੁਹਾਡਾ ਭਾਰਤ ਪੁੱਜਣ 'ਤੇ ਮੋਦੀ ਵੱਲੋਂ ਫਿੱਕਾ ਸਵਾਗਤ ਕੀਤਾ ਗਿਆ। ਇਸ ਬਾਰੇ ਕੀ ਕਹਿਣਾ ਚਾਹੋਗੇ ?

ਮੈਂ ਭਾਰਤ ਵਿਚ ਹੋਏ ਮੇਰੇ ਸਵਾਗਤ ਤੋਂ ਪੂਰੀ ਤਰ੍ਹਾਂ ਨਾਲ ਸੰਤੁਸ਼ਟ ਹਾਂ। ਭਾਰਤ ਦੇ ਰਾਸ਼ਟਰਪਤੀ, ਪ੍ਰਧਾਨ ਮੰਤਰੀ ਮੋਦੀ ਦੇ ਨਾਲ ਬੜੀ ਚੰਗੀ ਤਰ੍ਹਾਂ ਗੱਲਬਾਤ ਹੋਈ ਹੈ ਤੇ ਭਾਰਤ ਸਾਡੇ ਲਈ ਹਮੇਸ਼ਾਂ ਹੀ ਇੱਕ ਭਰੋਸੇਮੰਦ ਦੋਸਤ ਰਿਹਾ ਹੈ।

**ਕੈਨੇਡਾ 'ਚ ਰਹਿੰਦੇ ਪੰਜਾਬੀਆਂ ਲਈ ਰੁਜ਼ਗਾਰ, ਸਹੂਲਤਾਂ ਦੀ ਕੀ ਯੋਜਨਾ ਹੈ ?**

ਭਾਰਤ ਤੋਂ ਹਰ ਸਾਲ ਸਵਾ ਲੱਖ ਵਿਦਿਆਰਥੀ ਕੈਨੇਡਾ ਵਿਚ ਪੜ੍ਹਾਈ ਲਈ ਆਉਂਦੇ ਨ। ਚੀਨ ਤੋਂ ਬਾਅਦ ਭਾਰਤ ਦੂਜਾ ਵੱਡਾ ਦੇਸ ਹੈ, ਜਿੱਥੋਂ ਵਿਦਿਆਰਥੀ ਸਭ ਤੋਂ ਵੱਧ ਗਿਣਤੀ ਵਿਚ ਕੈਨੇਡਾ ਆਉਂਦੇ ਨ। ਇਸ ਸਾਲ ਦੇ ਅੰਤ ਤੱਕ ਭਾਰਤ ਇਸ ਮਾਮਲੇ ਵਿਚ ਨੰਬਰ ਵਨ ਹੋ ਜਾਵੇਗਾ। ਕੈਨੇਡਾ ਸਰਕਾਰ ਨੇ ਭਾਰਤ ਦੇ ਹੋਣਹਾਰ ਵਿਦਿਆਰਥੀਆਂ ਨੂੰ ਕੈਨੇਡਾ ਵਿਚ ਪੜ੍ਹਾ ਕੇ ਆਪਣੀ ਉੱਥੇ ਦੀਆਂ ਸਥਾਨਕ ਲੋੜਾਂ ਦੇ ਅਨੁਸਾਰ ਤਿਆਰ ਕਰਕੇ ਨੌਕਰੀਆਂ ਦੇਣ ਦਾ ਪ੍ਰਬੰਧ ਕੀਤਾ ਹੈ। ਕੈਨੇਡਾ ਵਿਚ ਉਨ੍ਹਾਂ ਦੇ ਰਹਿਣ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ। ਇਨਫਰਾਸਟ੍ਰੱਕਚਰ ਮੰਤਰੀ ਅਮਰਜੀਤ ਸੋਹੀ ਨੂੰ ਇਸ ਦੀ ਜ਼ਿੰਮੇਵਾਰੀ ਦਿੱਤੀ ਗਈ ਹੈ ਤੇ ਉਹ ਵੱਡੇ-ਵੱਡੇ ਪ੍ਰੋਜੈਕਟਾਂ 'ਤੇ ਕੰਮ ਕਰ ਰਹੇ ਹਨ।

1. ਸਪਾਊਜਲ ਇਮੀਗ੍ਰੇਸ਼ਨ ਦੇ ਮਾਮਲੇ ਵਿਚ ਅਸੀਂ ਸ਼ਲਾਘਾਯੋਗ ਕੰਮ ਕੀਤਾ ਹੈ ਤੇ ਕੈਨੇਡੀਅਨ ਨਾਗਰਿਕ ਭਾਰਤ ਵਿਚ ਜੇਕਰ ਵਿਆਹ ਕਰਦਾ ਹੈ, ਤਾਂ ਉਸ ਦੇ ਪਤੀ ਜਾਂ ਪਤਨੀ ਨੂੰ 6 ਮਹੀਨੇ ਵਿਚ ਪੀ ਆਰ ਵੀਜ਼ਾ ਮਿਲ ਜਾਂਦਾ ਹੈ, ਇਸ ਤੋਂ ਪਹਿਲਾਂ ਕਾਫ਼ੀ ਸਮਾਂ ਲੱਗਦਾ ਸੀ।
2. ਮਾਤਾ-ਪਿਤਾ ਤੇ ਦਾਦਾ ਦਾਦੀ (ਪੀ. ਜੀ.ਪੀ. ਕੈਟਾਗਰੀ) ਵਿਚ ਆਉਣ ਵਾਲੀਆਂ ਅਰਜ਼ੀਆਂ ਦੀ ਗਿਣਤੀ ਇੱਕ ਸਾਲ ਵਿਚ ਵਧਾ ਕੇ ਦੁੱਗਣੀ ਕਰ ਦਿੱਤੀ ਗਈ ਹੈ ਅਰਥਾਤ 5 ਤੋਂ ਵਧਾ ਕੇ 10 ਹਜ਼ਾਰ ਕਰ ਦਿੱਤੀ ਗਈ ਹੈ।
3. ਨੈਨੀ ਕੇਅਰ ਗਿਵਰ ਕੈਟਾਗਰੀ ਵਿਚ ਵੀ ਬੈਕਲਾਗ 80 ਫ਼ੀਸਦੀ ਖ਼ਤਮ ਕਰ ਦਿੱਤਾ ਹੈ। ਬਾਕੀ ਕੇਸ ਵੀ ਤੇਜ਼ੀ ਨਾਲ ਨਿਪਟਾਏ ਜਾ ਰਹੇ ਹਨ। ਇਸੇ ਕੈਟਾਗਰੀ ਵਿਚ ਆਉਣ ਵਾਲੀਆਂ ਅਰਜ਼ੀਆਂ ਨੂੰ ਇੱਕ ਸਾਲ ਵਿਚ ਖ਼ਤਮ ਕਰ ਦਿੱਤਾ ਜਾਵੇਗਾ।

*(ਮੀਡੀਏ 'ਚ ਵੱਖ ਵੱਖ ਥਾਈਂ ਪ੍ਰਗਟਾਏ ਵਿਚਾਰਾਂ ਉੱਤੇ ਆਧਾਰਿਤ ਰਿਪੋਰਟ)*


B Sons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!

Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.703.1451 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533



CIS CALIFORNIA IMMIGRATION SERVICES
(Registered & Bonded)
➢ FAMILY IMMIGRATION
➢ GREEN CARD PETITION
➢ CITIZENSHIP
➢ OCI CARD / INDIAN PASSPORT
➢ BUSINESS / VISITOR VISA
➢ H-1 B VISA PETITION
➢ STUDENT VISA
➢ RELIGIOUS VISA
➢ LEGAL SERVICES


Rosy (Kanwal) Kaur
Immigration Consultant / LDA
CALL FOR FREE INITIAL CONSULTATION !
Ph: 510-573-3666, 408-422-8585
Fremont Office
4127 Bay Street, Suite 5
Tracy Office
95 W. 11th Street, Suite 205
www.caials.com rosy@caials.com



ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ
ਫੋਨ (408) 687-1899
Gurdip Singh Sandhu
Homeopathic Practitioner/Consultant Since 1973
DHMS-Gold Medalist, BAMS, MDEh.- India
Well Experienced as:
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
EX Member: The California Homeopathic Society
National Center For Homeopathy- USA

Gurdip Singh Sandhu
Live on Jas TV
Saturday 9:30AM and Sunday 4PM (Pacific Time)
7021 Village Park Way, Dublin, CA 94568
Email: Homeomedicine@yahoo.com



ACURA
AutoNation Acura
Stevens Creek
4747 Stevens Creek Bl.
Santa Clara, CA 95051
ਹਰ ਤਰ੍ਹਾਂ ਦੀ ਨਵੀਂ Acura RDX SUV, Acura MDX SUV, Acura TLX Sedan, Acura ILX Sedan, Acura RLX Sedan & Acura NSX Sports ਖ਼ਰੀਦਣ ਲਈ AutoNation Acura Stevens Creek 'ਤੇ ਦਰਸ਼ਨ ਦਿਓ ਜੀ, ਜੋ ਕਿ Santa Clara ਵਿੱਚ ਬਹੁਤ ਹੀ ਸੋਹਣੀ ਜਗ੍ਹਾ 'ਤੇ ਫਰੀਵੇ 280 ਅਤੇ 880 ਦੇ ਨਜ਼ਦੀਕ ਸਥਿਤ ਹੈ। ਸਾਡੇ ਕੋਲ ਹਰ ਤਰ੍ਹਾਂ ਦੀ ਕਾਰ, ਹਰ ਰੰਗ ਵਿਚ ਉਪਲਬਧ ਹੈ। ਅਸੀਂ ਹਰ ਤਰ੍ਹਾਂ ਦੀ ਕੀਮਤ ਮੈਚ ਜਾਂ ਬੀਟ ਕਰਦੇ ਹਾਂ। ਸਾਡੇ ਕੋਲੋਂ ਹਰ ਤਰ੍ਹਾਂ ਦੀ New & Used ਕਾਰ ਠੀਕ ਕੀਮਤ 'ਤੇ ਲੈ ਸਕਦੇ ਹੋ।
ਤੁਸੀ ਜੇ ਹੁਣੇ ਹੁਣੇ ਅਮਰੀਕਾ ਆਏ ਹੋ, ਤੁਹਾਡਾ ਨਵਾਂ, ਪੁਰਾਣਾ ਜਾਂ ਬੈਡ ਕਰੈਡਿਟ ਹੈ, ਅਸੀਂ ਤੁਹਾਡੀ ਪੂਰੀ ਤਰ੍ਹਾਂ ਨਾਲ ਮਦਦ ਕਰਾਂਗੇ।
ਵਧੀਆ ਤੋਂ ਵਧੀਆ ਡੀਲ ਲੈਣ ਲਈ ਤੁਸੀਂ ਤੁਹਾਡੇ ਆਪਣੇ ਮਿੱਤਰ ਨੂੰ ਸੰਪਰਕ ਕਰ ਸਕਦੇ ਹੋ ਜੋ ਕਿ ਪਿਛਲੇ 15 ਸਾਲਾਂ ਤੋਂ ਬੇ ਏਰੀਆਂ ਅਤੇ ਸੈਂਟਾ ਕਲਾਰਾ ਵਿੱਚ ਤੁਹਾਡੀ ਸੇਵਾ ਕਰਦਾ ਆ ਰਿਹਾ ਹੈ।

Rashpal Singh Aulakh
Sales Manager
AutoNation Acura Stevens Creek
Santa Clara, CA 95051
ਕਾਲ ਕਰੋ ਜਾਂ ਆ ਕੇ ਮਿਲੋ
Cell : 510.299.4326
Email : aulakhr1@autonation.com

# 'ਪ੍ਰਧਾਨ ਮੰਤਰੀ ਮੋਦੀ ਨੇ ਕੈਨੇਡਾ ਨਾਲ ਸਬੰਧ ਮਜ਼ਬੂਤ ਕਰਨ ਦਾ ਮੌਕਾ ਗੁਆਇਆ'

## ਕੈਪਟਨ ਨੇ ਵੀ ਰਵੱਈਆ ਠੀਕ ਨਹੀਂ ਅਪਨਾਇਆ

### *ਟਰੂਡੋ ਦੇ ਫਿੱਕੇ ਸਵਾਗਤ 'ਤੇ ਬਾਜਵਾ ਨੇ ਉਠਾਏ ਸਵਾਲ*

**ਅੰਮ੍ਰਿਤਸਰ/ਬਿਊਰੋ ਨਿਊਜ਼:** ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਤੇ ਰਾਜ ਸਭਾ ਦੇ ਮੈਂਬਰ ਪ੍ਰਤਾਪ ਸਿੰਘ ਬਾਜਵਾ ਨੇ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦਾ ਫਿੱਕਾ ਸਵਾਗਤ ਕੀਤੇ ਜਾਣ ਨੂੰ ਲੈ ਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਕੇਂਦਰ ਸਰਕਾਰ ਦੀ ਵਿਦੇਸ਼ ਨੀਤੀ 'ਤੇ ਨਿਸ਼ਾਨਾ ਵਿੰਨ੍ਹਿਆ ਹੈ। ਬਾਜਵਾ ਨੇ ਕਿਹਾ ਕਿ ਜਸਟਿਨ ਟਰੂਡੋ ਨੂੰ ਨਜ਼ਰ-ਅੰਦਾਜ਼ ਕਰਕੇ ਪੀ. ਐੱਮ. ਨੇ ਕੈਨੇਡਾ ਨਾਲ ਚੰਗੇ ਸਬੰਧਾਂ ਦੀ ਸੰਭਾਵਨਾ ਨੂੰ ਘੱਟ ਕੀਤਾ ਹੈ। ਪੇਸ਼ ਹੈ ਪੂਰੀ ਗੱਲਬਾਤ :



**ਪ੍ਰਸ਼ਨ : ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਪੰਜਾਬ ਦੌਰੇ ਨੂੰ ਤੁਸੀਂ ਕਿਸ ਤਰ੍ਹਾਂ ਦੇਖਦੇ ਹੋ ?**

ਉੱਤਰ : ਕੈਨੇਡਾ ਵਿਚ 7 ਤੋਂ 8 ਲੱਖ ਪੰਜਾਬੀ ਰਹਿੰਦੇ ਹਨ ਅਤੇ ਇਨ੍ਹਾਂ ਵਿਚੋਂ ਜ਼ਿਆਦਾਤਰ ਗਿਣਤੀ ਸਿੱਖ ਭਾਈਚਾਰੇ ਦੇ ਲੋਕਾਂ ਦੀ ਹੈ। ਪੰਜਾਬ ਵਿਚ ਅਸੀਂ 13 ਲੋਕ ਸਭਾ ਮੈਂਬਰ ਚੁਣ ਕੇ ਸੰਸਦ ਵਿਚ ਭੇਜਦੇ ਹਾਂ ਪਰ ਕੈਨੇਡਾ ਵਿਚ 18 ਪੰਜਾਬੀਆਂ ਨੂੰ ਸੰਸਦ ਵਿਚ ਥਾਂ ਮਿਲੀ ਹੈ। ਇਹ ਦੁਨੀਆ ਦਾ ਅਜਿਹਾ ਪਹਿਲਾ ਦੇਸ਼ ਹੈ, ਜਿਥੇ 4 ਪੰਜਾਬੀ ਕੇਂਦਰ ਸਰਕਾਰ ਦੇ ਮੰਤਰੀ ਹਨ। ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਵੀ ਖੁਦ ਕਿਹਾ ਸੀ ਕਿ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਮੁਕਾਬਲੇ ਉਨ੍ਹਾਂ ਨੇ ਆਪਣੀ ਕੈਬਨਿਟ ਵਿਚ ਸਿੱਖਾਂ ਨੂੰ ਵੱਧ ਅਹਿਮੀਅਤ ਦਿੱਤੀ ਹੈ। ਟਰੂਡੋ ਦੇ ਪੰਜਾਬ ਦੌਰੇ ਨਾਲ ਸੂਬੇ ਨੂੰ ਜ਼ਿਆਦਾ ਫਾਇਦਾ ਹੋਵੇਗਾ, ਕਿਉਂਕਿ ਕੈਨੇਡਾ ਅਤੇ ਪੰਜਾਬ ਦੋਹਾਂ ਦੀ ਆਰਥਿਕਤਾ ਖੇਤੀਬਾੜੀ 'ਤੇ ਟਿਕੀ ਹੋਈ ਹੈ ਅਤੇ ਕੈਨੇਡਾ ਸਾਡੀ ਖੇਤੀਬਾੜੀ ਵਿਚ ਕਾਫੀ ਮਦਦ ਕਰ ਸਕਦਾ ਹੈ। ਕੈਨੇਡਾ ਵਿਚ ਵਸਣ ਵਾਲੇ ਪੰਜਾਬੀਆਂ ਦੀ ਨਜ਼ਰ ਇਸ ਦੌਰੇ 'ਤੇ ਲੱਗੀ ਹੋਈ ਸੀ ਅਤੇ ਉਹ ਚਾਹੁੰਦੇ ਸਨ ਕਿ ਕੈਨੇਡਾ ਦੇ ਪ੍ਰਧਾਨ ਮੰਤਰੀ ਦਾ ਭਾਰਤ ਖੁੱਲ੍ਹੇ ਦਿਲ ਨਾਲ ਸਵਾਗਤ ਕਰੇ।

**ਪ੍ਰਸ਼ਨ : ਕੀ ਕੈਪਟਨ ਅਮਰਿੰਦਰ ਸਿੰਘ ਨੇ ਵੀ ਇਸ ਮਾਮਲੇ ਵਿਚ ਦੇਰ ਨਹੀਂ ਕਰ ਦਿੱਤੀ ?**

ਉੱਤਰ : ਇਸ ਦਾ ਜਵਾਬ ਖੁਦ ਕੈਪਟਨ ਅਮਰਿੰਦਰ ਸਿੰਘ ਦੇ ਸਕਦੇ ਹਨ। ਇਸ ਮਾਮਲੇ ਵਿਚ ਦੇਰੀ ਤਾਂ ਹੋਈ ਹੈ, ਇਹ ਪਹਿਲਾਂ ਹੋ ਜਾਣਾ ਚਾਹੀਦਾ ਸੀ ਪਰ ਹੁਣ ਜੋ ਵੀ ਹੋਇਆ ਹੈ ਠੀਕ ਹੋਇਆ ਹੈ ਅਤੇ ਇਸ ਮੁਲਾਕਾਤ ਦੌਰਾਨ ਪੁਰਾਣੇ ਗਿਲੇ-ਸ਼ਿਕਵੇ ਦੂਰ ਹੋਏ ਹਨ ਪਰ ਮੈਨੂੰ ਜ਼ਿਆਦਾ ਨਾਰਾਜ਼ਗੀ ਕੇਂਦਰ ਸਰਕਾਰ ਦੇ ਰਵੱਈਏ ਤੋਂ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ, ਡੋਨਾਲਡ ਟਰੰਪ ਦੀ ਬੇਟੀ, ਯੂ. ਏ. ਈ. ਦੇ ਪ੍ਰਿੰਸ, ਇਸਰਾਈਲ ਦੇ ਪ੍ਰਧਾਨ ਮੰਤਰੀ ਲਈ ਪ੍ਰੋਟੋਕਾਲ ਤੋੜਿਆ ਤੇ ਉਨ੍ਹਾਂ ਦਾ ਗਰਮਜੋਸ਼ੀ ਨਾਲ ਸਵਾਗਤ ਹੋਇਆ ਪਰ ਜਸਟਿਨ ਟਰੂਡੋ ਵਰਗੇ ਵਿਅਕਤੀ ਦਾ ਆਗਰਾ ਵਿਚ ਸਵਾਗਤ ਕਰਨ ਲਈ ਡੀ. ਐੱਮ. ਨੂੰ ਭੇਜਿਆ ਗਿਆ। ਉਥੇ ਘੱਟ ਤੋਂ ਘੱਟ ਯੂ. ਪੀ. ਦੇ ਮੁੱਖ ਮੰਤਰੀ ਨੂੰ ਜਾਣਾ ਚਾਹੀਦਾ ਸੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਜਾਪਾਨ ਦੇ ਪ੍ਰਧਾਨ ਮੰਤਰੀ ਨੂੰ ਅਹਿਮਦਾਬਾਦ ਵਿਚ ਵਿਸ਼ੇਸ਼ ਤੌਰ 'ਤੇ ਅਟੈਂਡ ਕੀਤਾ ਪਰ ਟਰੂਡੋ ਦੇ ਮਾਮਲੇ ਵਿਚ ਇਹ ਦਰਿਆ ਦਿਲੀ ਨਹੀਂ ਦਿਖਾਈ ਗਈ। ਮੈਨੂੰ ਲੱਗਦਾ ਹੈ ਕਿ ਪ੍ਰਧਾਨ ਮੰਤਰੀ ਨੇ ਕੈਨੇਡਾ ਨਾਲ ਸਬੰਧ ਹੋਰ ਮਜ਼ਬੂਤ ਕਰਨ ਦੇ ਮਾਮਲੇ ਵਿਚ ਮੌਕਾ ਗੁਆਇਆ ਹੈ।

**ਪ੍ਰਸ਼ਨ : ਪ੍ਰਧਾਨ ਮੰਤਰੀ ਦੇ ਇਸ ਰਵੱਈਏ ਦਾ ਕਾਰਨ ਕੀ ਹੋ ਸਕਦਾ ਹੈ ?**

ਉੱਤਰ : ਵਿਦੇਸ਼ ਵਿਚ ਭਾਰਤੀ ਦੂਤਘਰ ਦੇ ਅਧਿਕਾਰੀਆਂ ਦੇ ਧਾਰਮਿਕ ਸਥਾਨਾਂ ਵਿਚ ਐਂਟਰੀ 'ਤੇ ਲਾਈ ਗਈ ਰੋਕ ਇਸ ਦਾ ਇਕ ਕਾਰਨ ਹੋ ਸਕਦਾ ਹੈ ਪਰ ਇਸ ਲਈ ਕੈਨੇਡਾ ਦੀ ਸਰਕਾਰ ਅਤੇ ਉਸ ਦੇ ਮੰਤਰੀ ਜ਼ਿੰਮੇਵਾਰ ਨਹੀਂ ਹੋ ਸਕਦੇ, ਕਿਉਂਕਿ ਇਹ ਫੈਸਲਾ ਧਾਰਮਿਕ ਸਥਾਨਾਂ ਦੀਆਂ ਪ੍ਰਬੰਧਕ ਕਮੇਟੀਆਂ ਨੇ ਨਿੱਜੀ ਤੌਰ 'ਤੇ ਲਿਆ ਹੈ। ਮੈਨੂੰ ਲੱਗਦਾ ਹੈ ਕਿ ਇਸੇ ਕਾਰਨ ਟਰੂਡੋ ਦੇ ਪ੍ਰਤੀ ਨਾਰਾਜ਼ਗੀ ਹੈ ਪਰ ਸਾਨੂੰ ਇਹ ਸਮਝਣਾ ਹੋਵੇਗਾ ਕਿ ਕੈਨੇਡਾ ਵਿਚ ਬੈਠ ਕੇ ਲੋਕ ਭਾਰਤੀ ਅਧਿਕਾਰੀਆਂ ਨਾਲ ਇਸ ਤਰ੍ਹਾਂ ਦਾ ਰਵੱਈਆ ਅਪਣਾ ਰਹੇ ਹਨ, ਉਹ ਵੀ ਆਪਣੇ ਹੀ ਹਨ ਅਤੇ ਉਨ੍ਹਾਂ ਦੀਆਂ ਜੜ੍ਹਾਂ ਇਥੇ ਜੁੜੀਆਂ ਹੋਈਆਂ ਹਨ। ਇਸ ਸਮੇਂ ਉਹ ਭਾਰਤ ਦੇ ਨਾਗਰਿਕ ਨਹੀਂ ਹਨ ਅਤੇ ਇਕ ਆਜ਼ਾਦ ਦੇਸ਼ ਵਿਚ ਰਹਿੰਦੇ ਹਨ। ਅਸੀਂ ਇਸ ਤਰ੍ਹਾਂ ਦੇ ਰਵੱਈਏ ਨਾਲ ਹੁਕਮ ਜਾਰੀ ਕਰਕੇ ਉਨ੍ਹਾਂ ਦੀ ਸੋਚ ਨਹੀਂ ਬਦਲ ਸਕਦੇ। ਸਾਨੂੰ ਆਪਣੀ ਵਿਦੇਸ਼ ਨੀਤੀ ਨੂੰ ਰੀ-ਡਰਾਫਟ ਕਰਨ ਦੀ ਲੋੜ ਹੈ। ਪਿਛਲੇ 4 ਸਾਲ ਵਿਚ ਚੀਨ, ਨੇਪਾਲ, ਮਾਲਦੀਵ, ਸ਼੍ਰੀਲੰਕਾ ਨਾਲ ਸਾਡੇ ਸਬੰਧਾਂ ਵਿਚ ਗਿਰਾਵਟ ਆਈ ਹੈ। ਇਥੋਂ ਤੱਕ ਕਿ ਸਾਡਾ ਪੁਰਾਣਾ ਮਿੱਤਰ ਰੂਸ ਵੀ ਸਾਡੇ ਤੋਂ ਦੂਰ ਹੋ ਗਿਆ ਹੈ। ਕੇਂਦਰ ਦੀ ਸਰਕਾਰ ਨੇ ਟਰੂਡੋ ਨਾਲ ਜਿਸ ਤਰ੍ਹਾਂ ਦਾ ਰਵੱਈਆ ਅਪਣਾਇਆ ਹੈ, ਉਹ ਇਕ ਸੰਭਾਵਿਤ ਸਹਿਯੋਗੀ ਨੂੰ ਨਾਰਾਜ਼ ਕਰਨ ਵਾਲਾ ਹੈ ਅਤੇ ਇਸ ਦਾ ਅੱਗੇ ਲੰਮੇ ਸਮੇਂ ਤੱਕ ਨੁਕਸਾਨ ਹੋਵੇਗਾ।

**ਪ੍ਰਸ਼ਨ : ਜਸਟਿਨ ਟਰੂਡੋ 'ਤੇ ਵੱਖਵਾਦੀਆਂ ਪ੍ਰਤੀ ਨਰਮ ਰਵੱਈਆ ਅਪਣਾਉਣ ਦੇ ਭਾਰਤ ਦੇ ਨੇਤਾਵਾਂ ਨੇ ਦੋਸ਼ ਲਗਾਏ ਹਨ, ਇਸ ਬਾਰੇ ਕੀ ਕਹਿਣਾ ਚਾਹੋਗੇ ?**

ਉੱਤਰ : ਹਾਲ ਹੀ ਵਿਚ ਕੈਨੇਡਾ ਦੇ ਰੱਖਿਆ ਮੰਤਰੀ ਹਰਜੀਤ ਸੱਜਣ ਦਾ ਬਿਆਨ ਆਇਆ ਸੀ ਕਿ ਉਨ੍ਹਾਂ ਦਾ ਅਜਿਹੇ ਲੋਕਾਂ ਨਾਲ ਕੋਈ ਵਾਸਤਾ ਨਹੀਂ ਜੋ ਕੈਨੇਡਾ ਵਿਚ ਰਹਿ ਕੇ ਭਾਰਤ ਦੇ ਵਿਰੋਧ ਵਿਚ ਕੰਮ ਕਰਨ ਅਤੇ ਮੁਹਿੰਮ ਚਲਾਉਣ ਦਾ ਕੰਮ ਕਰਦੇ ਹਨ। ਕੈਨੇਡਾ ਦੇ ਪ੍ਰਧਾਨ ਮੰਤਰੀ ਵਲੋਂ ਵੀ ਇਸ ਮਾਮਲੇ 'ਤੇ ਬਕਾਇਦਾ ਬਿਆਨ ਜਾਰੀ ਕਰਕੇ ਸਪੱਸ਼ਟੀਕਰਨ ਦਿੱਤਾ ਗਿਆ ਹੈ। ਮੈਨੂੰ ਲੱਗਦਾ ਹੈ ਕਿ ਇਸ ਮਾਮਲੇ ਨੂੰ ਜ਼ਿਆਦਾ ਨਹੀਂ ਉਠਾਉਣਾ ਚਾਹੀਦਾ। ਇਹ ਮਾਮਲਾ ਕੂਟਨੀਤਿਕ ਨਜ਼ਰੀਏ ਤੋਂ ਖੁੱਲ੍ਹੇ ਦਿਲ ਵਾਲਾ ਰਵੱਈਆ ਅਪਣਾ ਕੇ ਹੀ ਸੁਲਝਾਇਆ ਜਾ ਸਕਦਾ ਹੈ। ਇਸ ਸਨਮਾਨ ਦੇ ਉਹ ਹੱਕਦਾਰ ਵੀ ਹਨ ਕਿਉਂਕਿ ਕੈਨੇਡਾ ਹਰ ਸਾਲ ਲੱਗਭਗ ਸਵਾ ਲੱਖ ਭਾਰਤੀਆਂ ਨੂੰ ਵੀਜ਼ਾ ਜਾਰੀ ਕਰਦਾ ਹੈ ਅਤੇ ਇਥੋਂ ਦੇ ਲੋਕ ਉਥੇ ਜਾ ਕੇ ਕੰਮ ਅਤੇ ਪੜ੍ਹਾਈ ਕਰਦੇ ਹਨ। ਕੈਨੇਡਾ ਵਿਚ ਕੰਮ ਕਰਨ ਵਾਲੇ ਪੰਜਾਬੀਆਂ ਦੇ ਪੈਸੇ ਨਾਲ ਪੰਜਾਬ ਦੀ ਆਰਥਿਕਤਾ ਚਲਦੀ ਹੈ।

# ਕੈਪਟਨ ਨੇ ਟਰੂਡੋ ਨੂੰ ਸੌਂਪੀ ਪੰਜ ਖਾੜਕੂਆਂ ਦੀ ਸੂਚੀ

## *ਪਰ ਡਰੱਗ ਸਮੱਗਲਰਾਂ ਦੀ ਸੂਚੀ ਨਾ ਕੱਢੀ ਜੇਬ 'ਚੋਂ ਬਾਹਰ*

### ਕਾਲੀ ਸੂਚੀ ਸੌਂਪ ਕੇ ਕੈਪਟਨ ਨੇ ਪ੍ਰਵਾਸੀ ਸਿੱਖਾਂ ਦਾ ਕੀਤਾ ਅਕਸ ਖ਼ਰਾਬ

**ਚੰਡੀਗੜ੍ਹ/ਬਿਊਰੋ ਨਿਊਜ਼:** ਅੰਮ੍ਰਿਤਸਰ ਦੌਰੇ ਦੌਰਾਨ ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਤੇ ਪੰਜਾਬ ਦੇ ਮੁੱਖ ਮੰਤਰੀ ਅਮਰਿੰਦਰ ਸਿੰਘ ਵਿਚਾਲੇ ਵਪਾਰ, ਕਲਾ, ਸੱਭਿਆਚਾਰ ਤੋਂ ਇਲਾਵਾ ਅੱਤਵਾਦ ਤੇ ਡਰੱਗ ਸਮੱਗਲਿੰਗ ਜਿਹੇ ਗੰਭੀਰ ਵਿਸ਼ਿਆਂ 'ਤੇ ਵੀ ਚਰਚਾ ਹੋਈ। ਸੂਤਰਾਂ ਅਨੁਸਾਰ ਕੈਪਟਨ ਨੇ ਪੰਜਾਬ ਵਿਚ 6 ਹਜ਼ਾਰ ਕਰੋੜ ਰੁਪਏ ਦੇ ਸਮੱਗਲਰ ਸਤਪ੍ਰੀਤ ਸੱਤਾ, ਪਰਮਿੰਦਰ ਪਿੰਕੀ ਤੇ ਅਮਰਿੰਦਰ ਲਾਡੀ 'ਤੇ ਚਰਚਾ ਨਹੀਂ ਕੀਤੀ ਤੇ ਨਾ ਹੀ ਉਨ੍ਹਾਂ ਨੇ ਸਮੱਗਲਰਾਂ ਦੀ ਸੂਚੀ ਸੌਂਪੀ। ਹਾਲਾਂ ਕਿ ਉਨ੍ਹਾਂ ਨੇ ਖਾਲਿਸਤਾਨ ਸਰਗਰਮੀਆਂ ਵਿਚ ਸ਼ਾਮਲ ਕੁਝ ਦੇ ਸਿੱਖਾਂ ਦੇ ਨਾਂ ਜ਼ਰੂਰ ਸੌਂਪੇ ਹਨ।



ਕੈਪਟਨ ਅਮਰਿੰਦਰ ਸਿੰਘ ਤੇ ਜਸਟਿਨ ਟਰੂਡੋ ਗਲਬਾਤ ਕਰਦੇ ਹੋਏ

### ਕੌਣ ਹਨ ਕਾਲੀ ਸੂਚੀ 'ਚ

ਪੁਲੀਸ ਸੂਤਰਾਂ ਨੇ ਪੰਜ ਨਾਵਾਂ ਦਾ ਖ਼ੁਲਾਸਾ ਕੀਤਾ ਹੈ ਜਿਨ੍ਹਾਂ ਵਿਚ ਲੁਧਿਆਣਾ ਦੇ ਸ਼ਿੰਗਾਰ ਸਿਨਮਾ ਬੰਬ ਕਾਂਡ ਵਿਚ ਲੋੜੀਂਦਾ ਖਾੜਕੂ, ਹੁਣੇ ਜਿਹੇ ਸਿਆਸੀ ਅਤੇ ਧਾਰਮਿਕ ਆਗੂਆਂ ਦੀਆਂ ਹੋਈਆਂ ਹੱਤਿਆਵਾਂ ਲਈ ਮਾਲੀ ਸਹਾਇਤਾ ਮੁਹੱਈਆ ਕਰਾਉਣ ਸਮੇਤ ਹੋਰਾਂ ਦੇ ਨਾਮ ਸ਼ਾਮਲ ਹਨ। ਉਂਜ ਟਰੂਡੋ ਨੂੰ ਕੁੱਲ 9 ਖਾੜਕੂਆਂ ਜਾਂ ਉਨ੍ਹਾਂ ਦੇ ਹਮਦਰਦਾਂ ਦੇ ਨਾਵਾਂ ਦੀ ਸੂਚੀ ਸੌਂਪੀ ਗਈ ਹੈ। ਪੰਜਾਬ ਪੁਲੀਸ ਨੇ ਦਾਅਵਾ ਕੀਤਾ ਕਿ ਬਾਕੀ ਦੇ ਨਾਮ ਖ਼ੁਫ਼ੀਆ ਰਿਪੋਰਟਾਂ ਅਤੇ ਉਨ੍ਹਾਂ ਦੀਆਂ ਦੇਸ਼ ਵਿਰੋਧੀ ਸਰਗਰਮੀਆਂ ਦੇ ਆਧਾਰ 'ਤੇ ਸ਼ਾਮਲ ਕੀਤੇ ਗਏ ਹਨ। ਇਨ੍ਹਾਂ ਨਾਵਾਂ ਵਿਚ ਇੰਟਰਨੈਸ਼ਨਲ ਸਿੱਖ ਯੂਥ ਫੈਡਰੇਸ਼ਨ ਦੇ ਛੇ ਅਤੇ ਖਾਲਿਸਤਾਨ ਟਾਈਗਰ ਫੋਰਸ ਜਾਂ ਬੱਬਰ ਖ਼ਾਲਸਾ ਇੰਟਰਨੈਸ਼ਨਲ ਦੇ ਤਿੰਨ ਮੈਂਬਰ ਸ਼ਾਮਲ ਹਨ। ਕੈਨੇਡਾ ਦੇ ਪ੍ਰਧਾਨ ਮੰਤਰੀ ਨੂੰ ਸੌਂਪੀ ਸੂਚੀ ਵਿਚ ਗੁਰਜੀਤ ਸਿੰਘ ਚੀਮਾ, ਗੁਰਪ੍ਰੀਤ ਸਿੰਘ ਪ੍ਰੀਤ, ਗੁਰਜਿੰਦਰ ਸਿੰਘ ਪਨੂੰ, ਹਰਦੀਪ ਸਿੰਘ ਨਿੱਝਰ ਅਤੇ ਮਲਕੀਤ ਸਿੰਘ ਦੇ ਨਾਮ ਸ਼ਾਮਲ ਹਨ। ਨਸ਼ਰ ਕੀਤੇ ਨਾਵਾਂ ਵਿਚੋਂ ਤਿੰਨ ਖ਼ਿਲਾਫ਼ ਕਈ ਕੇਸ ਦਰਜ ਹਨ। ਸਰੀ ਵਾਸੀ ਮਲਕੀਤ ਸਿੰਘ 'ਤੇ ਖਾੜਕੂਆਂ ਨੂੰ ਹੱਤਿਆਵਾਂ ਲਈ ਹਥਿਆਰ ਸਪਲਾਈ ਕਰਨ ਦੇ ਦੋਸ਼ ਹਨ। ਇਕ ਹੋਰ ਸਰੀ ਵਾਸੀ ਹਰਦੀਪ ਸਿੰਘ ਨਿੱਝਰ ਖਾਲਿਸਤਾਨ ਟਾਈਗਰ ਫੋਰਸ ਦਾ ਖਾੜਕੂ ਹੈ ਅਤੇ ਉਹ ਸ਼ਿੰਗਾਰ ਸਿਨਮਾ ਬੰਬ ਕਾਂਡ ਵਿਚ ਲੋੜੀਂਦਾ ਹੈ। ਉਸ 'ਤੇ ਵੱਖ ਵੱਖ ਖਾੜਕੂ ਗਰੁੱਪਾਂ ਨੂੰ ਪੈਸੇ ਮੁਹੱਈਆ ਕਰਾਉਣ ਦੇ ਦੋਸ਼ ਹਨ। ਦਿਲਚਸਪ ਗੱਲ ਹੈ ਕਿ ਸਥਾਨਕ ਅਦਾਲਤ ਨੇ ਇਸ ਮਾਮਲੇ ਵਿਚ ਪੁਲੀਸ ਵੱਲੋਂ ਫੜੇ ਗਏ ਛੇ ਨੌਜਵਾਨਾਂ ਨੂੰ ਪਹਿਲਾਂ ਹੀ ਬਰੀ ਕਰ ਦਿੱਤਾ ਹੈ। ਗੁਰਜੀਤ ਸਿੰਘ ਚੀਮਾ, ਗੁਰਪ੍ਰੀਤ ਸਿੰਘ ਅਤੇ ਗੁਰਜਿੰਦਰ ਸਿੰਘ ਪਨੂੰ 'ਤੇ ਹੱਤਿਆਵਾਂ ਲਈ ਫੰਡ ਦੇਣ ਅਤੇ ਹਥਿਆਰ ਸਪਲਾਈ ਕਰਨ ਦੇ ਦੋਸ਼ ਹਨ।

### ਟਰੂਡੋ ਨੇ ਦਿੱਤਾ ਭਰੋਸਾ

ਟਰੂਡੋ ਨੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਨਾਲ ਇਕ ਮੀਟਿੰਗ ਦੌਰਾਨ ਭਰੋਸਾ ਦਿੱਤਾ ਕਿ ਉਨ੍ਹਾਂ ਦਾ ਮੁਲਕ ਭਾਰਤ ਜਾਂ ਇਸ ਦੇ ਕਿਸੇ ਹੋਰ ਖਿੱਤੇ ਵਿੱਚ ਕਿਸੇ ਵੀ ਵੱਖਵਾਦੀ ਹਿੰਸਕ ਲਹਿਰ ਨੂੰ ਸਮਰਥਨ ਨਹੀਂ ਦੇਵੇਗਾ। ਮੁੱਖ ਮੰਤਰੀ ਨੇ ਪ੍ਰਧਾਨ ਮੰਤਰੀ ਨੂੰ ਪੰਜਾਬ ਵਿੱਚ ਕੈਨੇਡਾ ਦੇ ਕਾਰੋਬਾਰੀ ਨਿਵੇਸ਼ ਲਈ ਕਦਮ ਚੁੱਕਣ ਦੀ ਵੀ ਅਪੀਲ ਕੀਤੀ। ਮੁੱਖ ਮੰਤਰੀ ਨੇ ਉਚੇਰੀ ਸਿੱਖਿਆ, ਵਿਗਿਆਨਕ ਖੋਜ ਤੇ ਤਕਨਾਲੋਜੀ ਦੇ ਨਾਲ-ਨਾਲ ਹੁਨਰ ਵਿਕਾਸ ਵਰਗੇ ਕੁਝ ਖੇਤਰਾਂ ਵਿਚ ਕੈਨੇਡਾ ਤੋਂ ਸਹਿਯੋਗ ਦੀ ਮੰਗ ਕੀਤੀ। ਉਨ੍ਹਾਂ ਦਾਲਾਂ, ਮੱਕੀ ਅਤੇ ਪਸ਼ੂ ਧਨ ਦੇ ਖੇਤਰਾਂ ਵਿੱਚ ਵਿਗਿਆਨਕ ਖੋਜ ਅਤੇ ਤਕਨਾਲੋਜੀ ਦੇ ਰੂਪ ਵਿੱਚ ਆਪਸੀ ਸਹਿਯੋਗ ਦਾ ਸੁਝਾਅ ਦਿੱਤਾ। ਉਨ੍ਹਾਂ ਹੁਨਰ ਵਿਕਾਸ ਵਿੱਚ ਨਿਵੇਸ਼ ਦਾ ਸੱਦਾ ਦਿੰਦਿਆਂ ਸੁਝਾਅ ਦਿੱਤਾ ਕਿ ਕੈਨੇਡਾ ਵੱਲੋਂ ਪੰਜਾਬ ਦੀ ਹੁਨਰ ਵਿਕਾਸ ਯੂਨੀਵਰਸਿਟੀ ਵਿਚ ਆਪਣੇ ਕਾਰੋਬਾਰ ਜਾਂ ਯੂਨੀਵਰਸਿਟੀ ਰਾਹੀਂ ਸੈਂਟਰ ਆਫ ਐਕਸੀਲੈਂਸ ਦੀ ਸਥਾਪਨਾ 'ਤੇ ਵਿਚਾਰ ਕੀਤੀ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਕੈਨੇਡਾ ਸਿੱਖਿਅਤ ਪੰਜਾਬੀ ਨੌਜਵਾਨਾਂ ਦੇ ਕੈਨੇਡਾ ਵਿੱਚ ਆਵਾਸ ਨੂੰ ਹੁਲਾਰਾ ਦੇਣ ਲਈ ਸਹਾਇਤਾ ਦੇ ਸਕਦਾ ਹੈ।

### ਪ੍ਰਵਾਸੀ ਸਿੱਖਾਂ 'ਚ ਰੋਸ

ਜਸਟਿਨ ਟਰੂਡੋ ਨਾਲ ਮੁਲਾਕਾਤ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਵੱਲੋਂ ਕਨੇਡਾ ਵਿੱਚ ਰਹਿੰਦੇ ਏ ਕਲਾਸ ਦੇ ਸਿੱਖ ਖਾੜਕੂਆਂ ਦੀ ਸੂਚੀ ਸੌਂਪਣ ਨਾਲ ਪ੍ਰਵਾਸੀ ਸਿੱਖਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਕੈਪਟਨ ਦੇ ਇਸ ਕਦਮ ਨੂੰ ਪੰਥਕ ਹਲਕਿਆਂ ਵਿੱਚ ਮੰਨਿਆ ਜਾ ਰਿਹਾ ਹੈ ਕਿ ਕੈਪਟਨ ਨੇ ਇਹ ਸੂਚੀ ਸੌਂਪ ਕੇ ਪ੍ਰਵਾਸੀ ਸਿੱਖਾਂ ਦਾ ਅਕਸ ਖਰਾਬ ਕਰਨ ਦੀ ਕੋਸ਼ਿਸ ਕੀਤੀ ਹੈ। ਇਸ ਗੱਲ ਦੀ ਚਰਚਾ ਹੋ ਰਹੀ ਹੈ ਕਿ ਕੈਪਟਨ ਨੇ ਇਹ ਸੂਚੀ ਸੌਂਪ ਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਾਲਾ ਰੋਲ ਖੁਦ ਨਿਭਾਇਆ ਹੈ, ਕਿਉਂਕਿ ਮੁੱਖ ਮੰਤਰੀ ਦੇ ਤੌਰ 'ਤੇ ਤਾਂ ਕੈਪਟਨ ਦੀ ਤਾਂ ਕਨੇਡਾ ਦੇ ਪ੍ਰਧਾਨ ਮੰਤਰੀ ਨਾਲ ਇਸ ਪੱਧਰ 'ਤੇ ਗੱਲਬਾਤ ਕਰਨ ਦੀ ਹੈਸੀਅਤ ਵੀ ਨਹੀਂ ਬਣਦੀ। ਸਿੱਖ ਹਲਕਿਆਂ ਵਿੱਚ ਚਰਚਾ ਹੈ ਕਿ ਇਸ ਕਦਮ ਨਾਲ ਕੈਪਟਨ ਦੇ ਭਾਜਪਾ ਨਾਲ ਅੰਦਰੂਨੀ ਸਬੰਧ ਪ੍ਰਗਟ ਹੋ ਗਏ, ਕਿਉਂਕਿ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਵੀ ਪੰਜਾਬ ਕਾਂਗਰਸ ਦੀ ਕਮਾਂਡ ਨਾ ਦਿੱਤੇ ਜਾਣ 'ਤੇ ਕੈਪਟਨ ਦੇ ਭਾਜਪਾ ਵਿੱਚ ਜਾਣ ਦੀ ਚਰਚਾ ਹੁੰਦੀ ਰਹੀ ਹੈ। ਹੁਣ ਇਸ ਗੱਲ ਦੀ ਚਰਚਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਕੇਂਦਰ ਦੀ ਭਾਜਪਾ ਸਰਕਾਰ ਤੋਂ ਵਿੱਤੀ ਮੱਦਦ ਲੈਣੀ ਚਾਹੁੰਦਾ ਹੈ, ਜਿਸ ਕਰਕੇ ਉਹ ਸਭ ਕੁਝ ਜਾਣਦਿਆਂ ਹੋਇਆ ਵੀ ਸਿੱਖ ਵਿਰੋਧੀ ਫੈਸਲਿਆਂ ਉਪਰ ਅਮਲ ਕਰ ਰਿਹਾ ਹੈ। ਕੈਪਟਨ ਦੇ ਇਸ ਕਦਮ ਨਾਲ ਜਿਥੇ ਪੰਜਾਬ ਅੰਦਰ ਉਸਦੇ ਸਿੱਖ ਅਕਸ ਨੂੰ ਭਾਰੀ ਢਾਹ ਲੱਗੀ ਹੈ, ਉਥੇ ਕਨੇਡਾ, ਅਮਰੀਕਾ, ਯੂਰਪ, ਅਸਟਰੇਲੀਆ, ਅਰਬ ਅਤੇ ਹੋਰ ਵਿਦੇਸ਼ਾਂ ਵਿੱਚ ਵਸਦੇ ਲੱਖਾਂ ਸਿੱਖਾਂ ਵਿੱਚ ਵੀ ਕੈਪਟਨ ਦੇ ਇਸ ਕਦਮ ਨੇ ਨਿਰਾਸ਼ਤਾ ਲਿਆਂਦੀ ਹੈ। ਇਹੋ ਜਿਹਾ ਅਕਸ ਪੇਸ਼ ਕਰਨ ਕਾਰਣ ਸਿੱਖਾਂ ਤੇ ਨਸਲੀ ਹਮਲੇ ਹੋ ਸਕਦੇ ਹਨ। ਸੂਤਰਾਂ ਅਨੁਸਾਰ ਇਹ ਸਭ ਕੁਝ ਮੋਦੀ ਦੇ ਇਸ਼ਾਰੇ 'ਤੇ ਕੈਪਟਨ ਵੱਲੋਂ ਇਹ ਪੁਜ਼ੀਸ਼ਨ ਲਈ ਗਈ ਹੈ। ਕਨੇਡਾ ਦੇ ਪ੍ਰਧਾਨ ਮੰਤਰੀ ਨਾਲ ਅਜਿਹੀ ਗੱਲਬਾਤ ਕਰਨ ਜਾਂ ਕੋਈ ਸੂਚੀ ਸੌਂਪਣ ਦਾ ਅਧਿਕਾਰ ਭਾਰਤ ਦੇ ਪ੍ਰਧਾਨ ਮੰਤਰੀ ਜਾਂ ਗ੍ਰਹਿ ਮੰਤਰੀ ਦਾ ਬਣਦਾ ਹੈ, ਪਰ ਕੈਪਟਨ ਵੱਲੋਂ ਇਸ ਮੀਟਿੰਗ ਤੋਂ ਪਹਿਲਾਂ ਭਾਰਤ ਦੇ ਰਾਸਟਰੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਨਾਲ ਮੀਟਿੰਗ ਕੀਤੀ ਤੇ ਭਾਰਤ ਸਰਕਾਰ ਵੱਲੋਂ ਤਿਆਰ ਕੀਤੀ ਗਈ ਸੂਚੀ ਹੀ ਟਰੂਡੋ ਨੂੰ ਸੌਂਪੀ ਗਈ ਹੈ। ਕੈਪਟਨ ਵੱਲੋਂ ਪਹਿਲਾਂ ਵੀ ਕੈਨੇਡਾ ਦੇ ਰੱਖਿਆ ਮੰਤਰੀ ਹਰਜੀਤ ਸਿੰਘ ਸੱਜਣ ਨੂੰ ਖਾਲਿਸਤਾਨੀਆਂ ਸਮਰਥਕ ਦੱਸ ਕੇ ਮੁਲਾਕਾਤ ਨਾ ਕਰਨ ਦੀ ਗੱਲ ਕਰਕੇ ਕੇਂਦਰੀ ਏਜੰਸੀਆਂ ਦੇ ਇਸ਼ਾਰੇ 'ਤੇ ਸਿੱਖਾਂ ਨੂੰ ਬਦਨਾਮ ਕਰਨ ਦੀ ਕੋਸ਼ਿਸ ਕੀਤੀ ਜਾ ਚੁੱਕੀ ਹੈ ਤੇ ਹੁਣ ਫੇਰ ਪਹਿਲਾਂ ਤਾਂ ਟਰੂਡੋ ਦੇ ਨਾਲ ਆ ਰਹੇ ਸਿੱਖ ਮੰਤਰੀਆਂ ਦਾ ਸਵਾਗਤ ਨਾ ਕਰਨ ਦੀ ਗੱਲ ਕਰਕੇ ਕੇਂਦਰੀ ਏਜੰਸੀਆਂ ਦੀ ਖੁਸ਼ੀ ਪ੍ਰਾਪਤ ਕੀਤੀ ਗਈ, ਪਰ ਹੁਣ ਕੇਂਦਰੀ ਏਜੰਸੀਆਂ ਵੱਲੋਂ ਤਿਆਰ ਕੀਤੀ ਕਾਲੀ ਸੂਚੀ ਵਿਚਲੇ ਸਿੱਖਾਂ ਦੀ ਹਵਾਲਗੀ ਵਾਲੀ ਲਿਸਟ ਟਰੂਡੋ ਨੂੰ ਸੌਂਪ ਕੇ ਸਿੱਖ ਕੌਮ ਨੂੰ ਬਦਨਾਮ ਕਰਨ ਦਾ ਕੋਝਾ ਯਤਨ ਕੀਤਾ ਗਿਆ ਹੈ।

# ਕੈਪਟਨ ਵੱਲੋਂ ਟਰੂਡੋ ਨੂੰ ਸੌਂਪੀ ਗਈ ਸੂਚੀ ਬਾਰੇ ਕਹਿੰਦੇ ਨੇ ਪੰਥਕ ਆਗੂ

**ਅੰਮ੍ਰਿਤਸਰ/ਬਿਊਰੋ ਨਿਊਜ਼:** ਦਲ ਖਾਲਸਾ ਦੇ ਆਗੂ ਭਾਈ ਗਜਿੰਦਰ ਸਿੰਘ ਨੇ ਕਿਹਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਵੱਲੋਂ ਜਸਟਿਨ ਟਰੂਡੋ ਨੂੰ ਸੌਂਪੀ ਗਈ ਸੂਚੀ ਨਾਲ ਕੁੱਝ ਖਾਸ ਨਹੀਂ ਹੋਣ ਵਾਲਾ, ਕਿਉਂਕਿ ਕਨੇਡਾ ਵਿੱਚ ਸਭ ਕੁਝ ਕਾਨੂੰਨ ਦੇ ਦਾਇਰੇ ਵਿੱਚ ਰਹਿ ਕੇ ਹੀ ਹੁੰਦਾ ਹੈ । ਉੱਥੇ ਰਹਿੰਦੇ ਸਿੱਖ ਵੀ ਉਥੇ ਦੇ ਕਾਨੂੰਨ ਦੀ ਪੂਰੀ ਤਰਾਂ ਪਾਲਣਾ ਕਰਦੇ ਹਨ ਅਤੇ ਕੈਪਟਨ ਦੀ ਕੋਈ ਸੂਚੀ ਉਥੇ ਕਿਸੇ ਦਾ ਕੁਝ ਨਹੀਂ ਵਿਗਾੜ ਸਕੇਗੀ । ਉਹਨਾਂ ਦਾ ਕਹਿਣਾ ਹੈ ਕਿ ਕਨੇਡਾ ਵਿੱਚ ਭਾਰਤ/ਪੰਜਾਬ ਵਾਂਗ ਕੇਵਲ ਕਿਸੇ ਦੇ ਵਿਚਾਰਾਂ ਕਰ ਕੇ ਉਸ ਨੂੰ ਗ੍ਰਿਫਤਾਰ ਨਹੀਂ ਕੀਤਾ ਜਾਂਦਾ ਅਤੇ ਨਾ ਹੀ ਝੂਠੇ ਮੁਕਾਬਲੇ ਬਣਾ ਕੇ ਲੋਕਾਂ ਦਾ ਕਤਲ ਕੀਤਾ ਜਾਂਦਾ ਹੈ । ਭਾਈ ਗਜਿੰਦਰ ਸਿੰਘ ਦਾ ਕਹਿਣਾ ਹੈ ਕਿ ਮੈਨੂੰ ਲੱਗਦਾ ਹੈ ਕੈਪਟਨ ਅਮਰਿੰਦਰ ਸਿੰਘ ਆਪਣੇ ਕਿਸੇ ਖਾਸ ਕਾਰਨ ਕਰ ਕੇ ਜਾਂ ਮਜਬੂਰੀ ਕਰ ਕੇ ਆਪਣੇ ਆਪ ਨੂੰ 'ਭਾਰਤ ਦੀ ਆਖੰਡਤਾ' ਦੇ ਵੱਡੇ ਚੈਂਪੀਅਨ ਸਿੱਧ ਕਰਨਾ ਚਾਹੁੰਦੇ ਹਨ। ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਕਿਹਾ ਹੈ ਕਿ ਆਪਣੀ ਕੌਮ ਦੀ ਸਿਕਾਇਤ ਕਰਨਾ ਤਾਂ ਬਹੁਤ ਹੀ ਨੀਚਤਾ ਭਰਿਆ ਕੰਮ ਹੁੰਦਾ ਹੈ। ਉਹਨਾਂ ਕਿਹਾ ਕਿ ਜਦੋਂ ਕੈਪਟਨ ਅਮਰਿੰਦਰ ਸਿੰਘ ਕੋਲ ਪੰਜਾਬ ਮੁੱਖ ਮੰਤਰੀ ਹੁੰਦਿਆਂ ਅਥਾਹਾਂ ਪਾਵਰਾਂ ਹਨ ਅਤੇ ਉਹ ਹੁਣ ਤੱਕ ਪੰਜ ਨੌਜਵਾਨਾਂ ਨੂੰ ਪੁਲੀਸ ਕੋਲੋਂ ਕਤਲ ਕਰਵਾ ਚੁੱਕੇ ਹਨ ਤਾਂ ਫੇਰ ਉਹਨਾਂ ਨੂੰ ਹੁਣ ਕਨੇਡਾ ਦੀ ਸਰਕਾਰ ਕੋਲ ਸਿਕਾਇਤ ਕਰਨ ਦੀ ਕੀ ਲੋੜ ਪੈ ਗਈ ਹੈ। ਉਹਨਾਂ ਕਿਹਾ ਜੋ ਕੰਮ ਪ੍ਰਕਾਸ ਸਿੰਘ ਬਾਦਲ ਅਤੇ ਸੁਖਬੀਰ ਸਿੰਘ ਬਾਦਲ ਹੋਰੀਂ ਕਰਦੇ ਰਹੇ ਹਨ, ਹੁਣ ਉਹੀ ਕੰਮ ਕੈਪਟਨ ਅਮਰਿੰਦਰ ਸਿੰਘ ਕਰ ਰਿਹਾ ਹੈ। ਅਕਾਲੀ ਬੁਲਾਰਾ ਵਿਰਸਾ ਸਿੰਘ ਵਲਟੋਹਾ ਨੇ ਕਿਹਾ ਕਿ ਕੈਪਟਨ ਨੇ ਬੜਾ ਅਹਿਮ ਮੌਕਾ ਗੁਆ ਦਿੱਤਾ। ਮੀਟਿੰਗ ਬਿਨਾਂ ਏਜੰਡੇ ਦੀ ਸੀ ਤੇ ਜਦ ਕਿ ਅੰਮ੍ਰਿਤਸਰ ਤੋਂ ਕੈਨੇਡਾ ਲਈ ਸਿੱਧੀ ਉਡਾਨ, ਪੰਜਾਬ ਵਿਚ ਕਿਸਾਨਾਂ ਤੇ ਵਿਦਿਆਰਥੀਆਂ ਦੇ ਨਾਲ ਸੰਬੰਧਿਤ ਗੰਭੀਰ ਮਾਮਲਿਆਂ ਨੂੰ ਚੁੱਕਣਾ ਚਾਹੀਦਾ ਸੀ। ਕੈਪਟਨ ਨੇ ਤਾਂ ਸਿਰਫ਼ ਆਪਣੀ ਵਿਗੜ ਰਹੀ ਰਾਜਨੀਤਕ ਅਕਸ ਨੂੰ ਹੀ ਸੁਧਾਰਨ ਲਈ ਡਰਾਮਾ ਰਚਿਆ ਹੈ ਤੇ ਇਸ ਮੀਟਿੰਗ ਦਾ ਪੰਜਾਬ ਕੋਈ ਲਾਭ ਨਹੀਂ ਹੋਵੇਗਾ।

### ਸੂਚੀ ਦੇਣਾ ਵਿਦੇਸ਼ ਨੀਤੀ ਦਾ ਹਿੱਸਾ : ਕਾਂਗਰਸ

ਅੰਮ੍ਰਿਤਸਰ-ਪੰਜਾਬ ਵਿਚ ਖਾੜਕੂ ਸਰਗਰਮੀਆਂ ਵਿਚ ਸ਼ਾਮਲ ਜਿਨ੍ਹਾਂ 9 ਲੋਕਾਂ ਦੀ ਸੂਚੀ ਟਰੂਡੋ ਨੂੰ ਸੌਂਪੀ ਗਈ ਹੈ, ਉਸ ਨੂੰ ਲੈ ਕੇ ਵਿਵਾਦ ਚੁੱਕਣਾ ਸ਼ੁਰੂ ਹੋ ਗਿਆ ਹੈ। ਜਾਣਕਾਰਾਂ ਦੀ ਮੰਨੀਏ, ਤਾਂ ਕੈਪਟਨ ਨੇ ਪ੍ਰੋਟੋਕੋਲ ਦੇ ਉਲਟ ਜਾ ਕੇ ਸੂਚੀ ਸੌਂਪੀ ਹੈ। ਕਾਂਗਰਸ ਬੁਲਾਰਾ ਡਾ. ਰਾਜਕੁਮਾਰ ਵੇਰਕਾ ਤੋਂ ਪੁੱਛਿਆ ਗਿਆ ਕਿ ਕੈਪਟਨ ਨੇ ਇਹ ਸੂਚੀ ਸੌਂਪ ਕੇ ਪ੍ਰੋਟੋਕੋਲ ਦੀ ਉਲੰਘਣਾ ਕੀਤੀ ਹੈ, ਤਾਂ ਉਨ੍ਹਾਂ ਕਿਹਾ ਕਿ ਸੂਚੀ ਕੇਂਦਰ ਦੇ ਇਸ਼ਾਰੇ ਤੇ ਉਨ੍ਹਾਂ ਦੀ ਸਲਾਹ ਨਾਲ ਹੀ ਟਰੂਡੋ ਨੂੰ ਸੌਂਪੀ ਗਈ ਹੈ, ਕਿਉਂਕਿ ਇਹ ਵੀ ਵਿਦੇਸ਼ ਨੀਤੀ ਦਾ ਵੱਡਾ ਹਿੱਸਾ ਹੈ।

# ਟਰੂਡੋ ਦੀ ਪੰਜਾਬ ਫੇਰੀ ਤੇ ਕੈਪਟਨ ਦਾ ਅਨੈਤਿਕ ਵਿਵਹਾਰ

## ਪ੍ਰਧਾਨ ਮੰਤਰੀ ਮੋਦੀ ਦੇ ਚਹੇਤਾ ਬਣੇ ਕੈਪਟਨ ਤੇ ਮੋਦੀ ਦੀਆਂ ਨੀਤੀਆਂ ਅਨੁਸਾਰ ਟਰੂਡੋ ਨਾਲ ਕੀਤਾ ਮਾੜਾ ਵਿਹਾਰ

**ਵਿਸ਼ੇਸ਼ ਰਿਪੋਰਟ**
**ਪ੍ਰੋ. ਬਲਵਿੰਦਰਪਾਲ ਸਿੰਘ**
(ਮੋਬਾਇਲ: 98157 00916)



ਮਜ਼ਬੂਤ ਅਰਥਚਾਰੇ ਅਤੇ ਭਾਰਤ ਨਾਲੋਂ ਕਿਤੇ ਵੱਡੇ ਭੂਗੋਲਿਕ ਰਕਬੇ ਵਾਲੇ ਮੁਲਕ ਕੈਨੇਡਾ ਦੇ ਪ੍ਰਧਾਨ ਮੰਤਰੀ ਦੀ ਫੇਰੀ ਨੂੰ ਭਾਰਤ ਵਿੱਚ ਸਰਕਾਰੀ ਤੌਰ 'ਤੇ ਵੁੱਕਤ ਨਾ ਮਿਲਣੀ ਕੈਨੇਡੀਅਨ ਮੀਡੀਆ ਵਿੱਚ ਆਲੋਚਨਾ ਤੇ ਮੋਦੀਵਾਦ ਦਾ ਗੈਰ ਰਾਜਨੀਤਕ ਸਿਸ਼ਟਾਚਾਰ ਚਰਚਾ ਦਾ ਵਿਸ਼ਾ ਬਣ ਗਿਆ ਸੀ। ਅਜਿਹਾ ਉਦੋਂ ਹੋਇਆ, ਜਦੋਂ ਕੈਨੇਡਾ ਵਿਚ ਭਾਰਤੀ ਮੂਲ ਦੇ ਲੋਕ ਵੱਡੀ ਗਿਣਤੀ ਵਿਚ ਹਨ, ਇੱਥੇ ਖ਼ਾਸ ਕਰਕੇ ਸਿੱਖਾਂ ਦੀ ਅਬਾਦੀ ਕਾਫੀ ਹੈ। ਸਿੱਖਾਂ ਦੀ ਅਹਿਮੀਅਤ ਦਾ ਅੰਦਾਜ਼ਾ ਇਸ ਗੱਲ ਤੋਂ ਵੀ ਲਗਾ ਸਕਦੇ ਹਾਂ ਕਿ ਜਸਟਿਨ ਟਰੂਡੋ ਦੀ ਕੈਬਿਨਟ ਵਿਚ ਚਾਰ ਸਿੱਖ ਮੰਤਰੀ ਹਨ। ਸਿੱਖਾਂ ਦੇ ਪ੍ਰਤੀ ਉਦਾਰਤਾ ਦੇ ਕਾਰਨ ਕੈਨੇਡੀਅਨ ਪ੍ਰਧਾਨ ਮੰਤਰੀ ਨੂੰ ਮਜ਼ਾਕ ਵਿਚ ਜਸਟਿਨ 'ਸਿੰਘ' ਟਰੂਡੋ ਵੀ ਕਿਹਾ ਜਾਂਦਾ ਹੈ। ਕੈਨੇਡਾ ਦੇ ਰੱਖਿਆ ਮੰਤਰੀ ਹਰਜੀਤ ਸੱਜਣ ਵੀ ਸਿੱਖ ਹੀ ਹੈ। ਹਰਜੀਤ ਸੱਜਣ ਦੇ ਪਿਤਾ ਵਿਸ਼ਵ ਸਿੱਖ ਆਰਗੇਨਾਈਜੇਸ਼ਨ ਦੇ ਮੈਂਬਰ ਸਨ। 2015 ਵਿਚ ਜਸਟਿਨ ਟਰੂਡੋ ਨੇ ਕਿਹਾ ਸੀ ਕਿ ਉਨ੍ਹਾਂ ਨੇ ਜਿੰਨੇ ਸਿੱਖਾਂ ਨੂੰ ਆਪਣੀ ਕੈਬਿਨਟ ਵਿਚ ਥਾਂ ਦਿੱਤੀ ਹੈ, ਉੱਨੀ ਥਾਂ ਭਾਰਤ ਦੀ ਕੈਬਿਨਟ ਵਿਚ ਵੀ ਨਹੀਂ ਹੈ। ਕੈਨੇਡਾ ਵਿਚ ਪ੍ਰਵਾਸੀ ਭਾਰਤੀਆਂ ਦੇ ਪ੍ਰਭਾਵ ਦਾ ਅੰਦਾਜ਼ਾ ਇਸ ਗੱਲ ਤੋਂ ਵੀ ਲਗ ਸਕਦਾ ਹੈ ਕਿ ਉੱਥੋਂ ਦੇ ਹਾਊਸ ਆਫ ਕਾਮਨਜ਼ ਲਈ ਭਾਰਤੀ ਮੂਲ ਦੇ 19 ਲੋਕਾਂ ਨੂੰ ਚੁਣਿਆ ਗਿਆ ਹੈ। ਇਨ੍ਹਾਂ ਵਿਚੋਂ 17 ਟਰੂਡੋ ਦੀ ਉਦਾਰਵਾਦੀ ਪਾਰਟੀ ਤੋਂ ਹਨ।

**ਕੈਪਟਨ ਦੀ ਦੇਸ ਭਗਤੀ**

ਪੰਜਾਬੀ ਭਾਈਚਾਰੇ ਦੇ ਵਿਕਾਸ ਵਿਚ ਕੈਨੇਡਾ ਦੀ ਉਘੀ ਭੂਮਿਕਾ ਹੈ ਜੋ ਮੋਦੀ ਸਰਕਾਰ ਨੂੰ ਬਰਦਾਸ਼ਤ ਨਹੀਂ ਹੋ ਰਿਹਾ। ਕੈਪਟਨ ਸਰਕਾਰ ਨੇ ਜਿਸ ਤਰ੍ਹਾਂ ਭਗਵੀਂ ਦੇਸ ਭਗਤੀ ਦਾ ਏਜੰਡਾ ਲੈਕੇ ਖਾਲਿਸਤਾਨ ਨੂੰ ਗਾਲ ਬਣਾਕੇ ਪੰਜਾਬੀਆਂ ਤੇ ਟਰੂਡੋ ਨੂੰ ਬੇਅਦਬ ਕੀਤਾ ਤੇ ਹਵਾਈ ਅਡੇ ਤੇ ਟਰੂਡੋ ਦਾ ਸਵਾਗਤ ਨਾ ਕਰਕੇ ਪ੍ਰੋਟੋਕਾਲ ਦੀ ਉਲੰਘਣਾ ਕੀਤੀ, ਉਹ ਉਚਿਤ ਕਦਮ ਨਹੀਂ ਮੰਨਿਆ ਜਾ ਸਕਦਾ। ਬਹੁਤੇ ਰਾਜਨੀਤਕ ਮਾਹਿਰਾਂ ਦਾ ਵਿਚਾਰ ਹੈ ਕਿ ਕੈਪਟਨ ਅਮਰਿੰਦਰ ਸਿੰਘ ਨੇ ਭਾਰਤੀ ਵਿਦੇਸ਼ ਮੰਤਰਾਲੇ ਵੱਲੋਂ ਲਿਖੀ ਗਈ ਸਕ੍ਰਿਪਟ ਉੱਤੇ ਇਹ ਸਭ ਵਿਹਾਰ ਕੀਤਾ ਹੈ। ਵਿਦੇਸ਼ ਮੰਤਰਾਲਾ ਚਾਹੁੰਦਾ ਸੀ ਕਿ ਕੈਨੇਡਾ ਵਿਚਲੇ ਖਾਲਿਸਤਾਨੀ ਸਿੱਖਾਂ ਦਾ ਮਸਲਾ ਮੋਦੀ-ਟਰੂਡੋ ਮੀਟਿੰਗ ਤਕ ਚੱਲਦਾ ਰਹਿਣ ਤੋਂ ਪਹਿਲਾਂ ਹੀ ਮੁੱਕ ਜਾਵੇ ਅਤੇ ਇਸ ਨੂੰ ਟਰੂਡੋ ਕੋਲ ਸਿੱਧੇ ਤੌਰ 'ਤੇ ਕੋਈ ਸਿੱਖ ਆਗੂ ਹੀ ਉਠਾਏ। ਕੈਪਟਨ ਰਾਹੀਂ ਇਸ ਉਦੇਸ਼ ਦੀ ਪੂਰਤੀ ਹੋ ਗਈ। ਕੈਪਟਨ ਮੋਦੀ ਭਗਤ ਹੋ ਗਏ। ਇਹ ਕਿੰਨੀ ਮਾੜੀ ਗੱਲ ਹੈ ਕਿ 8 ਦਿਨਾਂ ਦੇ ਦੌਰੇ ਵਿਚੋਂ 7 ਦਿਨ ਤੱਕ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕੋਲ ਆਪਣੇ ਇਸ ਵਿਦੇਸ਼ੀ ਮਹਿਮਾਨ ਟਰੂਡੋ ਨਾਲ ਹੱਥ ਮਿਲਾਉਣ ਦਾ ਸਮਾਂ ਤੱਕ ਨਾ ਹੋਵੇ। ਭਾਰਤ ਦੇ ਪ੍ਰਧਾਨ ਮੰਤਰੀ ਮੋਦੀ ਵਿਦੇਸ਼ੀ ਮੁਲਕਾਂ ਦੇ ਸਰਬਰਾਹਾਂ ਨੂੰ ਪਰੋਟੋਕੋਲ ਤੋੜ ਕੇ ਗਰਮਜੋਸ਼ੀ ਨਾਲ ਮਿਲਦੇ ਰਹੇ ਹਨ ਪਰ ਕੈਨੇਡਾ ਵਰਗੇ ਮਹੱਤਵਪੂਰਨ ਦੇਸ਼ ਦੇ ਪ੍ਰਧਾਨ ਮੰਤਰੀ ਦੇ ਸਵਾਗਤ ਲਈ ਕਿਤੇ ਵੀ ਰੈੱਡ ਕਾਰਪੈੱਟ ਵਿਛਾਇਆ ਨਹੀਂ ਗਿਆ।

**ਬੁਰਾ ਹਸ਼ਰ ਪੰਜਾਬ ਦਾ**

ਪੰਜਾਬ ਦਾ ਮੁਖ ਮਸਲਾ ਖਾਲਿਸਤਾਨ ਦਾ ਵਿਵਾਦ ਨਹੀਂ, ਪੰਜਾਬ ਲਈ ਬੇਰੁਜਗਾਰੀ ਹੈ। ਇਹ ਕੈਪਟਨ ਅਮਰਿੰਦਰ ਸਿੰਘ ਨੂੰ ਵੀ ਪਤਾ ਹੈ ਤੇ ਬਾਦਲਾਂ ਨੂੰ ਵੀ। ਇਹ ਦੋਵੇ ਦਸਣ ਪੰਜਾਬ ਦਾ ਬੁਰਾ ਹਸ਼ਰ ਕਿਸ ਨੇ ਕੀਤਾ ? ਕਿਸ ਨੇ ਨੈਤਿਕ, ਸਭਿਆਚਾਰਕ ਤੇ ਆਰਥਿਕ ਪਖੋਂ ਪੰਜਾਬ ਨੂੰ ਮਾਰੂਥਲ ਤੇ ਬੰਜਰ ਬਣਾਇਆ। ਇਸ ਸਮੇਂ ਪੰਜਾਬ ਵਿਚ ਰੁਜਗਾਰ ਤੇ ਸਵੈ ਰੁਜਗਾਰ ਕੁਝ ਨਹੀਂ ਹੈ। ਖੇਤੀਬਾੜੀ ਤਬਾਹ ਹੈ। ਸਨਅਤ ਜਾਂ ਤਾਂ ਦੂਜੇ ਰਾਜਾਂ ਵਿਚ ਚਲੇ ਗਈ ਹੈ ਜਾਂ ਫਿਰ ਖਤਮ ਹੋ ਰਹੀ ਹੈ। ਬੇਰੁਜਗਾਰੀ ਸਿਖਰਾਂ 'ਤੇ ਹੈ।

ਪੰਜਾਬ ਦਾ ਪੜ੍ਹਿਆ ਲਿਖਿਆ ਨੌਜਵਾਨ ਅਜਮਾਇਸ਼ੀ ਦੌਰ ਵਿਚੋਂ ਲੰਘ ਰਿਹਾ ਹੈ। ਮਾਂ-ਬਾਪ ਇਹ ਸੋਚ ਕੇ ਲੱਖਾਂ ਖਰਚ ਕੇ ਉਸ ਨੂੰ ਸਿੱਖਿਆ ਦਿਵਾਉਂਦੇ ਨ ਤਾਂ ਜੋ ਉਸ ਦਾ ਸੁਨਹਿਰੀ ਭਵਿੱਖ ਉਸਰ ਸਕੇ। ਪਰ ਪੜ੍ਹਾਈ ਸੰਪੂਰਨ ਹੋਣ ਤੋਂ ਬਾਅਦ ਉਸ ਨੂੰ ਪੰਜਾਬ ਵਿਚ ਚੰਗੀ ਨੌਕਰੀ ਨਹੀਂ ਮਿਲੀ। ਪਿਛਲੇ ਦਸ ਸਾਲਾਂ ਵਿਚ ਨੌਜਵਾਨਾਂ ਦੇ ਹੱਥ ਵਿਚ ਸਿਰਫ ਡਿਗਰੀ, ਬੇਰੁਜ਼ਗਾਰੀ ਜਾਂ ਫਿਰ ਆਪਣੇ ਪਰਿਵਾਰ ਤੋਂ ਦੂਰ ਜਾ ਕੇ ਪੰਜਾਬ ਤੋਂ ਬਾਹਰ ਦੂਜਿਆਂ ਸੂਬਿਆਂ ਵਿਚ ਨੌਕਰੀਆਂ ਲਈ ਧੱਕੇ ਹਨ। ਉਸ ਨੂੰ ਪੰਜਾਬ ਵਿਚ ਆਪਣਾ ਸੁਚੱਜਾ ਸੋਹਣਾ ਭਵਿੱਖ ਨਜ਼ਰ ਨਹੀਂ ਆਉਂਦਾ।ਪਿਛਲੇ ਸ ਸਾਲਾਂ ਦੌਰਾਨ ਲੱਖਾਂ ਪੰਜਾਬੀ ਨੌਜਵਾਨਾਂ ਨੂੰ ਨਿਰਾਸ਼ਾ ਵਲ ਧਕੇਲ ਦਿੱਤਾ ਗਿਆ ਹੈ। ਇਸ ਪਿੱਛੇ ਪੰਜਾਬ ਦੀਆਂ ਗ਼ੈਰ ਜ਼ਿੰਮੇਵਾਰਾਨਾ ਸਰਕਾਰਾਂ ਸਨ। ਅੱਜ ਪੰਜਾਬ ਦਾ ਨੌਜਵਾਨ ਆਪਣੇ ਸੁਨਹਿਰੇ ਭਵਿੱਖ ਲਈ ਪੰਜਾਬ ਛੱਡ ਕੇ ਬੇਰੁਜ਼ਗਾਰੀ ਦੇ ਦੁਖਾਂਤਕ ਹਾਲਾਤਾਂ ਤੋਂ ਬਚਣ ਲਈ ਕੈਨੇਡਾ ਵਰਗੇ ਹੋਰ ਦੇਸਾਂ ਵਲ ਪ੍ਰਵਾਸ ਕਰ ਰਿਹਾ ਹੈ। ਕੈਨੇਡਾ ਨੇ ਅੱਜ ਪੰਜਾਬੀਆਂ ਲਈ ਆਪਣੇ ਮੁਲਕ ਦੇ ਬੂਹੇ ਖੋਲ੍ਹ ਦਿੱਤੇ ਹਨ। ਹਜ਼ਾਰਾਂ ਪੰਜਾਬੀ ਨੌਜਵਾਨ ਬੇਰੁਜਗਾਰੀ ਦੀ ਅੱਗ ਸੇਕਦੇ ਕਰਜ਼ੇ ਚੁਕ ਕੇ ਰੁਜ਼ਗਾਰ ਦੀ ਤਲਾਸ਼ ਵਿਚ ਕੈਨੇਡਾ ਤੇ ਹੋਰ ਦੇਸਾਂ ਵਲ ਜਾ ਰਹੇ ਹਨ। ਪੰਜਾਬੀ ਨੌਜਵਾਨ ਬਹੁਤ ਮਿਹਨਤੀ ਹਨ। ਮਿਹਨਤ ਉਸ ਦੇ ਖ਼ੂਨ ਵਿਚ ਹੈ। ਆਪਣੀ ਇਸੇ ਮਿਹਨਤ ਸਦਕਾ ਉਨ੍ਹਾਂ ਨੇ ਕੈਨੇਡਾ ਵਰਗੇ ਮੁਲਕ ਵਿਚ ਆਪਣਾ ਨਾਮ ਰੌਸ਼ਨ ਕੀਤਾ ਹੈ। ਪੰਜਾਬ ਵਿਚ ਜੋ ਗੱਭਰੂ ਪ੍ਰਵਾਸ ਨਹੀਂ ਕਰ ਸਕੇ, ਗਿਆਨ ਨਹੀਂ ਲੈ ਸਕੇ, ਵਧੀਆ ਪੜ੍ਹ ਲਿਖ ਨਹੀਂ ਸਕੇ, ਉਹ ਨਸ਼ਿਆਂ ਤੇ ਗੈਗਾਂ ਵਲ ਰੁਝ ਗਏ। ਪੰਜਾਬ ਗੁਰੂਆਂ ਦੀ ਧਰਤਿ ਨਾ ਰਹਿ ਕੇ ਗੈਂਗਲੈਂਡ ਬਣ ਗਈ। ਕੌਣ ਹੈ ਇਸ ਸਭ ਦਾ ਜ਼ਿੰਮੇਵਾਰ ?

ਅੱਜ ਕੈਨੇਡਾ ਵਿਚ ਦੋ ਪ੍ਰਤੀਸ਼ਤ ਪੰਜਾਬੀ ਹਨ। ਸਿਖੀ ਦੇ ਝੰਡੇ ਬੁਲੰਦ ਹਨ। ਪੰਜਾਬ ਦੇ ਯੂਥ ਉੱਚੀ ਪੜ੍ਹਾਈ ਕਰਕੇ ਚੰਗੀਆਂ ਨੌਕਰੀਆਂ ਲਗਕੇ ਕੈਨੇਡਾ ਵਿਚ ਅਨੰਦ ਮਾਣ ਰਹੇ ਹਨ। ਅੰਕੜੇ ਦੱਸਦੇ ਹਨ ਕਿ ਪਿਛਲੇ ਸਾਲ 1 ਲੱਖ 76 ਹਜ਼ਾਰ ਸਾਡੇ ਮੁੰਡੇ ਕੁੜੀਆਂ ਪੜ੍ਹਨ ਲਈ ਕੈਨੇਡਾ ਗਏ ਹਨ ਅਤੇ ਇਸ ਸਾਲ ਇਹ ਸੰਖਿਆ 3 ਲੱਖ 32 ਹਜ਼ਾਰ ਤੱਕ ਪੁੱਜਣ ਦੀ ਆਸ ਹੈ। ਕੈਪਟਨ ਸਰਕਾਰ ਨੂੰ ਕੈਨੇਡਾ ਦਾ ਧੰਨਵਾਦ ਕਰਨਾ ਚਾਹੀਦਾ ਸੀ ਕਿ ਉਸ ਨੇ ਪੰਜਾਬੀਆਂ ਨੂੰ ਰੁਜ਼ਗਾਰ ਦਿਤਾ। ਪਰ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਸੌੜੀ ਸਿਆਸਤ ਵਿਚ ਪੈ ਗਏ।

**ਕੈਪਟਨ ਫੇਰਦੈ ਮੋਦੀ ਦੀ ਮਾਲਾ**

ਅੱਜ ਪੰਜਾਬ ਵਿਚ ਕੁਝ ਆਰਥਿਕਤਾ ਹੈ ਤਾਂ ਇਹ ਪ੍ਰਵਾਸੀ ਪੰਜਾਬੀਆਂ ਦੀ ਦੇਣ ਹੈ। ਪੰਜਾਬ ਕੈਨੇਡਾ ਨਾਲ ਆਰਥਿਕ, ਸਭਿਆਚਾਰਕ ਤੇ ਸਮਾਜਿਕ ਸਹਿਯੋਗ ਲੈ ਕੇ ਨਵੇਂ ਮਾਡਲ ਵਜੋਂ ਉਭਰ ਸਕਦਾ ਸੀ । ਪਰ ਕੈਪਟਨ ਵਲੋਂ ਮੋਦੀ ਦਾ ਨਮੋ ਜਾਪ ਪੰਜਾਬ ਦੇ ਸੁਪਨਿਆਂ ਦੀ ਮੌਤ ਬਣ ਗਿਆ। ਪਰ ਕੈਪਟਨ ਨੂੰ ਚਾਹੀਦਾ ਸੀ ਕਿ ਉਹ ਘਰ ਆਏ ਮਹਿਮਾਨ ਟਰੂਡੋ ਨੂੰ ਵਿਸ਼ੇਸ਼ ਮਾਣ ਸਤਿਕਾਰ ਦਿੰਦੇ, ਜਿਸ ਦੇ ਕਿ ਟਰੂਡੋ ਪੂਰੀ ਤਰ੍ਹਾਂ ਹੱਕਦਾਰ ਸਨ। ਪਰ ਇਸ ਫੇਰੀ ਨੂੰ ਖਾਲਿਸਤਾਨ ਨਾਲ ਜੋੜ ਦਿੱਤਾ ਗਿਆ ਤੇ ਉਨ੍ਹਾਂ ਨੂੰ ਪੂਰੀ ਤਰ੍ਹਾਂ ਬੇਇਜ਼ਤ ਕੀਤਾ ਗਿਆ। ਤੁਹਾਨੂੰ ਯਾਦ ਕਰਵਾ ਦੇਈਏ ਕਿ ਇਸ ਤੋਂ ਪਹਿਲਾਂ ਕੈਨੇਡਾ ਦੇ ਰੱਖਿਆ ਮੰਤਰੀ ਹਰਜੀਤ ਸਿੰਘ ਸੱਜਣ ਪੰਜਾਬ ਫੇਰੀ 'ਤੇ ਆਏ ਸਨ ਤੇ ਕੈਪਟਨ ਨੇ ਇਸੇ ਤਰ੍ਹਾਂ ਹੀ ਉਨ੍ਹਾਂ ਨੂੰ ਖਾਲਿਸਤਾਨੀ ਕਹਿ ਕੇ ਆਪਣੀ ਅਨੈਤਿਕ ਸੋਚ ਦਾ ਪ੍ਰਗਟਾਵਾ ਕੀਤਾ ਸੀ। ਇਕ ਸਿੱਖ ਦਾ ਦੂਸਰੇ ਮੁਲਕ ਵਿਚ ਰੱਖਿਆ ਮੰਤਰੀ ਹੋਣਾ ਪੰਜਾਬੀਆਂ ਲਈ, ਸਿੱਖਾਂ ਲਈ ਮਾਣ ਦੀ ਗੱਲ ਹੈ, ਪਰ ਕੈਪਟਨ ਨੇ ਹਰਜੀਤ ਸਿੰਘ ਸੱਜਣ ਦਾ ਸਤਿਕਾਰ ਕਰਨ ਦੀ ਥਾਂ ਹੱਤਕ ਕੀਤੀ।

**ਕੈਪਟਨ ਦੀ ਗ਼ੈਰ ਸਿਸ਼ਟਾਚਾਰੀ ਪਹੁੰਚ**

ਜੇਕਰ ਪੰਜਾਬ ਦੇ ਸੱਤਾਧਾਰੀ ਦਿਸ਼ਾਹੀਣ ਕੀਤੇ ਅਤੇ ਭਟਕਦੇ ਨੌਜਵਾਨਾਂ ਨੂੰ ਕੁਝ ਦੇ ਨਹੀਂ ਸਕਦੇ ਤਾਂ ਉਨ੍ਹਾਂ ਨੂੰ ਕੋਈ ਹੱਕ ਨਹੀਂ ਜਿਹੜੇ ਦੇਸ਼ ਨੇ ਪੰਜਾਬੀਆਂ ਵਧੀਆ ਜੀਵਨ ਸਾਧਨ ਦਿਤੇ ਹਨ, ਉਸ ਦੇਸ ਦੇ ਪ੍ਰਧਾਨ ਮੰਤਰੀ ਨੂੰ ਬੇਇਜ਼ਤ ਕੀਤਾ ਜਾਵੇ। ਇਸ ਕਾਰਨ ਕੈਨੇਡਾ ਦੇ ਲੋਕਾਂ ਵਿਚ ਪੰਜਾਬੀਆਂ ਪ੍ਰਤੀ ਇਹ ਗਲਤ ਸੁਨੇਹਾ ਗਿਆ ਹੈ ਕਿ ਅਸੀਂ ਕਿੰਨੇ ਗੈਰ ਸਿਸਟਾਚਾਰੀ ਤੇ ਅਹਿਸਾਨ ਫਰਮੋਸ਼ ਹਾਂ। ਜੇ ਅੱਜ ਭਾਰਤੀ ਲੀਡਰਾਂ ਦੀਆਂ ਕਰਤੂਤਾਂ ਕਾਰਣ ਕੈਨੇਡਾ ਪੰਜਾਬੀਆਂ ਪ੍ਰਤੀ ਰਵਈਆ ਬਦਲ ਲਏ ਕੌਣ ਜ਼ਿੰਮੇਵਾਰ ਹੋਵੇਗਾ।

ਪੰਜਾਬ ਦੇ ਸਿਆਸਤਦਾਨਾਂ ਨੂੰ ਕਿਸ ਨੇ ਹੱਕ ਦਿੱਤਾ ਹੈ ਕਿ ਉਹ ਪੰਜਾਬ ਦੇ ਬੇਰੁਜ਼ਗਾਰ ਨੌਜਵਾਨਾਂ ਦੇ ਹਿੱਤਾਂ ਨਾਲ ਖੇਡਣ ਤੇ ਪੰਜਾਬੀਆਂ ਦੇ ਅਕਸ ਨੂੰ ਵਿਗਾੜਨ। ਸੂਤਰ ਦੱਸਦੇ ਹਨ ਕਿ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਨੇ ਭਾਵੇਂ ਕੈਨੇਡਾ ਦੇ ਪ੍ਰਧਾਨ ਮੰਤਰੀ ਨਾਲ ਮੁਲਾਕਾਤ ਕਰ ਲਈ ਅਤੇ ਕੈਨੇਡੀਅਨ ਰੱਖਿਆ ਮੰਤਰੀ ਹਰਜੀਤ ਸਿੰਘ ਸੱਜਣ ਨਾਲ ਹੱਥ ਵੀ ਮਿਲਾ ਲਿਆ ਪਰ ਅਜਿਹਾ ਗੈਰ ਜ਼ਿੰਮੇਵਾਰਾਨਾ ਰਵੱਈਆ ਅਪਨਾ ਕੇ ਕੈਨੇਡਾ ਕੋਲੋਂ ਪੰਜਾਬ ਦੇ ਵਿਕਾਸ ਲਈ ਕਈ ਕੁਝ ਪ੍ਰਾਪਤ ਕਰਨ ਤੇ ਦੁਵੱਲੇ ਸਮਝੌਤੇ ਕਰਨ ਤੋਂ ਅਸਫ਼ਲ ਰਹੇ ਹਨ। ਚੰਗੀ ਗੱਲ ਸੀ ਕਿ ਕੈਪਟਨ ਪੰਜਾਬੀਆਂ ਦੇ ਰੁਜ਼ਗਾਰ ਦੇ ਲਈ ਕੈਨੇਡਾ ਨਾਲ ਸਮਝੌਤਾ ਕਰਦਾ, ਇਥੋਂ ਦੀਆਂ ਯੂਨੀਵਰਸਿਟੀਆਂ ਤੇ ਉਥੋਂ ਦੀਆਂ ਯੂਨੀਵਰਸਿਟੀਆਂ ਵਿਚ ਅਜਿਹੇ ਸਮਝੌਤੇ ਕਰਵਾਏ ਜਾ ਸਕਦੇ ਸਨ ਜਿਸ ਨਾਲ ਪੰਜਾਬ ਦੇ ਨੌਜਵਾਨ ਇੱਥੇ ਪੜ੍ਹਨ ਤੋਂ ਬਾਅਦ ਅਸਾਨੀ ਨਾਲ ਵਿਦੇਸ਼ਾਂ ਵਿਚ ਵਧੀਆ ਰੁਜ਼ਗਾਰ ਪ੍ਰਾਪਤ ਕਰ ਸਕਦੇ।

ਨਵਜੋਤ ਸਿੰਘ ਸਿੱਧੂ ਨੇ ਇਸ ਸੰਬੰਧ ਵਿਚ ਟਿੱਪਣੀ ਕੀਤੀ ਹੈ ਕਿ ਕੈਪਟਨ ਅਮਰਿੰਦਰ ਸਿੰਘ ਨੂੰ ਇਸ ਮਾਮਲੇ ਵਿਚ ਦੁਬਾਰਾ ਮੌਕਾ ਸੰਭਾਲਣਾ ਚਾਹੀਦਾ ਹੈ ਤਾਂ ਜੋ ਕੈਨੇਡਾ ਨਾਲ ਰਿਸ਼ਤੇ ਸੁਧਰ ਸਕਣ ਤੇ ਪੰਜਾਬ ਦਾ ਭਵਿੱਖ ਸੰਵਰ ਸਕੇ।

**ਅਕਾਲੀਆਂ ਨੂੰ ਟਿੱਚ ਜਾਣਿਆ**

ਬਾਦਲ ਅਕਾਲੀ ਦਲ ਜਸਟਿਨ ਟਰੂਡੋ ਦੀ ਇਸ ਫੇਰੀ ਤੋਂ ਦੂਹਰਾ ਲਾਭ ਲੈਣ ਕੋਸ਼ਿਸ਼ ਵਿਚ ਸੀ ਤਾਂ ਜੋ ਸ਼੍ਰੋਮਣੀ ਕਮੇਟੀ ਦੇ ਸਹਿਯੋਗ ਨਾਲ ਉਸ ਦਾ ਵਿਸ਼ੇਸ਼ ਸੁਆਗਤ ਕਰਕੇ ਰਾਜਨੀਤਕ ਲਾਹਾ ਲਿਆ ਜਾਵੇ ਤੇ ਪ੍ਰਵਾਸੀ ਸਿੱਖਾਂ ਦੇ ਦਿਲ ਜਿੱਤੇ ਜਾ ਸਕਣ। ਉਸ ਦੀ ਕੋਸ਼ਿਸ਼ ਸੀ ਕਿ ਪੰਜਾਬ ਵਿਚ ਇਸ ਮੁਹਿੰਮ ਨੂੰ ਪੰਥਕ ਲਹਿਰ ਵਜੋਂ ਉਭਾਰ ਕੇ ਕੈਪਟਨ ਸਰਕਾਰ ਨੂੰ ਠਿੱਬੀ ਦਿੱਤੀ ਜਾਵੇ ਕਿ ਸਿੱਖ ਕੌਮ ਦੇ ਅਧਿਕਾਰਾਂ ਦੇ ਸਿਰਫ਼ ਰਾਖਾ ਸ਼੍ਰੋਮਣੀ ਅਕਾਲੀ ਦਲ ਹੈ। ਅਜਿਹੀ ਮੁਹਿੰਮ ਉਭਾਰ ਕੇ ਬਾਦਲ ਅਕਾਲੀ ਦਲ ਸਿੱਖ ਪੰਥ ਵਿਚ ਆਪਣਾ ਲੱਗਭੱਗ ਖੁਸਿਆ ਆਧਾਰ ਮੁੜ ਸਥਾਪਤ ਕਰਨਾ ਚਾਹੁੰਦਾ ਸੀ। ਪਰ ਸ਼੍ਰੋਮਣੀ ਅਕਾਲੀ ਦਲ ਦੀ ਭਾਈਵਾਲ ਕੇਂਦਰ ਸਰਕਾਰ ਨੇ ਹੀ ਅਜਿਹਾ ਨਹੀਂ ਹੋਣ ਦਿੱਤਾ।

ਸੂਤਰਾਂ ਅਨੁਸਾਰ ਪਹਿਲਾਂ ਕੈਨੇਡੀਅਨ ਪ੍ਰਧਾਨ ਮੰਤਰੀ ਦੇ ਸਵਾਗਤ ਲਈ ਅੰਮ੍ਰਿਤਸਰ ਹਵਾਈ ਅੱਡੇ 'ਤੇ ਪਹੁੰਚਣ ਲਈ ਕਿਸੇ ਕੇਂਦਰੀ ਮੰਤਰੀ ਦੀ ਕੋਈ ਡਿਊਟੀ ਨਹੀਂ ਲਗਾਈ ਗਈ ਸੀ। ਪਰ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਉਨ੍ਹਾਂ ਦੀ ਕੇਂਦਰੀ ਮੰਤਰੀ ਪਤਨੀ ਬੀਬਾ ਹਰਸਿਮਰਤ ਕੌਰ ਬਾਦਲ ਨੇ ਉਨ੍ਹਾਂ ਦਾ ਸਵਾਗਤ ਸ਼੍ਰੋਮਣੀ ਕਮੇਟੀ ਵੱਲੋਂ ਕਰਨਾ ਸੀ। ਪਰ ਅਚਾਨਕ ਪੰਜਾਬ ਸਰਕਾਰ ਨੇ ਕੇਂਦਰੀ ਵਿਦੇਸ਼ ਮੰਤਰਾਲੇ ਦੇ ਡਿਪਟੀ ਚੀਫ ਆਫ ਪੋਰੋਟੋਕੋਲ ਆਸ਼ੀਸ਼ ਸ਼ਰਮਾ ਨੂੰ ਚਿੱਠੀ ਲਿਖੀ, ਜਿਸ ਵਿਚ ਕਿਹਾ ਗਿਆ ਕਿ ਕੈਨੇਡਾ ਦੇ ਪ੍ਰਧਾਨ ਮੰਤਰੀ ਤੇ ਹੋਰ ਸਤਿਕਾਰਤ ਮਹਿਮਾਨਾਂ ਦੀ ਅਗਵਾਈ ਕੇਂਦਰੀ ਰਾਜ ਮੰਤਰੀ ਹਰਦੀਪ ਸਿੰਘ ਪੁਰੀ, ਪੰਜਾਬ ਦੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ, ਡੀ.ਸੀ. ਅੰਮ੍ਰਿਤਸਰ ਤੇ ਪੁਲਿਸ ਕਮਿਸ਼ਨਰ ਅੰਮ੍ਰਿਤਸਰ ਵਲੋਂ ਕੀਤਾ ਜਾਵੇ। ਇਹ ਤਬਦੀਲੀ ਇਸ ਲਈ ਆਈ ਤਾਂ ਜੋ ਬਾਦਲ ਅਕਾਲੀ ਦਲ ਇਸ ਦੌਰੇ ਦਾ ਸਾਰਾ ਫਾਇਦਾ ਨਾ ਲੈ ਜਾਵੇ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵਲੋਂ ਜਸਟਿਨ ਟਰੂਡੋ ਨੂੰ ਮਿਲਣ ਦੇ ਫ਼ੈਸਲੇ ਪਿੱਛੇ ਭਾਰਤ ਸਰਕਾਰ ਦੇ ਬਦਲੇ ਰਵੱਈਏ ਦਾ ਵੀ ਹੱਥ ਹੈ। ਇਸੇ ਕਾਰਨ ਕੇਂਦਰੀ ਮੰਤਰੀ ਹਰਸਿਮਰਤ ਕੌਰ ਨੂੰ ਟਰੂਡੋ ਦੀ ਫੇਰੀ ਤੋਂ ਦੂਰ ਰੱਖ ਕੇ ਆਪਣੇ ਕੇਂਦਰੀ ਰਾਜ ਮੰਤਰੀ ਹਰਦੀਪ ਸਿੰਘ ਪੁਰੀ ਦੀ ਡਿਊਟੀ ਲਗਾਈ ਗਈ।

ਭਾਵੇਂ ਸੁਖਬੀਰ ਸਿੰਘ ਬਾਦਲ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨਾਲ ਜਸਟਿਨ ਟਰੂਡੋ ਦਾ ਸਵਾਗਤ ਤੇ ਸਨਮਾਨ ਕੀਤਾ। ਪਰ ਪੰਜਾਬ ਦੇ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਇਸ ਮੌਕੇ ਸਖ਼ਤ ਟਿੱਪਣੀ ਕੀਤੀ ਕਿ ਜਦੋਂ ਕੈਨੇਡਾ ਦੇ ਉਸ ਵੇਲੇ ਦੇ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਦਰਬਾਰ ਸਾਹਿਬ ਆਏ ਸਨ ਤਾਂ ਉਸ ਵੇਲੇ ਸੁਖਬੀਰ ਸਿੰਘ ਬਾਦਲ ਨੇ ਮੈਨੂੰ (ਸਿੱਧੂ) ਅਤੇ ਰਤਨ ਸਿੰਘ ਅਜਨਾਲਾ ਨੂੰ ਦਰਬਾਰ ਸਾਹਿਬ ਤੋਂ ਦੂਰ ਰੱਖਿਆ ਸੀ। ਉਨ੍ਹਾਂ ਕਿਹਾ ਕਿ ਹੁਣ ਖ਼ੁਦ ਸ: ਬਾਦਲ ਨੂੰ ਇਸ ਦੌਰੇ ਦੌਰਾਨ ਅੱਖੋਂ ਪਰੋਖੇ ਕਰ ਦਿੱਤੇ ਗਏ, ਜੋ ਦੂਜਿਆਂ ਦੇ ਲਈ ਟੋਏ ਪੁੱਟਦੇ ਹਨ, ਉਨ੍ਹਾਂ ਲਈ ਰੱਬ ਖ਼ੂਹ ਖੋਦ ਦਿੰਦਾ ਹੈ।

ਪਤਾ ਲੱਗਾ ਹੈ ਕਿ ਇਸ ਮਾਮਲੇ ਵਿਚ ਅਕਾਲੀ ਦਲ ਦੇ ਸੀਨੀਅਰ ਨੇਤਾਵਾਂ ਵਿਚ ਬਹੁਤ ਰੋਸ ਹੈ ਕਿ ਮੋਦੀ ਸਰਕਾਰ ਕੈਪਟਨ ਨੂੰ ਆਪਣਾ ਚਹੇਤਾ ਬਣਾ ਰਹੀ ਹੈ ਤੇ ਬਾਦਲ ਅਕਾਲੀ ਦਲ ਨੂੰ ਅੱਖੋਂ ਪਰੋਖੇ ਕਰ ਰਹੀ ਹੈ। ਇਸੇ ਰੋਸ ਵਜੋਂ ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ ਨੂੰ ਸਿਰੋਪਾ ਨਹੀਂ ਦਿੱਤਾ ਗਿਆ। ਇਸ ਤੋਂ ਜ਼ਾਹਿਰ ਹੈ ਕਿ ਭਾਜਪਾ ਤੇ ਬਾਦਲ ਦਲ ਦੇ ਰਿਸ਼ਤੇ ਖਟਾਸ ਵਲ ਜਾ ਰਹੇ ਹਨ ਤੇ ਕੈਪਟਨ ਅਮਰਿੰਦਰ ਸਿੰਘ ਮੋਦੀ ਸਰਕਾਰ ਦੇ ਨੇੜੇ ਆ ਰਹੇ ਹਨ ਤੇ ਪੰਜਾਬ ਵਿਚ ਚਹੇਤੇ ਵਜੋਂ ਪੇਸ਼ ਹੋ ਰਹੇ ਹਨ।

ਟਰੂਡੋ ਸਿੱਖਾਂ ਦੇ ਮਨਾਂ 'ਚ ਛਾਏ

ਜਸਟਿਨ ਟਰੂਡੋ ਦੀ ਸ੍ਰੀ ਦਰਬਾਰ ਸਾਹਿਬ ਦੀ ਫੇਰੀ ਨੇ ਦੁਨੀਆ ਭਰ ਦੇ ਸਿੱਖਾਂ ਵਿਚ ਉਤਸ਼ਾਹ ਪੈਦਾ ਕਰਕੇ ਉਨ੍ਹਾਂ ਦੇ ਮਨ ਜਿੱਤ ਲਏ। ਉਨ੍ਹਾਂ ਨੇ ਦਰਬਾਰ ਸਾਹਿਬ ਵਿਚ ਨਿਮਰਤਾ ਨਾਲ ਸੀਸ ਝੁਕਾ ਕੇ ਲੰਗਰ ਦੀ ਸੇਵਾ ਕਰਕੇ, ਉਨ੍ਹਾਂ ਨੇ ਆਪਣੇ ਆਪ ਨੂੰ ਸਿੱਖਾਂ ਦੇ ਹਮਦਰਦ ਪੇਸ਼ ਕੀਤਾ। ਅਸਲ ਵਿਚ ਭਾਰਤ ਵਿਚ ਸਿੱਖ ਸਿਰਫ 1.8 ਫ਼ੀਸਦੀ ਹਨ ਤੇ ਕੈਨੇਡਾ ਵਿਚ 1.4 ਫ਼ੀਸਦੀ ਹਨ। ਪਰ ਕੈਨੇਡਾ ਦੀ ਰਾਜਨੀਤੀ ਵਿਚ ਸਿੱਖਾਂ ਤੇ ਪੰਜਾਬੀਆਂ ਦਾ ਬੋਲਬਾਲਾ ਭਾਰਤ ਨਾਲੋਂ ਕਿਤੇ ਜ਼ਿਆਦਾ ਹੈ ਤੇ ਉਹ ਭਾਰਤ ਨਾਲੋਂ ਵਧ ਉਥੇ ਅਜ਼ਾਦੀ ਦਾ ਨਿੱਘ ਮਾਣ ਰਹੇ ਹਨ।੧

**ਕਾਮਾਗਾਟਾ ਮਾਰੂ ਤੇ ਸਿੱਖ :** ਸਿੱਖਾਂ ਨੂੰ ਕੈਨੇਡਾ ਤੋਂ ਜ਼ਬਰਦਸਤੀ ਭਾਰਤ ਵੀ ਭੇਜਿਆ ਗਿਆ। ਸਿੱਖਾਂ, ਹਿੰਦੂਆਂ ਤੇ ਮੁਸਲਮਾਨਾਂ ਨਾਲ ਭਰਿਆ ਇੱਕ ਜਹਾਜ਼ ਕੋਮਾਗਾਟਾ ਮਾਰੂ 1914 ਵਿਚ ਕੋਲਕਾਤਾ ਦੇ ਬਜਬਜ ਘਾਟ 'ਤੇ ਪਹੁੰਚਿਆ ਸੀ। ਇਨ੍ਹਾਂ ਵਿਚੋਂ ਘੱਟ ਤੋਂ ਘੱਟ 19 ਲੋਕਾਂ ਦੀ ਮੌਤ ਹੋ ਗਈ ਸੀ। ਭਾਰਤੀਆਂ ਨਾਲ ਭਰੇ ਇਸ ਜਹਾਜ਼ ਨੂੰ ਕੈਨੇਡਾ ਵਿਚ ਨਹੀਂ ਵੜਨ ਦਿੱਤਾ ਗਿਆ ਸੀ। ਜਹਾਜ਼ ਵਿਚ ਸਵਾਰ ਭਾਰਤੀਆਂ ਨੂੰ ਲੈ ਕੇ ਦੋ ਮਹੀਨੇ ਤੱਕ ਵਿਰੋਧ ਹੁੰਦਾ ਰਿਹਾ ਸੀ। ਇਸ ਲਈ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ 2016 ਵਿਚ ਕਾਮਨਜ਼ ਵਿਚ ਮਾਫ਼ੀ ਮੰਗ ਕੇ ਪੰਜਾਬੀਆਂ ਦਾ ਦਿਲ ਜਿੱਤ ਲਿਆ ਸੀ। 1960 ਦੇ ਦਹਾਕੇ ਵਿਚ ਕੈਨੇਡਾ ਵਿਚ ਉਦਾਰਵਾਦੀ ਪਾਰਟੀ ਦੀ ਸਰਕਾਰ ਬਣੀ, ਤਾਂ ਇਹ ਸਿੱਖਾਂ ਲਈ ਵੀ ਇਤਿਹਾਸਕ ਸਾਬਤ ਹੋਇਆ। ਕੈਨੇਡਾ ਦੀ ਸੰਘੀ ਸਰਕਾਰ ਨੇ ਪਰਵਾਸੀ ਨਿਯਮਾਂ ਵਿਚ ਤਬਦੀਲੀ ਕੀਤੀ ਤੇ ਪੰਜਾਬੀਆਂ ਲਈ ਦਰਵਾਜ਼ੇ ਖੋਲ੍ਹ ਦਿੱਤੇ। ਇਸ ਦਾ ਅਸਰ ਇਹ ਹੋਇਆ ਕਿ ਭਾਰਤੀ ਮੂਲ ਦੇ ਲੋਕਾਂ ਦੀ ਅਬਾਦੀ ਵਿਚ ਤੇਜ਼ੀ ਨਾਲ ਵਾਧਾ ਹੋਇਆ। ਭਾਰਤ ਦੇ ਕਈ ਇਲਾਕਿਆਂ ਤੋਂ ਲੋਕਾਂ ਨੇ ਕੈਨੇਡਾ ਆਉਣਾ ਸ਼ੁਰੂ ਕਰ ਦਿੱਤਾ। ਇੱਥੇ ਤੱਕ ਕਿ ਅੱਜ ਵੀ ਭਾਰਤੀਆਂ ਦਾ ਕੈਨੇਡਾ ਜਾਣਾ ਬੰਦ ਨਹੀਂ ਹੋਇਆ ਹੈ। ਕੈਨੇਡਾ ਵਿਚ ਪੰਜਾਬੀ ਤੀਜੀ ਸਭ ਤੋਂ ਹਰਮਨਪਿਆਰੀ ਭਾਸ਼ਾ ਹੈ। ਕੈਨੇਡਾ ਦੀ ਕੁਲ ਅਬਾਦੀ ਵਿਚ 1.3 ਫ਼ੀਸਦੀ ਲੋਕ ਪੰਜਾਬੀ ਸਮਝਦੇ ਅਤੇ ਬੋਲਦੇ ਹਨ।

## ਚੋਣਾਂ ਕੈਨੇਡਾ 'ਚ, ਨੀਂਹ ਪੰਜਾਬ 'ਚ ਰੱਖ ਗਏ ਟਰੂਡੋ

ਕੈਨੇਡਾ ਵਿਚ ਆਮ ਚੋਣਾਂ 2019 ਵਿਚ ਹੋਣੀਆਂ ਹਨ ਤੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਹੁਣੇ ਤੋਂ ਕਮਰ ਕੱਸ ਕੇ ਮੈਦਾਨ ਵਿਚ ਉਤਰ ਆਏ ਹਨ। ਚੋਣਾਂ ਬੇਸ਼ੱਕ ਕੈਨੇਡਾ ਵਿਚ ਹੋਣ ਜਾ ਰਹੀਆਂ ਹਨ, ਪਰ ਉਹ ਇਸ ਦੀ ਜ਼ਮੀਨ ਪੰਜਾਬ ਤੋਂ ਤਿਆਰ ਕਰ ਗਏ। ਜਸਟਿਨ ਦੀ ਪੰਜਾਬ ਫੇਰੀ ਨੇ ਇੱਕ ਤੀਰ ਨਾਲ ਦੋ ਸ਼ਿਕਾਰ ਕੀਤੇ ਹਨ। ਉਨ੍ਹੰ ਨੇ ਦਰਬਾਰ ਸਾਹਿਬ ਵਿਚ ਨਤਮਸਤਕ ਹੋ ਕੇ ਪੰਜ ਲੱਖ ਸਿੱਖ ਵੋਟਰਾਂ ਦਾ ਦਿਲ ਜਿੱਤ ਲਿਆ ਹੈ, ਜੋ ਕੈਨੇਡਾ ਵਿਚ ਆਉਣ ਵਾਲੇ ਸਾਲ ਵਿਚ ਵੋਟਾਂ ਪਾਉਣ ਜਾ ਰਹੇ ਹਨ। ਉੱਥੇ ਉਨ੍ਹਾਂ ਨੇ ਕੈਨੇਡਾ ਵਿਚ ਵੱਧਦੀ ਜਾ ਰਹੀ ਐੱਨ. ਡੀ. ਪੀ. ਦੇ ਪ੍ਰਧਾਨ ਜਗਮੀਤ ਦੀ ਲੋਕਪ੍ਰਿਅਤਾ ਦਾ ਰੱਥ ਵੀ ਰੋਕਣ ਦੀ ਕੋਸ਼ਿਸ਼ ਕੀਤੀ ਹੈ। ਕੈਨੇਡਾ ਵਿਚ ਤਕਰੀਬਨ 12 ਲੱਖ ਭਾਰਤੀ ਰਹਿੰਦੇ ਹਨ, ਜਿਸ ਵਿਚ ਪੰਜ ਲੱਖ ਦੀ ਅਬਾਦੀ ਸਿੱਖ ਭਾਈਚਾਰੇ ਦੀ ਹੈ। ਇਹੀ ਕਾਰਨ ਹੈ ਕਿ ਕੈਨੇਡਾ ਵਿਚ ਸਿੱਖ ਸਿਆਸਤ ਦੇ ਅਸਰ ਨੂੰ ਦੇਖਦੇ ਹੋਏ ਟਰੂਡੋ ਸਰਕਾਰ ਵਿਚ ਚਾਰ ਲੱਖ ਮੰਤਰੀ ਹਨ। ਕੈਨੇਡਾ ਦੀ ਸਿਆਸਤ ਵਿਚ ਜ਼ਿਆਦਾਤਰ ਸਿੱਖ ਵੋਟਾਂ ਵੀ ਟਰੂਡੋ ਦੀ ਪਾਰਟੀ ਨੂੰ ਮਿਲੀਆਂ ਹਨ। ਇਸ ਦੇ ਬਾਵਜੂਦ ਵੋਟ ਬੈਂਕ ਵਧਾਉਣ ਦੀ ਕੋਸ਼ਿਸ਼ ਵਿਚ ਟਰੂਡੋ ਸਰਕਾਰ ਇੱਕ ਕਦਮ ਅੱਗੇ ਦਿੱਸਣਾ ਚਾਹੁੰਦੀ ਹੈ। ਉਸ ਦੀ ਸਰਕਾਰ ਸਿਆਸੀ ਲੋੜਾਂ ਤੋਂ ਪਰ੍ਹੇ ਕਦਮ ਚੁੱਕ ਰਹੀ ਹੈ ਤਾਂ ਭਾਰਤ ਵਿਚ ਹੈਰਾਨੀ ਪ੍ਰਗਟਾਈ ਜਾ ਰਹੀ ਹੈ। ਭਾਰਤ ਇਸ ਮੁੱਦੇ ਨੂੰ ਵਾਰ-ਵਾਰ ਸਿਖਰਲੇ ਪੱਧਰ 'ਤੇ ਚੁੱਕ ਚੁੱਕਾ ਹੈ ਕਿ ਕੈਨੇਡਾ ਦੀ ਧਰਤੀ ਦਾ ਇਸਤੇਮਾਲ ਭਾਰਤ ਵਿਰੋਧੀ ਸਰਗਰਮੀਆਂ ਨੂੰ ਉਤਸ਼ਾਹਿਤ ਦੇਣ ਲਈ ਕੀਤਾ ਜਾ ਰਿਹਾ ਹੈ, ਇਸ ਦੇ ਬਾਵਜੂਦ ਉਸ ਨੂੰ ਨਿਰਾਸ਼ਾ ਹੱਥ ਲੱਗੀ, ਕਿਉਂਕਿ ਜਸਟਿਨ ਟਰੂਡੋ ਨੂੰ ਸਿੱਖ ਵੋਟਾਂ ਸਾਹਮਣੇ ਦਿਸ ਰਹੀਆਂ ਹਨ।

ਭਾਰਤ ਸਰਕਾਰ ਤੇ ਪੰਜਾਬ ਸਰਕਾਰ ਨੇ ਬੇਸ਼ੱਕ ਕੈਨੇਡਾ ਦੇ ਪ੍ਰਧਾਨ ਮੰਤਰੀ ਦੇ ਸੁਆਗਤ ਵਿਚ ਬੇਈਮਾਨੀ ਕੀਤੀ ਹੈ, ਪਰ ਪੰਜਾਬੀਆਂ ਤੇ ਸਿੱਖਾਂ ਨੇ ਜਿਸ ਤਰ੍ਹਾਂ ਪਿਆਰ ਸਤਿਕਾਰ ਕੈਨੇਡਾ ਦੇ ਪ੍ਰਧਾਨ ਮੰਤਰੀ ਟਰੂਡੋ ਲਈ ਦਿਖਾਇਆ, ਉਹ ਸ਼ਲਾਘਾਯੋਗ ਕਦਮ ਹੈ। ਟਰੂਡੋ ਹਮੇਸ਼ਾ ਪੰਜਾਬੀਆਂ ਦੇ ਦਿਲਾਂ ਵਿਚ ਵਸਦਾ ਰਹੇਗਾ ਤੇ ਪੰਜਾਬ ਉਨ੍ਹਾਂ ਦਾ ਸੁਆਗਤ ਕਰਦਾ ਹੈ।

### ਟਰੂਡੋ ਲਈ ਚੈਲਿੰਜ ਜਗਮੀਤ

ਟਰੂਡੋ ਸਰਕਾਰ ਦੇ ਇੱਕ ਕਦਮ ਅੱਗੇ ਜਾਣ ਦਾ ਸਭ ਤੋਂ ਵੱਡਾ ਕਾਰਨ ਹੈ 38 ਸਾਲ ਦੇ ਸਿੱਖ ਆਗੂ ਜਗਮੀਤ ਸਿੰਘ, ਜਿਨ੍ਹਾਂ ਬਾਰੇ ਕਿਹਾ ਜਾ ਰਿਹਾ ਹੈ ਕਿ ਉਹ ਟਰੂਡੋ ਦੀ ਸਰਕਾਰ ਨੂੰ ਜੜ੍ਹੋਂ ਪੁੱਟਣ ਦੀ ਸਮਰਥਾ ਰੱਖਦੇ ਹਨ। ਕੈਨੇਡਾ ਵਿਚ



ਆਮ ਚੋਣਾਂ 2019 ਵਿਚ ਹਨ ਤੇ ਜਗਮੀਤ ਸਿੰਘ ਦੀ ਲੋਕਪ੍ਰਿਅਤਾ ਲਗਾਤਾਰ ਵਧ ਰਹੀ ਹੈ। ਕੈਨੇਡਾ ਦੇ ਓਂਟਾਰੀਓ ਸੂਬੇ ਦੀ ਰਾਜਨੀਤੀ ਕਰਦੇ ਹੋਏ ਉਨ੍ਹਾਂ ਨੇ ਉੱਥੇ ਅਸੈਂਬਲੀ ਵਿਚ 2016 ਵਿਚ ਪ੍ਰਸਤਾਵ ਪੇਸ਼ ਕੀਤਾ ਸੀ, ਜਿਸ ਵਿਚ '84 ਦੇ ਸਿੱਖ ਵਿਰੋਧੀ ਕਤਲੇਆਮ ਨੂੰ ਨਸਲਕੁਸ਼ੀ ਦੱਸਿਆ ਗਿਆ ਸੀ। ਉਹ ਫਿਲਹਾਲ ਕੈਨੇਡਾ ਦੀ ਤੀਜੀ ਸਭ ਤੋਂ ਵੱਡੀ ਨਿਊ ਡੈਮੋਕ੍ਰੇਟਿਕ ਪਾਰਟੀ ਦੇ ਨੇਤਾ ਹਨ। ਜਗਮੀਤ ਆਪਣੇ ਦੌਰਿਆਂ ਵਿਚ ਸਾਫ਼ ਕਰ ਰਹੇ ਹਨ ਕਿ ਪੰਜਾਬ ਜਿਹੇ ਇਲਾਕਿਆਂ ਵਿਚ ਜਨਮਤ ਸੰਗ੍ਰਹਿ ਮੂਲਭੂਤ ਅਧਿਕਾਰ ਹੋਣਾ ਚਾਹੀਦਾ ਹੈ। ਉਨ੍ਹਾਂ ਨੂੰ ਖਾਲਿਸਤਾਨ ਸਮੱਰਥਕਾਂ ਦੇ ਵੀ ਬੇਹੱਦ ਨੇੜੇ ਦੱਸਿਆ ਜਾ ਰਿਹਾ ਹੈ।

# ਸਿੱਖ, ਜਸਟਿਨ ਟਰੂਡੋ ਅਤੇ ਭਾਰਤੀ ਬਹੁਲਵਾਦ

**ਦਿੱਲੀ ਦੇ ਪੰਜਾਬ ਵਿਚਲੇ ਸੂਬੇਦਾਰਾਂ ਤੋਂ ਲੈ ਕੇ ਭਾਰਤੀ ਸੁਰੱਖਿਆ ਸਲਾਹਕਾਰ, ਮੰਤਰੀ-ਸੰਤਰੀ ਸਭ ਸਵੈ ਭਰੋਸੇ ਦਾ ਦਿਖਾਵਾ ਕਰਦਿਆਂ ਸਿੱਖ ਰਾਜ ਦੇ ਚਾਹਵਾਨਾਂ ਨੂੰ ਨਿਗੂਣੇ ਤੱਕ ਗੁਰਦਾਨਦੇ ਹਨ। ਅਕਸਰ ਹੀ ਕਹਿੰਦੇ ਹਨ ਕਿ ਭਾਰਤ ਜਿਹੇ ਵੱਡੇ ਲੋਕਤੰਤਰ ਨੂੰ ਨਿਗੂਣੇ ਤੱਤਾਂ ਤੋਂ ਕਦੀ ਖ਼ਤਰਾ ਨਹੀਂ ਹੁੰਦਾ। ਜਸਟਿਨ ਟਰੂਡੋ ਤੇ ਸਾਥੀਆਂ ਦੀ ਪੰਜਾਬ ਫੇਰੀ ਨਾਲ ਜਿਸ ਖ਼ੌਫ਼ਜ਼ਦਾ ਤਕਲੀਫ਼ ਦਾ ਮੁਜ਼ਾਹਰਾ ਭਾਰਤੀ ਕੂਟਨੀਤੀ ਨੇ ਕੀਤਾ ਹੈ ਉਹਦੇ ਵਿਚੋਂ ਇਹ ਸਵਾਲ ਉੱਠਦਾ ਹੈ ਕਿ ਜਾਂ ਤਾਂ ਭਾਰਤ ਹਕੂਮਤੀ ਦਾਅਵੇ ਜਿਹਾ ਸਮਰੱਥ ਲੋਕਤੰਤਰ ਨਹੀਂ ਹੈ ਜਾਂ ਆਜ਼ਾਦੀ ਦੀ ਤਾਂਘ ਰੱਖਦੇ ਸਿੱਖ ਨਿਗੂਣੇ ਤੱਤ' ਨਹੀਂ ਹਨ ?**

**ਗੁਰਬੀਰ ਸਿੰਘ**

ਸਮੁੱਚੇ ਸਿੱਖ ਭਾਈਚਾਰੇ ਨੂੰ ਜਿਹੜਾ ਕਿ ਅੱਜ ਧਰਤੀ ਦੇ ਪੂਰਬ ਤੋਂ ਪੱਛਮ ਤੱਕ ਵੱਖੋ ਵੱਖ ਦੇਸ਼ਾਂ ਵਿਚ ਵੱਸ ਰਿਹਾ ਹੈ, ਇਕ ਤੱਥ ਧਿਆਨ ਗੋਚਰੇ ਕਰ ਲੈਣਾ ਚਾਹੀਦਾ ਹੈ। ਉਹ ਇਹ ਕਿ ਆਮ ਕਰਕੇ ਬਹੁ ਗਿਣਤੀ ਭਾਰਤੀ ਭਾਈਚਾਰੇ ਤੇ ਖ਼ਾਸ ਕਰਕੇ ਭਾਰਤੀ ਨੀਤੀ ਦੇ ਸਿੱਖਾਂ ਪ੍ਰਤੀ ਵਤੀਰੇ ਵਿਚ ਕਿਸੇ ਵੀ ਤਰ੍ਹਾਂ ਦੀ ਤਬਦੀਲੀ ਦੀ ਤਵੱਕੋ ਉੱਕਾ ਹੀ ਨਾ ਕੀਤੀ ਜਾਵੇ। ਗੱਲ ਨੂੰ ਅਗਾਂਹ ਤੋਰਨ ਤੋਂ ਪਹਿਲਾਂ ਇਤਿਹਾਸ ਵੱਲ ਥੋੜ੍ਹੀ ਜਿਹੀ ਝਾਤੀ ਮਾਰ ਲਈਏ।

ਸੰਨ 1945 ਵਿਚ ਦੂਜੀ ਵਿਸ਼ਵ ਜੰਗ ਦੀ ਸਮਾਪਤੀ ਨਾਲ ਬਸਤੀਵਾਦ ਦਾ ਪਤਨ ਸ਼ੁਰੂ ਹੋ ਗਿਆ ਸੀ। ਬਸਤੀਵਾਦ ਦੇ ਕਿੰਗਰੇ ਢਹਿਣ ਸਕਦਾ ਅੰਗਰੇਜ਼ ਦੇ ਰਾਜ ਵਿਚ ਸੂਰਜ ਛਿਪਣ ਲੱਗ ਪਿਆ। ਭਾਰਤ ਵਿਚੋਂ ਵੀ ਅੰਗਰੇਜ਼ ਤਸ਼ਰੀਫ਼ ਲੈ ਕੇ ਗਏ ਸਨ। ਚਰਖੇ ਦੀ ਅਗਵਾਈ ਵਾਲੇ ਅੰਦੋਲਨ ਜਾਂ ਦੋ ਚੌਂਹ ਚੋਬਰਾਂ ਵੱਲੋਂ ਖੜ੍ਹੀਆਂ ਕੀਤੀਆਂ ਰਿਪਬਲਿਕਨ ਆਰਮੀਆਂ ਸਮਾਰਾਜਵਾਦੀ ਹਾਕਮਾਂ ਵਾਸਤੇ ਸ਼ੁਗਲ ਦੇ ਸਾਧਨ ਬੇਸ਼ੱਕ ਪੈਦਾ ਕਰਦੀਆਂ ਰਹੀਆਂ ਹੋਣ ਪਰ ਅੰਗਰੇਜ਼ੀ ਹਕੂਮਤ ਦੇ ਸਿਰ ਦੀ ਪੀੜ ਕਦੇ ਵੀ ਨਹੀਂ ਸਨ।



ਵੈਸੇ ਵੀ ਮਾਊਂਟਬੈਟਨ ਜਿਹੇ ਉੱਚ ਅਹੁਦੇਦਾਰਾਂ ਨੂੰ ਛੱਡ ਕੇ ਬਹੁਤ ਅੰਗਰੇਜ਼ ਅਫ਼ਸਰ ਜਿਹੜੇ ਭਾਰਤੀਆਂ ਲਈ 'ਲਾਟ ਸਾਹਿਬ' ਸਨ ਉਹ ਇੰਗਟਲੈਂਡ ਦੇ ਕੁਲੀਨ ਵਰਗ ਵਿਚੋਂ ਨਾ ਹੋ ਕੇ ਅੰਗਰੇਜ਼ੀ ਸਮਾਜ ਦੇ ਹੇਠਲੇ ਜਾਂ ਦਰਮਿਆਨੇ ਤਬਕਿਆਂ 'ਚੋਂ ਆਉਂਦੇ ਸਨ। ਭਾਵ ਇਹ ਕਿ ਹਿੰਦੂਸਤਾਨ ਨੂੰ ਕਾਬੂ ਵਿਚ ਰੱਖਣ ਲਈ ਬਰਤਾਨੀਆ ਨੂੰ ਕਦੇ ਵੀ ਆਪਣੇ ਮੁਲਕ ਦੇ ਸਿਰੇ ਦੇ (Supreme) ਦਿਮਾਗ ਸੱਤ ਸਮੁੰਦਰ ਪਾਰ ਨਹੀਂ ਸੀ ਘੱਲਣੇ ਪੈਂਦੇ।

ਭਾਰਤ ਦੇ ਖਿੰਡੇ ਪੁੰਡੇ ਸਮਾਜਿਕ ਢਾਂਚੇ ਨੇ ਜਿਹੜਾ ਕਿ ਅੱਜ ਵੀ ਜਾਤਾਂ ਉਪ ਜਾਤਾਂ ਦੇ ਜੰਜਾਲ ਵਿਚ ਉਲਝਿਆ ਹੋਇਆ ਹੈ ਬਰਤਾਨੀਆਂ ਵਿਚ ਬਹੁਤੇ ਕਾਬਲ ਜਾਂ ਸਮਰੱਥ ਪਰਿਵਾਰਕ ਪਿਛੋਕੜ 'ਚੋਂ ਨਾ ਆਉਂਦੇ ਨੌਜਵਾਨਾਂ ਨੂੰ ਉਚੇਰੇ ਹਾਕਮਾਂ ਵਜੋਂ ਵਿਚਰਨ ਦੇ ਸੁਨਹਿਰੀ ਮੌਕੇ ਪ੍ਰਦਾਨ ਕੀਤੇ। ਅਜਿਹੇ ਨੌਜਵਾਨਾਂ ਵਿਚੋਂ ਪ੍ਰਮੁੱਖ ਉਦਾਹਰਣ ਰਾਬਰਟ ਕਲਾਈਵ ਦੀ ਹੈ ਜਿਹੜਾ ਕਲਰਕੀ ਤੋਂ ਜਰਨੈਲੀ ਤੱਕ ਸਹਿਜੇ ਹੀ ਅਪੱੜ ਗਿਆ ਸੀ। ਭਾਰਤੀ ਸਿਵਲ ਸੇਵਾਵਾਂ (I.C.S.) ਦੀ ਪ੍ਰੀਖਿਆ ਵਿਚ ਵੀ ਬਰਤਾਨਵੀ ਕੁਲੀਨ ਵਰਗ ਵਿਚੋਂ ਕੋਈ ਵਿਰਲਾ ਹੀ ਬੈਠਦਾ ਸੀ। ਭਾਰਤੀ ਹਾਕਮਾਂ ਨੂੰ ਰਾਜ ਲੈਣ ਲਈ ਜੁਝਾਰੂ ਕੌਮਾਂ ਵਾਂਗ ਲਹੂ ਵੀਟਵੇਂ ਹਾਲਾਤ ਦਾ ਸਾਹਮਣਾ ਨਹੀਂ ਕਰਨਾ ਪਿਆ। ਵਿਸ਼ਵ ਪੱਧਰ ਦੀਆਂ ਤਬਦੀਲੀਆਂ ਨੇ ਅਖੌਤੀ ਸਵਰਨ ਵਰਗ ਨੂੰ ਹਕੂਮਤ ਦੇ ਪੰਘੂੜੇ ਪਾ ਦਿੱਤਾ। ਵਿਸ਼ਵ ਦੇ ਹਾਲਾਤ ਅਨੁਸਾਰ ਸਹੀ ਨੀਤੀ ਵਰਤ ਕੇ ਜਿਨਾਹ ਪਾਕਿਸਤਾਨ ਦੀ ਸਥਾਪਨਾ ਕਰਨ ਵਿਚ ਕਾਮਯਾਬ ਰਿਹਾ। ਭਾਰਤ ਸਬੰਧੀ ਗੱਲ ਕਰੀਏ ਤਾਂ ਇਹ ਤੱਥ ਉੱਭਰਦਾ ਹੈ ਕਿ ਜਿਹੜੇ ਸਮਾਜ ਨੇ ਸਦੀਆਂ ਬੱਧੀ ਸੀਲ ਹੋ ਕੇ ਜ਼ਲਾਲਤ ਭਰੀ ਗੁਲਾਮੀ ਭੋਗੀ ਹੋਵੇ ਉਸ ਸਮਾਜ ਦੇ ਸਮੂਹਿਕ ਚੇਤਨ ਅਵਚੇਤਨ ਵਿਚ ਡਰ ਦਾ ਜ਼ੋਰ ਜੰਗਜੂ ਕੌਮਾਂ ਦੇ ਮੁਕਾਬਲਤਨ ਬਹੁਤ ਜ਼ਿਆਦਾ ਹੋਣਾ ਸੁਭਾਵਿਕ ਹੈ। ਜੰਗਜੂ ਕੌਮਾਂ ਅੰਦਰ ਸਮੂਹਿਕ ਡਰ ਨਾ ਹੋ ਕੇ ਤੌਖਲੇ ਹੁੰਦੇ ਹਨ। ਜੁਝਾਰ ਬਿਰਤੀ ਰੱਖਦੀਆਂ ਕੌਮਾਂ ਹਿੱਕਾਂ ਡਾਹ ਕੇ ਹਾਲਾਤ ਅਨੁਸਾਰ ਪੈਂਤੜੇ ਲੈਂਦੀਆਂ ਸੰਘਰਸ਼ ਕਰਦੀਆਂ ਹਨ। ਇਸ ਦੇ ਉਲਟ ਨਿੱਸਲ ਸਮਾਜ ਡਰਦਾ ਹੋਇਆ 'ਜਿਉਂ ਦੀ ਤਿਉਂ' ਸਥਿਤੀ ਵਿਚ ਹੀ ਰਹਿਣਾ ਚਾਹੁੰਦਾ ਹੈ। ਦਿੱਲੀ ਹਕੂਮਤ ਵੱਲੋਂ ਹਰੇਕ ਫਰੰਟ (ਕਸ਼ਮੀਰ ਨਾਗਲੈਂਡ, ਸਿੱਖ ਹਕੂਕ ਤੇ ਉਮੰਗਾਂ) ਤੇ 'ਜਿਉਂ ਦੀ ਤਿਉਂ' ਸਥਿਤੀ ਨੂੰ ਬਰਕਰਾਰ ਰੱਖਣਾ ਹੀ ਉਸ ਦਾ ਡਰੇ ਹੋਣ ਦਾ ਪ੍ਰਮੁੱਖ ਲੱਛਣ ਹੈ। ਜਿਹੜੇ ਸੁੱਘੜ ਲੋਕਤੰਤਰ ਹਨ ਉਹ ਵੱਖਰੇ ਜਾਂ ਨਿਆਰੇ ਹੋਣ ਦਾ ਦਾਅਵਾ ਰੱਖਦੀਆਂ ਕੌਮਾਂ ਨੂੰ ਮਾੜੀ ਮੋਟੀ ਹੀਲ ਹੁੱਜਤ ਸਦਕਾ ਸੈ ਨਿਰਣੇ ਦਾ ਹੱਕ ਦੇ ਦਿੰਦੇ ਹਨ।

ਸਮੂਹਿਕ ਡਰ ਦੇ ਸ਼ਿਕਾਰ ਸਮਾਜ ਦਾ ਹਿੱਸਾ ਹੋਣ ਦੇ ਨਾਤੇ ਭਾਰਤੀ ਨੀਤੀ ਨਾਲ ਜੁੜੇ ਸਾਰੇ ਵਰਗਾਂ ਦਾ ਪ੍ਰਤੀਕਰਮ ਉਸੇ ਡਰ ਵਿਚੋਂ ਜਨਮਦਾ ਹੈ। ਸਿੱਖ ਇਤਿਹਾਸ ਸਿੱਖ ਰਵਾਇਤਾਂ ਗੱਲ ਦੀ ਸਮੁੱਚੀ ਸਿੱਖ ਤਰਜ਼ ਏ ਜ਼ਿੰਦਗੀ ਤੋਂ ਨੀਰਸ/ਨਿਰਾਸ਼ ਇਤਿਹਾਸਕ ਪਿਛੋਕੜ ਵਾਲਿਆਂ ਨੂੰ ਕੰਬਣੀ ਛਿੜਦੀ ਰਹਿਣਾ ਇਕ ਸਰਲ ਵਰਤਾਰਾ ਹੈ। ਸਮੂਹਿਕ ਭਾਰਤੀ ਮਾਨਸਿਕਤਾ (Collective Indian Psyche) ਦੇ ਅੰਦਰਲੇ ਸਮੂਹਿਕ ਡਰ ਦੇ ਦੀਦਾਰ ਕਰਨ ਦੇ ਚਾਹਵਾਨ ਆਥਣ ਵੇਲੇ ਕੋਈ ਵੀ ਖ਼ਬਰੀ ਚੈਨਲ ਲਗਾ ਕੇ ਇਕ ਸਦੀਵੀ ਡਰ ਦੇ ਸ਼ਿਕਾਰ ਸਮਾਜ ਦੇ ਨੁਮਾਇੰਦਿਆਂ ਦੀਆਂ ਚੀਕਾਂ ਕੂਕਾਂ ਸੁਣ ਸਕਦੇ ਹਨ। ਦਲਿਤ ਜਾਂ ਘੱਟ ਗਿਣਤੀਆਂ ਦੇ ਨੁਮਾਇੰਦਿਆਂ ਨੂੰ ਨੀਮ ਪਾਗਲਾਂ ਵਾਂਗ ਪੇਸ਼ ਆਉਂਦੇ ਛੋਕਰੇ-ਛੋਕਰੀਆਂ ਅੱਗੇ ਦੇਸ਼ ਭਗਤ ਹੋਣ ਦੀਆਂ ਸਫ਼ਾਈਆਂ ਦੇਣੀਆਂ ਪੈਂਦੀਆਂ ਹਨ। ਸਰਹੱਦ ਤੇ ਹੁੰਦਾ ਮਾੜਾ ਮੋਟਾ ਖੜਕਾ ਦੜਕਾ ਰਾਜਧਾਨੀ ਵਿਚ ਬੈਠੇ ਖ਼ਬਰ ਪਾੜਿਆਂ ਨੂੰ ਤਰੇਲੀਆਂ ਲਿਆ ਦਿੰਦਾ ਹੈ।

ਜਸਟਿਨ ਟਰੂਡੋ ਦੇ ਦੌਰੇ ਤੋਂ ਪਹਿਲਾਂ ਭਾਰਤੀ ਬਹੁ ਗਿਣਤੀ, ਜੋ ਪੰਜਾਬ ਦੇ ਸੰਦਰਭ ਵਿਚ ਘੱਟ ਗਿਣਤੀ ਅਖਵਾਉਂਦੀ ਹੈ, ਨੂੰ ਖ਼ੁਸ਼ ਕਰਨ ਖਾਤਰ ਪੰਜਾਬ ਦੇ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਉਨ੍ਹਾਂ ਦਾ ਹੀ ਰਾਗ ਅਲਾਪਿਆ। ਭਾਰਤ ਸਰਕਾਰ ਤੇ ਮੀਡੀਆ ਦਾ ਵਤੀਰਾ ਟਰੂਡੋ ਅਤੇ ਉਸ ਦੇ ਸੰਗੀ ਸਿੱਖ ਮੰਤਰੀਆਂ ਪ੍ਰਤੀ ਭਾਰਤ ਆਉਂਦੇ ਹੋਰਨਾਂ ਮੁਲਕਾਂ ਦੇ ਨੁਮਾਇੰਦਿਆਂ ਨਾਲੋਂ ਓਪਰਾ ਓਪਰਾ ਸੀ। ਪ੍ਰਧਾਨ ਮੰਤਰੀ ਵਜੋਂ ਹਲਫ਼ ਲੈਣ ਤੋਂ ਬਾਅਦ ਜਸਟਿਨ ਟਰੂਡੋ ਨੇ ਮਾਣ ਨਾਲ ਆਖਿਆ ਸੀ ਕਿ ਮੇਰੀ ਕੈਬਨਿਟ ਵਿਚ ਮੋਦੀ ਦੀ ਕੈਬਨਿਟ ਨਾਲੋਂ ਵੱਧ ਸਿੱਖ ਮੰਤਰੀ ਹਨ। ਭਾਰਤ ਨੂੰ ਇਹ ਤੱਥ ਹਜ਼ਮ ਨਹੀਂ ਹੋ ਰਿਹਾ। ਪੱਛਮੀ ਮੁਲਕਾਂ ਵਿਚ ਸਿਖਰਾਂ ਛੂੰਹਦੇ ਸਿੱਖਾਂ ਦੀਆਂ ਪ੍ਰਾਪਤੀਆਂ ਨੂੰ ਅਣਗੌਲਿਆਂ ਕਰਨਾ ਜਾ ਛੁਟਿਆ ਕੇ ਦੇਖਣਾ ਭਰਾਤੀ ਬਹੁ ਗਿਣਤੀ ਦਾ ਖਾਸ ਹੈ। ਭਾਰਤ ਨੂੰ ਵੀ ਇਹ ਸਮਝ ਲੈਣਾ ਚਾਹੀਦਾ ਹੈ ਕਿ ਆਲਮੀ ਪੱਧਰ ਤੇ ਵਿਚਰਦੇ ਸਿੱਖ ਭਾਰਤੀ ਪ੍ਰਤੀਕਿਰਿਆ ਦੀ ਪਰਵਾਹ ਨਹੀਂ ਕਰਦੇ। ਜਿਨ੍ਹਾਂ ਨੂੰ ਕੈਪਟਨ ਅਮਰਿੰਦਰ ਸਿੰਘ ਤੇ ਬਾਦਲ ਪਿਓ-ਪੁੱਤ ਭਾਉਂਦੇ ਹੋਣ ਉਹ ਹਰਜੀਤ ਸਿੰਘ ਸੱਜਣ ਅਤੇ ਜਗਮੀਤ ਸਿੰਘ ਕੋਲੋਂ ਡਰਦੇ ਹੀ ਰਹਿਣਗੇ।

ਸਿੱਖ ਹੋਂਦ ਹਸਤੀ ਪਿਛਲੇ ਕੁਝ ਅਰਸੇ ਤੋਂ ਕੈਨੇਡਾ ਦੇ ਭਾਰਤ ਨਾਲ ਸਬੰਧਾਂ ਨੂੰ ਕਿਵੇਂ ਨਾ ਕਿਵੇਂ ਪ੍ਰਭਾਵਿਤ ਕਰਦੀ ਹੀ ਰਹਿੰਦੀ ਹੈ। ਕਨਿਸ਼ਕ ਬੰਬ ਧਮਾਕਾ ਕਾਂਡ ਦੇ ਸਹਾਰੇ ਭਾਰਤੀ ਕੂਟਨੀਤੀ ਨਾਲ ਜੁੜੇ ਸਾਰੇ ਸੰਦਾਂ (ਸਮੇਤ ਮੀਡੀਆ) ਨੇ ਸਿੱਖਾਂ ਨੂੰ ਕੈਨੇਡਾ ਵਿਚ ਅਲੱਗ ਥਲੱਗ ਕਰਨ ਲਈ ਪੂਰਾ ਤਾਣ ਲਾਇਆ। ਕੈਨੇਡੀਆਈ ਪ੍ਰਧਾਨ ਮੰਤਰੀ ਦੇ ਹਾਲੀਆ ਦੌਰੇ ਨੂੰ ਲੈ ਕੇ ਭਾਰਤੀ ਹਕੂਮਤ ਦਾ ਰਵੱਈਆ ਸਿੱਖਾਂ ਅਤੇ ਸਿੱਖ ਹਮਦਰਦਾਂ ਬਾਰੇ ਭਾਰਤੀ ਨੀਤੀ ਦੀ ਬਿਲਕੁਲ ਸਪੱਸ਼ਟ ਪੇਸ਼ਕਾਰੀ ਰਿਹਾ ਹੈ। ਆਪਣੇ ਹਮ ਰੁਤਬਾ ਦੀ ਹਾਜ਼ਰੀ ਵਿਚ ਮੋਦੀ ਨੇ ਭਾਰਤੀ ਹਾਕਮਾਂ ਦਾ ਉਹੀ ਦੇਸ਼ ਦੀ ਏਕਤਾ ਅਖੰਡਤਾ ਦਾ ਰਵਾਇਤੀ ਰੋਣਾ ਰੋਇਆ। ਏਕਤਾ ਅਖੰਡਤਾ ਵਾਲਾ ਇਹ ਮੰਤਰ ਬਹੁਲਵਾਦੀ ਲੋਕਤੰਤਰ ਨੂੰ ਚੰਗਾ ਸੂਤ ਬੈਠਦਾ ਹੈ।

ਨਵੰਬਰ '84 ਦੀ ਨਸਲਕੁਸ਼ੀ ਸਬੰਧੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਦਾ ਸਾਲ 2014 ਦੀ 27 ਦਸੰਬਰ ਨੂੰ ਅਖ਼ਬਾਰਾਂ ਵਿਚ ਬਿਆਨ ਛਪਿਆ ਸੀ। ਭਾਰਤੀ ਗ੍ਰਹਿ ਮੰਤਰੀ ਨੇ ਪਹਿਲੀ ਵਾਰ ਦਿੱਲੀ ਦੀ ਫਸੀਲ ਤੋਂ ਇਹ ਤਸਲੀਮ ਕੀਤਾ ਕਿ '84 ਦੇ ਸਿੱਖ ਵਿਰੋਧੀ ਦੰਗੇ ਨਸਲਕੁਸ਼ੀ ਸਨ ('84 Riots were genocide : Rajnath, The Tribune 27 Dec 2014)। ਜਦੋਂ ਓਨਟਾਰੀਓ ਸੂਬੇ ਦੀ ਅਸੈਂਬਲੀ ਵਿਚ ਸਿੱਖ ਕਤਲੇਆਮ ਨੂੰ ਨਸਲਕੁਸ਼ੀ ਕਬੂਲਦਾ ਮਤਾ ਪਾਸ ਹੋਇਆ ਤਾਂ ਭਾਰਤ ਸਰਕਾਰ ਤੇ ਮੀਡੀਆ ਤੜਪ ਉੱਠੇ। ਰੋਜ਼ਾਨਾ ਵਿਚਰਦੇ ਹੋਏ ਦਿੱਲੀ ਦੇ ਪੰਜਾਬ ਵਿਚਲੇ ਸੂਬੇਦਾਰਾਂ ਤੋਂ ਲੈ ਕੇ ਭਾਰਤੀ ਸੁਰੱਖਿਆ ਸਲਾਹਕਾਰ, ਮੰਤਰੀ-ਸੰਤਰੀ ਸਭ ਸਵੈ ਭਰੋਸੇ ਦਾ ਦਿਖਾਵਾ ਕਰਦਿਆਂ ਸਿੱਖ ਰਾਜ ਦੇ ਚਾਹਵਾਨਾਂ ਨੂੰ ਨਿਗੂਣੇ ਤੱਕ ਗੁਰਦਾਨਦੇ ਹਨ। ਅਕਸਰ ਹੀ ਕਹਿੰਦੇ ਹਨ ਕਿ ਭਾਰਤ ਜਿਹੇ ਵੱਡੇ ਲੋਕਤੰਤਰ ਨੂੰ ਨਿਗੂਣੇ ਤੱਤਾਂ (fringe elements) ਤੋਂ ਕਦੀ ਖ਼ਤਰਾ ਨਹੀਂ ਹੁੰਦਾ। ਜਸਟਿਨ ਟਰੂਡੋ ਤੇ ਸਾਥੀਆਂ ਦੀ ਪੰਜਾਬ ਫੇਰੀ ਨਾਲ ਜਿਸ ਖ਼ੌਫ਼ਜ਼ਦਾ ਤਕਲੀਫ਼ ਦਾ ਮੁਜ਼ਾਹਰਾ ਭਾਰਤੀ ਕੂਟਨੀਤੀ ਨੇ ਕੀਤਾ ਹੈ ਉਹਦੇ ਵਿਚੋਂ ਇਹ ਸਵਾਲ ਉੱਠਦਾ ਹੈ ਕਿ ਜਾਂ ਤਾਂ ਭਾਰਤ ਹਕੂਮਤੀ ਦਾਅਵੇ ਜਿਹਾ ਸਮਰੱਥ ਲੋਕਤੰਤਰ ਨਹੀਂ ਹੈ ਜਾਂ ਆਜ਼ਾਦੀ ਦੀ ਤਾਂਘ ਰੱਖਦੇ ਸਿੱਖ ਨਿਗੂਣੇ ਤੱਤ' ਨਹੀਂ ਹਨ ?

# ਸੱਤਾਧਾਰੀਆਂ ਨੂੰ ਸਿੱਖ ਚੜ੍ਹਤਲ ਤੋਂ ਚਿੱੜ੍ਹ

**ਹੁਣ ਵੀ ਮੋਦੀ ਦੇ ਨਕਸ਼ੇ ਕਦਮ ਤੇ ਚਲਦਿਆਂ ਕੈਪਟਨ ਅਮਰਿੰਦਰ ਸਿੰਘ ਨੇ ਸ੍ਰੀ ਟਰੂਡੋ ਨੂੰ 9 ਸਿੱਖ ਨੌਜਵਾਨਾਂ ਦੀ ਸੂਚੀ ਸੌਂਪੀ ਹੀ ਹੈ। ਕੈਪਟਨ ਹੋਰੀਂ ਤਾਂ ਕੈਨੇਡਾ ਦੇ ਰੱਖਿਆ ਮੰਤਰੀ ਹਰਜੀਤ ਸਿੰਘ ਸੱਜਣ ਨੂੰ ਚਿਰੋਕਣੀ ਘਿਓ ਸ਼ੱਕਰ ਰਲਾ ਚੁੱਕੇ ਹਨ। ਅਖੇ ਸੱਜਣ ਸਮੇਤ ਟਰੂਡੋ ਦੀ ਵਜ਼ਾਰਤ ਵਿਚ ਕਈ ਖਾਲਿਸਤਾਨੀ ਮੰਤਰੀ ਹਨ। ਫਿਰ ਸਭ ਪਾਸਿਓ ਸ਼ਾਬਾਸ਼ ਦਾ ਦੂਸਰਾ ਪਾਸਾ ਮਿਲਿਆ ਤਾਂ ਹੁਣ ਤੌਬਾ ਕਰਕੇ ਸੱਜਣ ਨਾਲ ਹੱਥ ਵੀ ਆ ਮਿਲਾਇਆ।**



**ਸ਼ੇਰ ਸਿੰਘ ਕੰਵਲ**
(001-602-482-2276)



ਕੈਨੇਡਾ ਇਕ ਵਿਸ਼ਾਲ ਤੇ ਖ਼ੁਸ਼ਹਾਲ ਮੁਲਕ ਹੈ। ਇਥੋਂ ਦੇ ਲੋਕ ਖੁੱਲ੍ਹ-ਦਿਲੇ ਤੇ ਸਿਆਸਤਦਾਨ ਨਿਰਪੱਖ ਨਿਰਛਲ ਹਨ। ਇਸੇ ਲਈ ਆਵਾਸੀ ਇਥੇ ਆਨੰਦ-ਸਾਹਿਤ ਵਿਚਰਦੇ ਤੇ ਸੁਖਮਈ ਜੀਵਨ ਭੋਗ ਦੇ ਹਨ। ਕੈਨੇਡਾ ਵਿਚ ਇਸ ਵੇਲੇ 10 ਲੱਖ ਭਾਰਤੀ ਵਸਦੇ ਹਨ ਜਿਨ੍ਹਾਂ 'ਚੋਂ ਪੰਜ ਲੱਖ ਪੰਜਾਬੀ ਅਥਵਾ ਸਿੱਖ ਹਨ। ਆਜ਼ਾਦੀ ਪਸੰਦ ਪੰਜਾਬੀਆਂ ਅਥਵਾਂ ਸਿੱਖਾਂ ਲਈ ਇਹ ਦੇਸ਼ ਹੁਣ ਆਪਣੇ 'ਦੂਜੇ ਘਰ' ਵਰਗਾ ਹੈ ਜਿੱਥੇ ਆਪਣੇ ਮਿਹਨਤੀ ਤੇ ਰਲੌਸੁਭਾਅ ਕਰਕੇ ਉਨ੍ਹਾਂ ਆਪਣੀ ਚੋਖੀ ਤੇ ਘਣੀ ਪਛਾਣ ਬਣਾ ਲਈ ਹੈ। ਇਥੋਂ ਦੀ ਸਿਆਸਤ ਵਿਚ ਉਨ੍ਹਾਂ ਦੀ ਭੱਲ ਬਣੀ ਹੋਈ ਹੈ ਤੇ ਸਰਕਾਰ ਵਿਚ ਉਨ੍ਹਾਂ ਦਾ ਵੱਡਾ ਹਿੱਸਾ ਹੈ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕਦੇ ਠੀਕ ਹੀ ਕਿਹਾ ਸੀ ਕਿ ਮੇਰੀ ਵਜ਼ਾਰਤ ਵਿਚ ਭਾਰਤ ਨਾਲੋਂ ਵੱਧ ਸਿੱਖ ਹਨ। ਟਰੂਡੋ ਦੀ ਇਹ ਠੀਕ ਗੱਲ ਓਦੋਂ ਭਾਰਤੀ ਹੁਕਮਰਾਨਾਂ ਨੂੰ ਨਾਗ ਵਾਂਗ ਲੜੀ ਸੀ ਜਿਸ ਦਾ ਅਸਰ ਹੁਣ ਤੱਕ ਉਨ੍ਹਾਂ ਦੇ ਸਿਰਾਂ ਨੂੰ ਚੜ੍ਹਿਆ ਰਿਹਾ ਹੈ।

ਪਿਛਲੇ ਦਿਨੀਂ ਟਰੂਡੋ ਆਪਣੇ ਪਰਿਵਾਰ, ਵਜ਼ੀਰਾ/ਪਾਰਲੀਮੈਂਟ ਮੈਂਬਰਾਂ ਤੇ ਹੋਰਨਾਂ ਸਿਆਸੀ ਹਸਤੀਆਂ ਨਾਲ ਇਕ ਹਫ਼ਤੇ ਲਈ ਭਾਰਤ ਦੇ ਦੌਰੇ 'ਤੇ ਗਏ। ਸਿਆਸਤਦਾਨਾਂ ਦੇ ਦੌਰੇ ਸਿਆਸੀ ਤੇ ਵਪਾਰਿਕ ਮੰਤਵਾਂ ਲਈ ਤਾਂ ਹੁੰਦੇ ਹੀ ਹਨ ਪਰ ਨੈਤਿਕ ਕੀਮਤਾਂ ਦੇ ਧਾਰਨੀ ਤੇ ਸਿੱਖਾਂ ਦੇ ਕਦਰਦਾਨ ਟਰੂਡੋ ਜਿਸ ਸ਼ਰਧਾ ਤੇ ਸਤਿਕਾਰ ਸਹਿਤ ਸ੍ਰੀ ਹਰਿਮੰਦਰ ਸਾਹਿਬ ਨਤਮਸਤਕ ਹੋਏ ਤੇ ਜਿਸ ਕਦਰ ਸਿੱਖ ਸੰਸਾਰ ਉਨ੍ਹਾਂ ਦੇ ਸੁਆਗਤ ਤੇ ਪਿਆਰ ਲਈ ਉੱਮਡਿਆ ਇਹ ਸਦਾ ਲਈ ਇਕ ਅਭੁੱਲ ਯਾਦ ਬਣੀ ਰਹੇਗੀ। ਦੂਜੇ ਪਾਸੇ ਉੱਡਦੀ ਫਿਰਕੂ ਭਰਾਵੀਂ ਫੁਲਕਾਰੀ ਦੇ ਰੰਗ ਵੀ ਦੇਖੋ! ਚੀਨ, ਅਮਰੀਕਾ, ਯੂ ਏ ਈ, ਜਪਾਨ ਇਜ਼ਰਾਈਲ ਦੇ ਸਾਬਕਾ ਤੇ ਮੌਜੂਦਾ ਰਾਜ ਪ੍ਰਮੁੱਖਾਂ ਨੂੰ ਤਾਂ ਸ੍ਰੀ ਮੋਦੀ ਪ੍ਰੋਟੋਕੋਲ ਤੋੜ ਕੇ ਵੀ ਏਅਰਪੋਰਟ ਤੇ ਲੈਣ ਗਏ ਜੱਫ਼ੀਆਂ ਪਾ ਕੇ ਮਿਲਦੇ ਹਨ ਪਰ ਸ੍ਰੀ ਟਰੂਡੋ ਨੂੰ ਇਹ ਸੁਆਗਤ ਨਹੀਂ ਦਿੱਤਾ ਜਾਂਦਾ। ਕਾਰਨ ਸਪਸ਼ਟ ਹੈ ਕਿਉਂਕਿ ਉਹ ਸਿੱਖਾਂ ਦੇ ਪ੍ਰਬੰਧਕ ਤੇ ਹਮਦਰਦ ਹਨ। ਸ੍ਰੀ ਟਰੂਡੋ ਦੇ ਦਿੱਲੀ ਏਅਰ ਪੋਰਟ ਉਤਰਨ ਤੇ ਗੁਜਰਾਤ ਜਾਣ ਦੇ ਦੋਹਾਂ ਮੌਕਿਆਂ ਤੋਂ ਮੋਦੀ ਨੇ ਪਾਸਾ ਵੱਟੀ ਰਖਿਆ। ਆਗਰਾ ਗਏ ਤਾਂ ਮੋਦੀ ਦੀ ਸੱਜੀ ਬਾਂਹ ਯੂ ਪੀ ਦਾ ਮੁੱਖ ਮੰਤਰੀ ਯੋਗੀ ਵੀ ਗਾਇਬ ਰਿਹਾ।

ਅੰਤ ਵਿਚ ਮੀਂਗਣਾਂ ਪਾ ਕੇ ਦਿੱਲੀ ਵਿਚ ਮਿਲਣੀ ਦਾ ਦੁੱਧ ਦਿੱਤਾ ਗਿਆ। ਮੀਡੀਏ ਵਿਚ ਹੋਈ 'ਤੋਏ....ਤੋਏ.' ਮਗਰੋਂ ਮੋਦੀ ਵੱਲੋਂ ਟਰੂਡੋ ਨੂੰ ਵੀ ਝੂਠੀ ਸੱਚੀ ਜੱਫ਼ੀ ਪਾ ਹੀ ਲਈ ਗਈ ਕਿਉਂਕਿ ਊਰਜਾ ਸਮੇਤ ਛੇ ਸਮਝੌਤਿਆਂ ਉੱਤੇ ਦਸਖ਼ਤ ਜੁ ਹੋਣੇ ਸਨ। ਪਰ ਮੁੱਖ ਸੁਨੇਹਾ ਇਹ ਦਿੱਤਾ ਗਿਆ ਕਿ ਭਾਰਤ, ਖੁਦਮੁਖਤਿਆਰ ਏਕਤਾ ਤੇ ਅਖੰਡਤਾ ਨੂੰ ਚੁਣੌਤੀ ਦੇਣ ਵਾਲੀਆਂ ਤਾਕਤਾਂ ਨੂੰ ਬਰਦਾਸ਼ਤ ਨਹੀਂ ਕਰੇਗਾ। ਵਾਰਤਾਲਾਪ ਮਗਰੋਂ ਅੱਤਵਾਦ ਦੇ ਹਿੰਸਕ ਅੱਤਵਾਦ ਖਿਲਾਫ਼ ਸਹਿਯੋਗ ਬਾਰੇ ਫਰੇਮਵਰਕ ਜਾਰੀ ਕੀਤਾ ਗਿਆ। ਇਸ 'ਚ ਭਾਰਤ ਤੇ ਕੈਨੇਡਾ ਅਲਕਾਇਦਾ, ਲਸ਼ਕਰ-ਏ-ਤੋਇਬਾ, ਜੈਸ਼-ਏ-ਮੁਹੰਮਦ, ਬੱਬਰ ਖਾਲਸਾ ਇੰਟਰਨੈਸ਼ਨਲ ਤੇ ਇੰਟਰਨੈਸ਼ਨਲ ਸਿੱਖ ਫੈਡਰੇਸ਼ਨ ਵਰਗੇ 'ਅਤਿਵਾਦੀ' ਸੰਗਠਤਾਂ ਨੂੰ ਖਤਮ ਕਰਨ 'ਚ ਇਕ ਦੂਸਰੇ ਦੀ ਮਦਦ ਕਰਨਗੇ। ਕੈਨੇਡਾ ਤੇ ਭਾਰਤ ਹਰ ਸਾਲ 10 ਅਰਬ ਡਾਲਰ ਦਾ ਵਪਾਰਿਕ ਕਾਰੋਬਾਰ ਕਰਦੇ ਹਨ ਪਰ ਸ੍ਰੀ ਟਰੂਡੋ ਦੇ ਦੌਰੇ ਸਮੇਂ ਪਹਿਲੀ ਗੱਲ ਇਹ 'ਖਤਰੇ' ਖਤਮ ਦੀ ਰੱਖੀ ਗਈ ਹੈ। ਭਾਰਤ ਵਿਚ ਕੋਈ ਭਗਵਾਂ ਵਜ਼ੀਰ ਜਾਂ ਮੈਂਬਰ ਪਾਰਲੀਮੈਂਟ ਸ਼ਰ੍ਹੇਆਮ ਮੁਸਲਮਾਨਾਂ ਨੂੰ ਕਹਿ ਸਕਦਾ ਹੈ ਕਿ ਜੇ ਸਾਡੀ ਆਹ ਗੱਲ ਨਹੀਂ ਮੰਨਣੀ ਤਾਂ ਪਾਕਿਸਤਾਨ ਚਲੇ ਜਾਓ। ਉਸ ਨੂੰ ਸਜ਼ਾ ਤਾਂ ਪਾਸੇ ਰਹੀ, ਟੋਕਿਆ ਜਾਂ ਰੋਕਿਆ ਵੀ ਨਹੀਂ ਜਾਂਦਾ ਪਰ ਘੱਟ ਗਿਣਤੀਆਂ 'ਚੋਂ ਕੋਈ ਦੂਜੇ ਮੁਲਕ ਵੀ ਹੋਏ ਤਾਂ ਉਸ ਉੱਤੇ ਪਾਬੰਦੀ ਹੋਣੀ ਚਾਹੀਦੀ ਹੈ। ਮੋਦੀ ਜੀ ਨੂੰ ਭਲੀ ਭਾਂਤ ਪਤਾ ਹੀ ਹੋਏਗਾ ਕੈਨੇਡਾ ਵਰਗੇ ਮੁਲਕਾਂ ਵਿਚ ਭਾਰਤ ਵਾਂਗ ਝੂਠੇ ਕੇਸਾਂ ਵਿਚ ਫਸਾ ਕੇ ਮਨੁੱਖ ਉਮਰ ਭਰ ਲਈ ਜਿਨ੍ਹਾਂ ਵਿਚ ਨਹੀਂ ਡੱਕੇ ਜਾਂਦੇ ਤੇ ਨਾ ਹੀ ਝੂਠੇ ਪੁਲਿਸ ਮੁਕਾਬਲਿਆਂ ਵਿਚ ਮਾਰ ਕੇ ਖਪਾਏ ਜਾਂਦੇ ਹਨ।

ਜਸਟਿਨ ਟਰੂਡੋ ਦੇ ਮੋਦੀ-ਲਾਣੇ ਵੱਲੋਂ ਕੌੜੇ ਸੁਆਗਤ ਪਿੱਛੇ ਅਸਲ ਕਾਰਨ ਕੈਨੇਡਾ 'ਚ ਸਿੱਖਾਂ ਦੀ ਚੜ੍ਹਤਲ ਤੇ ਸ੍ਰੀ ਟਰੂਡੋ ਦਾ ਸਿੱਖਾਂ ਦਾ ਹਮਦਰਦ ਹੋਣਾ ਹੀ ਹੈ। ਦੂਸਰਾ ਕਾਰਨ ਇਕ ਇਹ ਵੀ ਹੈ ਕਿ ਵਿਦੇਸ਼ੀ ਸਿੱਖ ਆਪਣੇ ਧਾਰਮਿਕ ਅਸਥਾਨਾਂ 'ਚੋਂ ਭਾਰਤੀ ਅਧਿਕਾਰੀਆਂ ਦੀ ਦਖ਼ਲ ਅੰਦਾਜ਼ੀ ਕਿਉਂ ਰੋਕ ਰਹੇ ਹਨ। ਚਾਹੀਦਾ ਤਾਂ ਇਹ ਹੈ ਕਿ ਭਾਰਤ ਸਰਕਾਰ ਅਜਿਹੇ ਅਧਿਕਾਰੀਆਂ ਨੂੰ ਇਸ ਗੱਲੋਂ ਆਪ ਲਗਾਮ ਦੇਵੇ ਪਰ ਗੁੱਸਾ ਵਿਦੇਸ਼ੀ ਸਿੱਖਾਂ 'ਤੇ ਕੀਤਾ ਜਾ ਰਿਹਾ ਹੈ। ਉਲਟਾ ਚੋਰ ਕੋਤਵਾਲ ਕੋ ਡਾਂਟੇ।

ਇਕ ਗੱਲ ਹੋਰ ਪੰਜਾਬ ਦੇ ਸਿੱਖ ਲੀਡਰਾਂ ਬਾਰੇ ਵੀ। ਪੰਜਾਬ 'ਚ ਮੁੱਖ ਮੰਤਰੀ ਅਕਾਲੀ ਦਲ- ਭਾਜਪਾ ਦਾ ਹੋਵੇ ਜਾਂ ਕਾਂਗਰਸ ਦਾ ਬਦਕਿਸਮਤੀ ਪੰਜਾਬ ਦੀ ਉਹਦੀ ਤਾਰ ਦਿੱਲੀ ਤੋਂ ਹੀ ਹਿਲਦੀ ਹੈ। ਉਸਦੀ ਦੌੜ ਆਪਣੀ ਕੁਰਸੀ ਪੱਕੀ ਰੱਖਣ ਦੀ ਹੁੰਦੀ ਹੈ। ਉਹ ਆਪਣੀ ਪਾਰਟੀ ਦੇ ਦਿੱਲੀ ਵਾਲਿਆਂ ਦੀ ਖ਼ੁਸ਼ੀ ਹੀ ਚਾਹੁੰਦਾ ਹੈ। ਭਾਵ 'ਮੁੱਲਾਂ ਦੀ ਦੌੜ ਮਸੀਤ ਤਾਈਂ' ਵਾਂਗ ਇਹ ਝਾਕਦੇ ਹੀ ਦਿੱਲੀ ਵੱਲ ਹਨ ਤੇ ਦਿੱਲੀ ਵਾਲੇ ਘੱਟ ਗਿਣਤੀਆਂ ਵਿਸ਼ੇਸ਼ਕਰ ਸਿੱਖਾਂ ਲਈ ਪੰਜਾਬ ਲਈ ਦਿਲ ਵਾਲੇ ਨਹੀਂ ਕਾਲੇ ਦਿਲ ਵਾਲੇ ਹਨ। ਇਨ੍ਹਾਂ ਦੇ ਇਸ਼ਾਰੇ ਉੱਤੇ ਹੀ ਜੇ ਪੰਜਾਬ ਦੇ ਮੁੱਖ ਮੰਤਰੀ ਨੇ ਹਰ ਕੰਮ ਕਰਨਾ ਹੈ ਤਾਂ ਪੰਜਾਬ ਜਾਂ ਸਿੱਖਾਂ ਦਾ ਭਲਾ ਕਿਥੋਂ ਹੋਣਾ ਹੈ? ਦਿਲੀ ਵਾਲਿਆਂ ਦੀਆਂ ਪੰਜਾਬ ਪ੍ਰਤੀ ਮਾਰੂ ਨੀਤੀਆਂ ਅਤੇ ਸਿੱਖ ਲੀਡਰਾਂ ਦੇ ਸੁਆਰਥ ਕਾਰਨ ਅੱਜ ਪੰਜਾਬ ਲਗਪਗ ਉੱਜੜ ਚੁੱਕਾ ਹੈ। ਪੰਜਾਬ ਦਾ ਨੌਜਵਾਨ ਪੰਜਾਬੋਂ ਭੱਜ ਕੇ ਵਿਦੇਸ਼ ਦੀ ਸ਼ਰਨ ਲੱਭ ਰਿਹੈ। ਪੰਜਾਬ ਦੇ ਇਹ ਸਿੱਖ ਮੁਹਰੈਲ ਨੌਜਵਾਨਾਂ ਦੇ ਸਿਰ ਉੱਤੇ ਹੱਥ ਨਹੀਂ ਰੱਖ ਰਹੇ ਸਗੋਂ ਇਨ੍ਹਾਂ ਦੀ ਸੋਚ ਹੈ ਕਿ ਜਿਨ੍ਹਾਂ ਅਸੀਂ ਸਿੱਖ ਨੌਜਵਾਨਾਂ ਨੂੰ ਕੁੱਟਾਂ ਤੇ ਕੱਟਾਂਗੇ ਓਨੀ ਹੀ ਸਾਡੀ ਕੁਰਸੀ ਪੱਕੀ ਤੇ ਮਜ਼ਬੂਤ ਹੋਏਗੀ ਪਰ ਇਹ ਭੁੱਲ ਜਾਂਦੇ ਹਨ ਕਿ ਕੁਰਸੀਆਂ ਤੇ ਉਮਰਾਂ ਨੇ ਸਦਾ ਨਹੀਂ ਰਹਿਣਾ ਅੱਜ ਜਾਂ ਕੱਲ੍ਹ ਚਲੇ ਹੀ ਜਾਣਾ ਹੈ। ਹੁਣ ਵੀ ਮੋਦੀ ਦੇ ਨਕਸ਼ੇ ਕਦਮ ਤੇ ਚਲਦਿਆਂ ਕੈਪਟਨ ਅਮਰਿੰਦਰ ਸਿੰਘ ਨੇ ਸ੍ਰੀ ਟਰੂਡੋ ਨੂੰ 9 ਸਿੱਖ ਨੌਜਵਾਨਾਂ ਦੀ ਸੂਚੀ ਸੌਂਪੀ ਹੀ ਹੈ। ਕੈਪਟਨ ਹੋਰੀਂ ਤਾਂ ਕੈਨੇਡਾ ਦੇ ਰੱਖਿਆ ਮੰਤਰੀ ਹਰਜੀਤ ਸਿੰਘ ਸੱਜਣ ਨੂੰ ਚਿਰੋਕਣੀ ਘਿਓ ਸ਼ੱਕਰ ਰਲਾ ਚੁੱਕੇ ਹਨ। ਅਖੇ ਸੱਜਣ ਸਮੇਤ ਟਰੂਡੋ ਦੀ ਵਜ਼ਾਰਤ ਵਿਚ ਕਈ ਖਾਲਿਸਤਾਨੀ ਮੰਤਰੀ ਹਨ। ਫਿਰ ਸਭ ਪਾਸਿਓ ਸ਼ਾਬਾਸ਼ ਦਾ ਦੂਸਰਾ ਪਾਸਾ ਮਿਲਿਆ ਤਾਂ ਹੁਣ ਤੌਬਾ ਕਰਕੇ ਸੱਜਣ ਨਾਲ ਹੱਥ ਵੀ ਆ ਮਿਲਾਇਆ।

ਮੋਦੀ ਹੋਰਾਂ ਨੂੰ ਤਾਂ ਸ੍ਰੀ ਟਰੂਡੋ ਵਰਗੇ ਸਿੱਖਾਂ ਦੇ ਹਮਦਰਦ ਵੀ ਚੰਗੇ ਨਹੀਂ ਲਗਦੇ ਤੇ ਸਿੱਖ ਲੀਡਰਾਂ ਨੂੰ ਸਿੱਖ ਨੌਜਵਾਨਾਂ ਨਾਲੋਂ ਕਸਾਈ ਕੇ ਪੀ ਐਸ ਵਰਗੇ ਚੰਗੇ ਸ੍ਰੀ ਟਰੂਡੋ ਦੀ ਅੰਮ੍ਰਿਤਸਰ ਫੇਰੀ ਦੇ ਪ੍ਰਛਾਵੇਂ ਵਿਚ ਕੈਪਟਨ ਅਮਰਿੰਦਰ ਸਿੰਘ ਤੇ ਸੁਖਬੀਰ ਸਿੰਘ ਬਾਦਲ ਨੂੰ ਜ਼ਰੂਰ ਆਸ਼ਾ ਹੋਏਗੀ ਕਿ ਉਹ ਕੈਨੇਡਾ ਆਣ ਕੇ ਸਿੱਖਾਂ ਦੇ ਸਨਮੁੱਖ ਹੋ ਸਕਣਗੇ, ਪਰ ਫਿਲਹਾਲ ਅਜਿਹੀ ਕੋਈ ਸੰਭਾਵਨਾ ਨਜ਼ਰ ਨਹੀਂ ਆਉਂਦੀ।

ਜਾਂਦੇ ਜਾਂਦੇ ਇਕ ਗੱਲ ਕੇਜਰੀਵਾਲ ਦੀ ਵੀ ਹੋ ਜਾਵੇ। ਕੇਜਰੀਵਾਲ ਦਿੱਲੀ ਦੇ ਮੁੱਖ ਮੰਤਰੀ ਹਨ। ਪੰਜਾਬੀਆਂ ਨੇ ਉਨ੍ਹਾਂ ਨੂੰ ਅਣ ਕਿਆਸਿਆ ਪਿਆਰ ਦਿੱਤਾ। ਸੁਣਦੇ ਹਾਂ, ਚੋਣਾਂ ਸਮੇਂ ਕੈਨੇਡੀਅਨ ਸਿੱਖਾਂ ਨੇ ਪੈਸਾ ਵੀ ਦਿੱਤਾ ਤੇ ਵਫ਼ਦਾਂ ਦੇ ਰੂਪ 'ਚ ਕੈਨੇਡੀਅਨ ਉਨ੍ਹਾਂ ਦੀ ਮਦਦ ਲਈ ਵੀ ਗਏ। ਹੁਣ ਜਦ ਕੈਨੇਡਾ ਦੇ ਪ੍ਰਧਾਨ ਮੰਤਰੀ ਤੇ ਉਨ੍ਹਾਂ ਦੇ ਸਾਥੀ ਦਿੱਲੀ ਤੇ ਪੰਜਾਬ ਗਏ ਤਾਂ ਕੇਜਰੀਵਾਲ ਜੀ ਅੱਖ ਵਿਚ ਪਾਏ ਵੀ ਨਾ ਰੜਕੇ ਹੈ ਕੋਈ ਜੁਆਬ?

ਮੁਕਦੀ ਗੱਲ, ਜਸਟਿਨ ਟਰੂਡੋ ਅਤੇ ਸਹਿਯੋਗੀਆਂ ਨੂੰ ਪੰਜਾਬ/ਭਾਰਤ ਦੀ ਇਸ ਯਾਤਰਾ ਲਈ ਮੁਬਾਰਕਬਾਦ। ਉਹ ਸਿੱਖ ਪੰਜਾਬੀ ਤੇ ਭਾਰਤੀ ਵਧਾਈ ਦੇ ਪਾਤਰ ਹਨ ਜਿਨ੍ਹਾਂ ਨੇ ਉਨ੍ਹਾਂ ਦਾ ਦਿਲੋਂ ਸੁਆਗਤ ਤੇ ਸਤਿਕਾਰ ਕੀਤਾ। ਸਿੱਖਾਂ ਦੀ ਵਿਦੇਸ਼ਾਂ ਵਿਚ ਚੜ੍ਹਤਲ ਤੋਂ ਚਿੜ੍ਹਨ ਵਾਲੀਆਂ ਧਿਰਾਂ ਦੇ ਇਸ ਵਰਤਾਰੇ ਤੋਂ ਸਬਕ ਕੈ ਕੇ ਵਿਦੇਸ਼ੀ ਸਿੱਖਾਂ ਨੂੰ ਸਿੱਖੀ ਸਿਧਾਂਤਾਂ ਨੂੰ ਅਪਣਾਉਂਦਿਆਂ ਵਿਦੇਸ਼ੀ ਭਾਈਚਾਰੇ ਨਾਲ ਸਾਂਝ ਤੇ ਪਿਆਰ ਵਧਾ ਕੇ ਚੜ੍ਹਦੀ ਕਲਾ ਵੱਲ ਵਧਣਾ ਚਾਹੀਦਾ ਹੈ।

# ਮਨੁੱਖੀ ਅਧਿਕਾਰਾਂ ਬਾਰੇ ਕੈਨੇਡਾ ਤੇ ਭਾਰਤ 'ਚ ਟਕਰਾਅ ਕਿਉਂ ?

**ਪ੍ਰੀਤਮ ਸਿੰਘ (ਡਾ.)**

ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਹਾਲੀਆ ਭਾਰਤ ਦੌਰੇ ਦੌਰਾਨ ਦੋਹਾਂ ਦੇਸ਼ਾਂ ਦਾ ਮੀਡੀਆ, ਖ਼ਾਸ ਕਰ ਕੇ ਭਾਰਤੀ ਮੀਡੀਆ



ਇਸ ਮਾਮਲੇ ਨੂੰ ਕੁਝ ਵਧੇਰੇ ਹੀ ਇਸ ਤਰ੍ਹਾਂ ਬਣਾ ਕੇ ਪੇਸ਼ ਕਰਨ ਦਾ ਜਤਨ ਕਰਦਾ ਰਿਹਾ, ਜਿਵੇਂ ਕੈਨੇਡਾ ਦੇ ਕੁਝ ਸਿੱਖ ਸਮੂਹਾਂ ਵੱਲੋਂ ਕੀਤੀ ਜਾ ਰਹੀ ਖ਼ਾਲਿਸਤਾਨ ਦੀ ਮੰਗ ਨੂੰ ਉੱਥੋਂ ਦੀ ਸਰਕਾਰ ਕਥਿਤ ਤੌਰ 'ਤੇ ਹਮਾਇਤ ਦੇ ਰਹੀ ਹੋਵੇ ਅਤੇ ਦੋਵੇਂ ਦੇਸ਼ਾਂ ਦੀਆਂ ਸਰਕਾਰਾਂ ਦੇ ਸਬੰਧਾਂ ਵਿਚਾਲੇ ਤਣਾਅ ਦਾ ਇਹੋ ਮੁੱਖ ਕਾਰਨ ਹੋਵੇ। ਇਸ ਧਾਰਨਾ ਵਿਚ ਕੁਝ ਤਾਂ ਸੱਚਾਈ ਹੈ, ਪਰ ਇੱਕ ਤਾਂ ਇਸ ਮਾਮਲੇ ਨੂੰ ਬਹੁਤ ਸਿੱਧੜ ਢੰਗ ਨਾਲ ਪੇਸ਼ ਕੀਤਾ ਗਿਆ ਹੈ, ਸਿੱਟੇ ਵਜੋਂ ਕੈਨੇਡਾ ਤੇ ਭਾਰਤ ਦੇ ਸਿਆਸੀ ਸਭਿਆਚਾਰ ਵਿਚਲੇ ਗੰਭੀਰ ਮਤਭੇਦਾਂ ਤੇ ਸਾਂਝਾਂ ਨੂੰ ਤੋੜ-ਮਰੋੜ ਕੇ ਪੇਸ਼ ਕੀਤਾ ਗਿਆ ਹੈ। ਮੁੱਖ ਸਿਆਸੀ-ਸਭਿਆਚਾਰਕ ਮਤਭੇਦ ਤਾਂ ਮਨੁੱਖੀ ਅਧਿਕਾਰਾਂ ਬਾਰੇ ਵਿਚਾਰਾਂ ਨੂੰ ਲੈ ਕੇ ਹਨ। ਮਨੁੱਖੀ ਅਧਿਕਾਰਾਂ ਪ੍ਰਤੀ ਵਿਭਿੰਨ ਵਿਚਾਰਾਂ 'ਤੇ ਡੂੰਘੇ ਬੁਨਿਆਦੀ ਮਤਭੇਦ ਹੀ ਖ਼ਾਲਿਸਤਾਨ ਦੇ ਮੁੱਦੇ 'ਤੇ ਤਣਾਅ ਦਾ ਮੁੱਖ ਕਾਰਨ ਹਨ।

ਕੈਨੇਡਾ ਭਾਵੇਂ ਆਰਥਿਕ ਤੌਰ 'ਤੇ ਵਿਕਸਤ ਅਤੇ ਭਾਰਤ ਅਜੇ ਵੀ ਵਿਕਾਸਸ਼ੀਲ ਦੇਸ਼ ਹੀ ਹੈ, ਉਂਜ ਦੋਵੇਂ ਪੂੰਜੀਵਾਦੀ ਅਰਥ ਵਿਵਸਥਾ ਤਹਿਤ ਚੱਲਦੇ ਹਨ, ਤੇ ਦੋਵੇਂ ਦੇਸ਼ਾਂ ਨੂੰ ਇਸ ਵੇਲੇ ਪੂੰਜੀਵਾਦ ਦੇ ਮਾੜੇ ਪ੍ਰਭਾਵ ਝੱਲਣੇ ਪੈ ਰਹੇ ਹਨ। ਵੱਡੀ ਆਰਥਿਕ ਅਸਮਾਨਤਾ ਅਤੇ ਇਸ ਦੇ ਸਮਾਜਿਕ ਤੇ ਸਭਿਆਚਾਰਕ ਨਤੀਜੇ, ਦੋਹਾਂ ਦੇਸ਼ਾਂ ਦੇ ਸਾਂਝੇ ਉਣੇ ਸਿਆਸੀ-ਆਰਥਿਕ ਰਾਜ-ਪ੍ਰਬੰਧ ਵੱਲ ਸੰਕੇਤ ਕਰਦਾ ਹੈ। ਇਸ ਸਾਂਝੇ ਦੇ ਪ੍ਰਸੰਗ ਵਿੱਚ ਡੂੰਘੇ ਸਿਆਸੀ-ਸਭਿਆਚਾਰਕ ਅੰਤਰ ਹਨ। ਜੇ ਕੈਨੇਡਾ-ਭਾਰਤ ਸਬੰਧਾਂ ਨੂੰ ਡੂੰਘੀ ਤਰ੍ਹਾਂ ਸਮਝਣਾ ਹੈ, ਤਾਂ ਦੋਵੇਂ ਦੇਸ਼ਾਂ ਦੇ ਸਿਆਸੀ ਸਭਿਆਚਾਰ ਦੇ ਮੱਦੇਨਜ਼ਰ ਮਨੁੱਖੀ ਅਧਿਕਾਰਾਂ ਬਾਰੇ ਮੁੱਖ ਅੰਤਰ ਨੂੰ ਸਮਝਣਾ ਹੋਵੇਗਾ।

ਕੈਨੇਡਾ ਦਾ ਅਜਿਹਾ ਸ਼ਰਮਨਾਕ ਅਤੇ ਮੁਸੀਬਤਾਂ ਭਰਿਆ ਇਤਿਹਾਸ ਹੈ, ਜਿਸ ਵਿਚ ਉੱਥੋਂ ਦੇ ਮੂਲਵਾਸੀ ਭਾਈਚਾਰਿਆਂ ਦਾ ਮੁਕੰਮਲ ਖ਼ਾਤਮਾ ਕੀਤਾ ਗਿਆ ਤੇ ਗ਼ੈਰ-ਗੋਰੀਆਂ ਨਸਲੀ ਘੱਟ-ਗਿਣਤੀਆਂ ਨੂੰ ਦਬਾਇਆ ਗਿਆ, ਪਰ ਹੌਲੀ ਹੌਲੀ ਇਸ ਪੀੜ ਨੂੰ ਪਿਛਾਂਹ ਛੱਡਦਿਆਂ, ਇਹ ਆਪਣੀਆਂ ਇਤਿਹਾਸਕ ਬੇਇਨਸਾਫ਼ੀਆਂ ਨੂੰ ਪ੍ਰਵਾਨ ਕਰਦਾ ਗਿਆ ਤੇ ਇਸ ਸਬੰਧੀ ਖ਼ੁਦ ਨੂੰ ਸੁਧਾਰਦਾ ਗਿਆ ਅਤੇ ਇਉਂ ਵਧੇਰੇ ਸਹਿਣਸ਼ੀਲ ਤੇ ਬਹੁ-ਸਭਿਆਚਾਰਕ ਸਮਾਜ ਦਾ ਰੂਪ ਅਖ਼ਤਿਆਰ ਕਰਦਾ ਗਿਆ।

ਮਨੁੱਖੀ ਅਧਿਕਾਰਾਂ ਤੇ ਸਮਾਨਤਾ ਲਈ ਕਈ ਪੀੜ੍ਹੀਆਂ ਤੋਂ ਕੰਮ ਕਰਨ ਵਾਲੇ ਕਾਰਕੁਨਾਂ ਨੇ ਕੈਨੇਡਾ ਦੇ ਸਿਆਸੀ ਸਭਿਆਚਾਰ ਲਈ ਅਣਥੱਕ ਸੰਘਰਸ਼ ਕੀਤੇ। ਕੈਨੇਡਾ ਦੇ ਮੌਜੂਦਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਪਿਤਾ ਪੀਅਰੀ ਟਰੂਡੋ ਨੇ ਆਪਣੇ ਦੇਸ਼ ਵਿਚ ਅਜਿਹੀ ਸਿਆਸੀ-ਸਭਿਆਚਾਰਕ ਆਮ ਸਹਿਮਤੀ ਕਾਇਮ ਕਰਨ ਵਿੱਚ ਮੁੱਖ ਭੂਮਿਕਾ ਨਿਭਾਈ ਸੀ ਕਿ ਵਧੀਆ ਸਮਾਜ ਉਹ ਹੁੰਦਾ ਹੈ, ਜੋ ਅੰਦਰੂਨੀ ਮਤਭੇਦਾਂ ਨੂੰ ਸਮਝਦਾ ਹੈ, ਵਿਭਿੰਨਤਾ ਦੀ ਕਦਰ ਪਾਉਂਦਾ ਹੈ ਅਤੇ ਅਜਿਹੀਆਂ ਸੰਸਥਾਵਾਂ ਦਾ ਨਿਰਮਾਣ ਕਰਦਾ ਹੈ ਜੋ ਅੰਦਰੂਨੀ ਮਤਭੇਦਾਂ ਤੇ ਵਿਭਿੰਨਤਾਵਾਂ ਵਿਚਾਲੇ ਸੰਤੁਲਨ ਕਾਇਮ ਕਰਨ ਵਿਚ ਮੁੱਖ ਭੂਮਿਕਾ ਨਿਭਾਉਂਦੇ ਹਨ। ਬੇਸ਼ੱਕ, ਇਸ ਆਮ ਸਹਿਮਤੀ 'ਤੇ ਪੱਛਮੀ ਪੂੰਜੀਵਾਦੀ ਅਰਥ ਵਿਵਸਥਾਵਾਂ ਵਿਚ ਵੱਡੇ ਪੱਧਰ 'ਤੇ ਬਹਿਸ ਹੋਈ ਸੀ ਕਿ ਕਾਰਜਕੁਸ਼ਲ ਅਰਥ ਵਿਵਸਥਾ ਦੇ ਨਿਰਮਾਣ ਲਈ ਅਰਥ-ਵਿਵਸਥਾ ਨੂੰ ਚਲਾਉਣ 'ਚ ਸਹਾਇਕ ਹਰ ਤਰ੍ਹਾਂ ਦੀ ਕਿਰਤ ਦੀ ਸ਼ਮੂਲੀਅਤ ਬਹੁਤ ਜ਼ਰੂਰੀ ਹੈ। ਕੁਝ ਪੱਛਮੀ ਦੇਸ਼ਾਂ ਵਿਚ ਨਸਲੀ/ਅਰਧ-ਨਸਲੀ ਸਿਆਸੀ ਸਮੂਹਾਂ ਤੇ ਪਾਰਟੀਆਂ (ਅਮਰੀਕਾ ਵਿਚ ਟਰੰਪ ਦਾ ਰਾਸ਼ਟਰਪਤੀ ਬਣਨਾ ਵੱਡੀ ਮਿਸਾਲ ਹੈ) ਵਿਚ ਆਏ ਹਾਲੀਆ ਨਿਘਾਰ ਦੇ ਬਾਵਜੂਦ ਪੱਛਮੀ ਸੰਸਾਰ ਵਿਚ ਵੱਡੇ ਪੱਧਰ 'ਤੇ ਇਹੀ ਪ੍ਰਵਾਨਿਤ ਆਮ ਸਹਿਮਤੀ ਹੈ। ਕੈਨੇਡਾ ਨੇ ਇਹ ਆਮ ਸਹਿਮਤੀ ਕਾਇਮ ਕਰਨ ਵਿਚ ਨਾ ਸਿਰਫ਼ ਅਹਿਮ ਭੂਮਿਕਾ ਨਿਭਾਈ ਹੈ, ਸਗੋਂ ਇਸ ਪ੍ਰਤੀ ਪ੍ਰਤੀਬੱਧ ਰਹਿਣ ਦਾ ਦ੍ਰਿੜ੍ਹ ਇਰਾਦਾ ਵੀ ਪ੍ਰਗਟਾਇਆ ਹੈ। ਮਨੁੱਖੀ ਅਧਿਕਾਰਾਂ ਲਈ ਸਤਿਕਾਰ, ਵਿਭਿੰਨਤਾ ਅਤੇ ਬਹੁਲਵਾਦ ਕੈਨੇਡਾ ਦੇ ਪ੍ਰਵਾਨਿਤ ਮਾਹੌਲ ਵਿੱਚ ਨਿਹਿਤ ਹੈ।



ਕੈਨੇਡਾ 'ਚ ਬਹੁ-ਸਭਿਆਚਾਰਕ ਬਾਰੇ ਸਿਧਾਂਤਕ ਅਤੇ ਅਕਾਦਮਿਕ ਕੰਮ ਸਭ ਤੋਂ ਅਗਾਂਹਵਧੂ ਰਿਹਾ ਹੈ। ਇਹ ਕੰਮ ਬਹੁ-ਸਭਿਆਚਾਰਵਾਦ ਲਈ ਸਤਿਕਾਰ ਦੇ ਸਭਿਆਚਾਰ ਕਾਰਨ ਪ੍ਰਫੁੱਲਤ ਹੋ ਸਕਿਆ ਸੀ ਅਤੇ ਇਹ ਮੋੜਵੇਂ ਰੂਪ ਵਿੱਚ ਬਹੁ-ਸਭਿਆਚਾਰਵਾਦ ਦੇ ਹੱਕ ਵਿੱਚ ਵਿਚਾਰਾਂ, ਵਿਹਾਰਾਂ ਤੇ ਸੰਸਥਾਵਾਂ ਦਾ ਮਜ਼ਬੂਤ ਸਰੂਪ ਘੜਨ-ਸੰਵਾਰਨ ਲਈ ਰਾਹ ਮੋਕਲੇ ਕਰਦਾ ਹੈ। ਬਹੁ-ਸਭਿਆਚਾਰਵਾਦ ਦੇ ਰਾਹ 'ਤੇ ਤੁਰਨ ਦੇ ਕੈਨੇਡਾ ਨੂੰ ਕਈ ਲਾਭ ਹੋਏ ਹਨ। ਪਿਛਲੇ 20 ਵਰ੍ਹਿਆਂ ਦੌਰਾਨ, ਮਨੁੱਖੀ ਵਿਕਾਸ ਸੂਚਕ ਅੰਕ ਦੀਆਂ ਮੱਦਾਂ ਵਿੱਚ ਕੈਨੇਡਾ ਸੰਸਾਰ ਦਾ ਪਹਿਲਾ ਦੇਸ਼ ਬਣਿਆ ਰਿਹਾ ਹੈ ਜਾਂ ਪਹਿਲੇ 10 ਦੇਸ਼ਾਂ ਵਿੱਚ ਉਸ ਦਾ ਸ਼ੁਮਾਰ ਹੁੰਦਾ ਰਿਹਾ ਹੈ। ਕੈਨੇਡਾ ਇਸ ਤੱਥ 'ਤੇ ਮਾਣ ਕਰ ਸਕਦਾ ਹੈ ਕਿ ਉਹ ਪੱਛਮੀ ਸੰਸਾਰ ਦਾ ਇਕਲੌਤਾ ਅਜਿਹਾ ਦੇਸ਼ ਹੈ, ਜਿਥੇ ਕੋਈ ਗ਼ੈਰ-ਗੋਰਾ ਵਿਅਕਤੀ (ਜਗਮੀਤ ਸਿੰਘ) ਦੇਸ਼ ਦੀ ਅਹਿਮ ਕੌਮੀ ਪਾਰਟੀ ਦਾ ਮੁਖੀ ਬਣਿਆ ਹੈ।

ਬਹੁਲਵਾਦ, ਵਿਭਿੰਨਤਾ ਤੇ ਮਨੁੱਖੀ ਅਧਿਕਾਰਾਂ ਦੇ ਦ੍ਰਿਸ਼ਟੀਕੋਣ ਤੋਂ ਭਾਰਤ ਦੇ ਵਿਕਾਸ ਕ੍ਰਮ ਕੈਨੇਡਾ ਦੇ ਮੁਕਾਬਲੇ ਉਲਟੇ ਰਾਹ 'ਤੇ ਹੀ ਚੱਲਿਆ ਹੈ। ਵੀਹਵੀਂ ਸਦੀ ਦੇ ਪਹਿਲੇ ਅੱਧ ਦੌਰਾਨ, ਭਾਰਤ ਵਿੱਚ ਮਨੁੱਖੀ ਅਧਿਕਾਰਾਂ ਦੇ ਪਾਸਾਰ ਤੇ ਆਜ਼ਾਦੀਆਂ ਲਈ ਬਸਤੀਵਾਦ-ਵਿਰੋਧੀ ਬਹੁਤ ਸ਼ਾਨਦਾਰ ਸੰਘਰਸ਼ ਚੱਲੇ। 1947 ਵਿੱਚ ਬਸਤੀਵਾਦ-ਵਿਰੋਧੀ ਸੰਘਰਸ਼ਾਂ ਦੀ ਸਫ਼ਲਤਾ ਦੀ ਖ਼ੁਸ਼ੀ ਭਾਵੇਂ ਨਸਲੀ ਹਿੰਸਾ ਤੇ ਕਤਲੇਆਮ ਕਾਰਨ ਖ਼ਤਮ ਹੋ ਗਈ ਸੀ, ਪਰ ਇਸ ਦੇ ਬਾਵਜੂਦ 'ਏਕਤਾ ਤੇ ਵਿਭਿੰਨਤਾ' ਦੇ ਸਿਧਾਂਤ ਦੇ ਆਧਾਰ 'ਤੇ ਸਮਾਜ ਦੇ ਨਿਰਮਾਣ ਦੀਆਂ ਆਸਾਂ ਕਾਇਮ ਹੋਈਆਂ। ਭਾਰਤ ਵਿੱਚ ਬਸਤੀਵਾਦ ਤੋਂ ਬਾਅਦ ਸਰਕਾਰ ਕਾਇਮ ਹੋਣ ਦੇ ਛੇਤੀ ਬਾਅਦ ਵਿਭਿੰਨਤਾ ਨਾਲੋਂ ਏਕਤਾ ਉੱਤੇ ਵਧੇਰੇ ਜ਼ੋਰ ਦਿੱਤਾ ਗਿਆ। ਹਿੰਦੂ ਬਹੁ-ਗਿਣਤੀ ਜੋ ਪਹਿਲਾਂ ਚੁੱਪ ਅਤੇ ਲੁਕੀ-ਛਿਪੀ ਹੀ ਰਹੀ, ਉਸ ਨੇ ਪਿਛਲੇ 30 ਵਰ੍ਹਿਆਂ ਦੌਰਾਨ ਕਈ ਤਰ੍ਹਾਂ ਨਾਲ ਆਪਣਾ ਰੂਪ ਵਿਖਾਉਣਾ ਸ਼ੁਰੂ ਕੀਤਾ ਤੇ ਇਹ ਹੁਣ ਰਫ਼ਤਾਰ ਨਾਲ ਵਧ ਰਿਹਾ ਹੈ। ਬਹੁ-ਗਿਣਤੀ ਨੇ ਆਪਣਾ ਸਿਆਸੀ ਰਾਹ ਵਿਭਿੰਨਤਾ ਤੋਂ ਲਾਂਭੇ ਕਰ ਕੇ 'ਏਕਤਾ ਤੇ ਅਖੰਡਤਾ' ਉਤੇ ਕੇਂਦ੍ਰਿਤ ਕਰ ਲਿਆ ਹੈ ਤੇ ਖੇਤਰੀ ਅਖੰਡਤਾ ਉੱਤੇ ਵਧੇਰੇ ਜ਼ੋਰ ਦਿੱਤਾ ਜਾਣ ਲੱਗਾ। ਇਸ ਏਕਤਾਵਾਦੀ ਤੇ ਕੇਂਦਰਵਾਦੀ ਰਾਹ ਵਿੱਚ ਮਨੁੱਖੀ ਅਧਿਕਾਰ ਸ਼ੱਕ ਵਾਲਾ ਮਸਲਾ ਹੋ ਗਏ। ਮਨੁੱਖੀ ਅਧਿਕਾਰਾਂ ਦੇ ਕਾਰਕੁਨਾਂ ਨੂੰ ਸ਼ੱਕ ਦੀ ਨਜ਼ਰ ਨਾਲ ਵੇਖਦਿਆਂ ਦੇਸ਼ ਦੇ ਗ਼ੱਦਾਰਾਂ ਅਤੇ ਰਾਸ਼ਟਰ ਵਿਰੋਧੀਆਂ ਵਜੋਂ ਪੇਸ਼ ਕੀਤਾ ਜਾ ਰਿਹਾ ਹੈ।

ਜੇ ਕੈਨੇਡਾ ਵਿੱਚ, ਅਪਮਾਨਿਤ ਇਤਿਹਾਸ ਤੋਂ ਮਨੁੱਖ ਹਿਤੈਸ਼ੀ ਤੱਕ ਇਤਿਹਾਸਕ ਤਬਦੀਲੀ ਹੋਈ ਹੈ ਤਾਂ ਭਾਰਤ ਵਿੱਚ ਮਨੁੱਖੀ ਆਜ਼ਾਦੀ ਲਈ ਬਸਤੀਵਾਦ ਵਿਰੋਧੀ ਸੰਘਰਸ਼ਾਂ ਦੇ ਇਤਿਹਾਸਕ ਰਿਕਾਰਡ ਤੋਂ ਮੌਜੂਦਾ ਸੱਤਾਵਾਦ ਤੱਕ ਦਾ ਤਬਾਦਲਾ ਹੋਇਆ ਹੈ। ਕੈਨੇਡਾ ਵਿੱਚ ਜੇ ਕਿਤੇ ਮਤਭੇਦ ਹੁੰਦੇ ਹਨ ਤਾਂ ਵੀ ਉਨ੍ਹਾਂ ਨੂੰ ਅਹਿਮੀਅਤ ਦਿੱਤੀ ਜਾਂਦੀ ਹੈ, ਤਾਂ ਜੋ ਸਭਿਆਚਾਰਕ ਤੌਰ 'ਤੇ ਨਰੋਏ ਸਮਾਜ ਦਾ ਨਿਰਮਾਣ ਹੋ ਸਕੇ। ਇਸੇ ਲਈ ਦੇਸ਼ ਦੇ ਫ਼ਰੈਂਚ ਭਾਸ਼ੀ ਸੂਬੇ ਕਿਊਬੈਕ ਨੂੰ ਇਸ ਬੁਨਿਆਦੀ ਸੁਆਲ 'ਤੇ ਰਾਇਸ਼ੁਮਾਰੀ ਕਰਵਾਉਣ ਦੀ ਪ੍ਰਵਾਨਗੀ ਦਿੱਤੀ ਗਈ ਕਿ ਇਹ ਸੂਬਾ ਦੇਸ਼ ਤੋਂ ਵੱਖ ਹੋਣਾ ਚਾਹੁੰਦਾ ਹੈ। ਭਾਰਤ ਵਿੱਚ ਵੱਖ ਹੋਣ ਦੀ ਗੱਲ ਤਾਂ ਛੱਡ ਹੀ ਦੇਵੋ, ਜੇ ਕਿਤੇ ਕੋਈ ਸੀਮਤ ਖੇਤਰੀ ਖ਼ੁਦਮੁਖ਼ਤਾਰੀ ਦੀ ਗੱਲ ਵੀ ਕਰੇ ਤਾਂ ਉਸ ਨੂੰ ਵਿਸ਼ਵਾਸਘਾਤ ਮੰਨਿਆ ਜਾਂਦਾ ਹੈ। ਜੇ ਕੈਨੇਡਾ ਆਪਣੇ ਸੂਬਿਆਂ ਨੂੰ ਵੱਖ ਹੋਣ ਦੇ ਅਧਿਕਾਰ 'ਤੇ ਖੁੱਲ੍ਹੀ ਬਹਿਸ ਕਰਵਾਉਣ ਦੀ ਇਜਾਜ਼ਤ ਦਿੰਦਾ ਹੈ, ਤਾਂ ਉਸ ਤੋਂ ਇਹ ਆਸ ਰੱਖਣੀ ਤਰਕ-ਵਿਹੂਣੀ ਹੋਵੇਗੀ ਕਿ ਉਹ ਉਨ੍ਹਾਂ ਸਿੱਖਾਂ, ਕੁਰਦਾਂ, ਚੇਚਨਾਂ, ਬਲੋਚਾਂ ਜਾਂ ਤਾਮਿਲਾਂ ਨੂੰ ਦਬਾਉਣ ਲਈ ਸਰਕਾਰੀ ਤਾਕਤ ਦੀ ਵਰਤੋਂ ਕਰੇ; ਜੋ ਆਪਣੇ ਮੂਲ ਦੇਸ਼ਾਂ ਵਿੱਚੋਂ ਵੱਖ ਹੋਣ ਦੀ ਵਕਾਲਤ ਕਰ ਰਹੇ ਹਨ। ਕੈਨੇਡਾ ਦੀਆਂ ਇਨ੍ਹਾਂ ਘੱਟ-ਗਿਣਤੀਆਂ ਦੇ ਬਹੁਤੇ ਮੈਂਬਰ ਵੱਖਵਾਦ ਦੀ ਕੋਈ ਹਮਾਇਤ ਨਹੀਂ ਕਰਦੇ, ਉਹ ਸਿਰਫ਼ ਮੁਤਬਾਦਲ ਸਿਆਸੀ ਰਾਹਾਂ 'ਤੇ ਬਹਿਸ ਅਤੇ ਮਨੁੱਖੀ ਅਧਿਕਾਰਾਂ ਦੀ ਰਾਖੀ ਕਰਨੀ ਚਾਹੁੰਦੇ ਹਨ। ਕੈਨੇਡੀਅਨ ਕਾਨੂੰਨ ਤੇ ਸਿਆਸੀ ਸਭਿਆਚਾਰ ਸ਼ਾਂਤੀਪੂਰਨ ਢੰਗ-ਤਰੀਕਿਆਂ ਨਾਲ ਉਠਾਏ ਜਾ ਰਹੇ ਮਤਭੇਦਾਂ ਨੂੰ ਦਬਾਉਣ ਦੀ ਇਜਾਜ਼ਤ ਨਹੀਂ ਦਿੰਦਾ।

ਭਾਰਤੀ ਸਿਆਸੀ ਸਭਿਆਚਾਰ ਵਿੱਚ ਮਨੁੱਖੀ ਅਧਿਕਾਰਾਂ ਦੀ ਇਮਾਨਦਾਰਾਨਾ, ਸਹੀ ਤੇ ਸੱਚੀ ਸਮਝ ਨਦਾਰਦ ਹੈ। ਭਾਰਤ ਵਿੱਚ ਮਨੁੱਖੀ ਅਧਿਕਾਰਾਂ 'ਤੇ ਆਧਾਰਤ ਨਰੋਆ ਸਿਆਸੀ ਸਭਿਆਚਾਰ ਵਿਕਸਤ ਕਰਨ ਲਈ ਕੈਨੇਡਾ ਤੋਂ ਬਹੁਤ ਕੁਝ ਸਿੱਖਿਆ ਜਾ ਸਕਦਾ ਹੈ। ਇਤਿਹਾਸਕ ਤੌਰ 'ਤੇ ਦੇਖਿਆਂ, ਟਰੂਡੋ ਦੇ ਇਸ ਬਹੁ-ਚਰਚਿਤ ਭਾਰਤ ਦੌਰੇ ਦਾ ਵੱਡਾ ਹਾਸਲ ਇਹੀ ਹੋਵੇਗਾ।

***ਲੇਖਕ ਔਕਸਫ਼ੋਰਡ ਬਰੁਕਸ ਯੂਨੀਵਰਸਿਟੀ ਵਿੱਚ ਅਰਥ ਸ਼ਾਸਤਰ ਦਾ ਪ੍ਰੋਫੈਸਰ ਹੈ।**

# ਟਰੂਡੋ ਦੀ ਅੰਮ੍ਰਿਤਸਰ ਫੇਰੀ ਦਾ ਬਿਰਤਾਂਤ: ਕੁੱਝ ਲੁਪਤ ਸੰਕੇਤ

***ਜਸਟਿਨ ਟਰੂਡੋ ਦੀ ਭਾਰਤ ਫੇਰੀ ਸਮੇਂ ਭਾਰਤੀ ਖ਼ੁਫ਼ੀਆ ਤੰਤਰ ਦੀ ਯੋਜਨਾ ਦੇ ਤਹਿਤ ਫਲਸਰੂਪ ਇਸ ਗੱਲ ਨੂੰ ਯਕੀਨੀ ਬਣਾਇਆ ਗਿਆ ਹੈ ਕਿ ਜਸਟਿਨ ਟਰੂਡੋ ਦੀ ਸਮੁੱਚੀ ਭਾਰਤ ਫੇਰੀ 'ਤੇ ਖਾਲਿਸਤਾਨੀ ਬੱਦਲ ਉਨ੍ਹਾਂ ਦੇ ਸਿਰ 'ਤੇ ਮੰਡਲਾਉਂਦੇ ਰਹਿਣ ਅਤੇ ਉਨ੍ਹਾਂ ਨੂੰ ਪ੍ਰੇਸ਼ਾਨ ਕਰੀ ਰੱਖਣ। ਕੈਪਟਨ ਅਮਰਿੰਦਰ ਸਿੰਘ ਨੇ ਵੀ ਭਾਰਤੀ ਵਿਦੇਸ਼ ਮੰਤਰਾਲੇ, ਖਾਸ ਕਰ ਕੇ ਰੱਖਿਆ ਸਲਾਹਕਾਰ ਅਜੀਤ ਡੋਵਾਲ ਦੇ ਕਹਿਣ 'ਤੇ ਜਸਟਿਨ ਟਰੂਡੋ ਨਾਲ ਆਪਣੀ ਸੰਖੇਪ ਜਿਹੀ ਰਸਮੀ ਮਿਲਣੀ ਦੌਰਾਨ ਕੇਵਲ ਖਾਲਿਸਤਾਨ ਜਾਂ ਸਿੱਖ ਅਤਿਵਾਦੀਆਂ ਦਾ ਮੁੱਦਾ ਹੀ ਉਠਾਇਆ। ਪੰਜਾਬ ਅਤੇ ਪੰਜਾਬ ਦੇ ਕੈਨੇਡਾ ਵਰਗੇ ਮਿੱਤਰ ਦੇਸ਼ ਦੇ ਦੁਵੱਲੇ ਸਬੰਧਾਂ ਤੇ ਆਰ ਪਾਰ ਦੇ ਰਿਸ਼ਤਿਆਂ ਬਾਰੇ ਕੁਝ ਵੀ ਜ਼ਿਕਰਯੋਗ ਨਹੀਂ ਸਮਝਿਆ ਗਿਆ।***

**ਬੀਰਦਵਿੰਦਰ ਸਿੰਘ**
ਸਾਬਕਾ ਡਿਪਟੀ ਸਪੀਕਰ, ਪੰਜਾਬ ਵਿਧਾਨ ਸਭਾ
ਸੰਪਰਕ: 98140-33362)

ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਅੰਮ੍ਰਿਤਸਰ ਫੇਰੀ ਜਿੱਥੇ ਸਿੱਖਾਂ ਅਤੇ ਪ੍ਰਧਾਨ ਮੰਤਰੀ ਟਰੂਡੋ ਲਈ ਬੇਹੱਦ ਭਾਵਪੂਰਤ ਮੰਨੀ ਜਾ ਰਹੀ ਹੈ,



ਉੱਥੇ ਇਹ ਫੇਰੀ ਬਹੁਤ ਸਾਰੇ ਅਜਿਹੇ ਸਵਾਲ ਵੀ ਛੱਡ ਗਈ ਹੈ ਜਿਨ੍ਹਾਂ ਦਾ ਸਮੁੱਚਤਾ ਵਿੱਚ ਵਿਸ਼ਲੇਸ਼ਣ ਕਰਨਾ ਜ਼ਰੂਰੀ ਹੈ। ਨਰਿੰਦਰ ਮੋਦੀ ਦੀ ਭਾਜਪਾ ਸਰਕਾਰ ਦਾ ਮੁਸਲਮਾਨਾਂ ਪ੍ਰਤੀ ਰਵੱਈਆ ਤਾਂ ਸਰਕਾਰ ਦੀਆਂ ਚਾਰ ਸਾਲ ਦੀਆਂ ਨੀਤੀਆਂ ਤੋਂ ਸਾਫ਼ ਹੋ ਹੀ ਚੁੱਕਾ ਹੈ, ਪਰ ਕੈਨੇਡਾ ਦੇ ਪ੍ਰਧਾਨ ਮੰਤਰੀ ਦੀ ਭਾਰਤ ਫੇਰੀ ਪ੍ਰਤੀ ਕੇਂਦਰ ਸਰਕਾਰ ਵੱਲੋਂ ਅਪਣਾਏ ਗਏ ਰਵੱਈਏ ਨੇ ਭਾਰਤ ਵਿੱਚ ਸਿੱਖਾਂ ਵਰਗੀ ਮਹੱਤਵਪੂਰਨ ਘੱਟਗਿਣਤੀ ਲਈ ਵੀ ਨਵੇਂ ਸੰਕੇਤ ਛੱਡੇ ਹਨ। ਪਹਿਲਾ ਸੰਕੇਤ ਇਹ ਹੈ ਕਿ ਸਿੱਖ ਭਾਈਚਾਰਾ ਭਾਵੇਂ ਟਰੂਡੋ ਦੀ ਦਰਬਾਰ ਸਾਹਿਬ ਯਾਤਰਾ ਨੂੰ ਲੈ ਕੇ ਖੁਸ਼ ਤੇ ਬਾਗੋ-ਬਾਗ ਹੈ, ਪਰ ਭਾਰਤ ਸਰਕਾਰ ਇਸ ਵਿਸ਼ੇਸ਼ ਮਹਿਮਾਨ ਦੀ ਭਾਰਤ ਯਾਤਰਾ ਨੂੰ ਮਹੱਤਵਹੀਣ ਸਮਝਦੀ ਹੈ। ਸ਼ਾਇਦ ਇਸੇ ਕਾਰਨ ਭਾਰਤ ਦੇ ਵਿਦੇਸ਼ ਮੰਤਰਾਲੇ ਨੇ ਸਥਾਪਿਤ ਸ਼ਿਸ਼ਟਾਚਾਰ ਤੋਂ ਹਟ ਕੇ ਸਰਕਾਰ ਦੀ ਬੇਰੁਖ਼ੀ ਦਾ ਜ਼ਾਹਰਾ ਪ੍ਰਭਾਵ ਦੇਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ।

ਇਹ ਮਹਿਸੂਸ ਹੁੰਦਾ ਹੈ ਕਿ ਜਸਟਿਨ ਟਰੂਡੋ ਦੀ ਭਾਰਤ ਫੇਰੀ ਦੀ ਤਫ਼ਸੀਲੀ ਵਿਉਂਤਬੰਦੀ ਤੇ ਸਮਾਂ-ਸਾਰਣੀ ਤੈਅ ਕਰਨ ਵੇਲੇ ਬਾਹਮੀ ਸਫ਼ਾਰਤੀ ਮਸ਼ਕਾਂ ਵਿੱਚ ਵੱਡੀਆਂ ਊਣਤਾਈਆਂ ਰਹਿ ਗਈਆਂ ਸਨ ਜਿਸ ਲਈ ਕਿਸੇ ਹੱਦ ਤੱਕ ਕੈਨੇਡਾ ਦੇ ਹਾਈ ਕਮਿਸ਼ਨ ਅਤੇ ਕੈਨੇਡਾ ਦੇ ਵਿਦੇਸ਼ ਮੰਤਰਾਲੇ ਦੇ ਅਨਿਸ਼ਚਿਤ ਵਿਹਾਰ ਨੂੰ ਜ਼ਿੰਮੇਵਾਰ ਮੰਨਿਆ ਜਾ ਸਕਦਾ ਹੈ। ਭਾਰਤ ਸਰਕਾਰ ਦੀ ਮਨਸ਼ਾ ਤਾਂ ਆਪਣੇ ਮਹਿਮਾਨ (ਜਸਟਿਨ ਟਰੂਡੋ) ਨੂੰ ਜਾਣਬੁੱਝ ਕੇ ਜਿੱਚ ਕਰਨ ਦੀ ਪਹਿਲਾਂ ਤੋਂ ਹੀ ਬਣੀ ਹੋਈ ਸੀ, ਪਰ ਇਸ ਤੁਰਸ਼ ਰਵੱਈਏ ਤੋਂ ਕੈਨੇਡਾ ਸਰਕਾਰ ਅਤੇ ਕੈਨੇਡੀਅਨ ਹਾਈ ਕਮਿਸ਼ਨ ਦੇ ਉੱਚ ਅਧਿਕਾਰੀਆਂ ਨੂੰ ਬਹੁਤ ਸੁਚੇਤ ਰਹਿਣਾ ਚਾਹੀਦਾ ਸੀ। ਉਨ੍ਹਾਂ ਨੂੰ ਮੁੱਢਲੇ ਤੌਰ 'ਤੇ ਇਸ ਗੱਲ ਲਈ ਜ਼ੋਰ ਦੇਣਾ ਚਾਹੀਦਾ ਸੀ ਕਿ ਕੌਮਾਂਤਰੀ ਮਰਿਆਦਾ ਅਨੁਸਾਰ ਸਭ ਤੋਂ ਪਹਿਲਾਂ ਸ਼ਿਸ਼ਟਾਚਾਰੀ ਮਿਲਣੀ ਅਤੇ ਰਾਸ਼ਟਰਪਤੀ ਭਵਨ ਵਿੱਚ ਪ੍ਰਵੇਸ਼ ਸਮਾਰੋਹ ਦਾ ਪ੍ਰਬੰਧ ਹੋਣਾ ਚਾਹੀਦਾ ਹੈ, ਪਰ ਅਫ਼ਸੋਸ ਇਹ ਸਭ ਕੁੱਝ ਮਹਿਮਾਨ ਦੀ ਵਾਪਸੀ ਸਮੇਂ ਹੋਇਆ ਹੈ।

ਭਾਰਤੀ ਵਿਦੇਸ਼ ਮੰਤਰਾਲੇ ਨੇ ਤਾਂ ਅੰਮ੍ਰਿਤਸਰ ਸ੍ਰੀ ਦਰਬਾਰ ਸਾਹਿਬ ਦੀ ਯਾਤਰਾ ਨੂੰ ਲੈ ਕੇ ਵੀ ਅੜਿੱਕੇ ਡਾਹੁਣ ਵਿੱਚ ਕੋਈ ਕਸਰ ਨਹੀਂ ਛੱਡੀ। ਜਸਟਿਨ ਟਰੂਡੋ ਦੇ ਇਸ ਅਸਰੀਰੀ ਸਫ਼ਰ ਦੇ ਰੂਹਾਨੀ ਪ੍ਰਭਾਵ ਨੂੰ ਵਿਗਾੜਨ ਲਈ ਬੜਾ ਕੁੱਝ ਹੋਇਆ, ਪਰ ਭਾਰਤ ਸਰਕਾਰ ਦੀ ਕੂਟਨੀਤਕ ਪੈਂਤੜੇਬਾਜ਼ੀ ਇਸ ਫੇਰੀ ਨੂੰ ਬੇਨੂਰ ਕਰਨ ਵਿੱਚ ਸਫ਼ਲ ਨਹੀਂ ਹੋ ਸਕੀ। ਦਰਬਾਰ ਸਾਹਿਬ ਦੇ ਅੰਦਰ ਅਤੇ ਬਾਹਰ ਸਿਰਜੀ ਪ੍ਰਬੰਧ ਵਿਵਸਥਾ ਵਿੱਚ ਜਸਟਿਨ ਟਰੂਡੋ ਤੇ ਪਰਿਵਾਰ ਪ੍ਰਤੀ ਸਨੇਹ, ਸ਼ਰਧਾ ਅਤੇ ਸਨਮਾਨ ਝਲਕ ਰਿਹਾ ਸੀ।

ਇਸ ਵਿੱਚ ਕੋਈ ਸੰਦੇਹ ਨਹੀਂ ਕਿ ਭਾਰਤ ਸਰਕਾਰ ਵੱਲੋਂ ਦਿਖਾਏ ਗਏ ਰਵੱਈਏ ਦੇ ਬਾਵਜੂਦ ਸਿੱਖ ਸੰਗਤਾਂ ਵੱਲੋਂ ਦਿਖਾਏ ਗਏ ਪਿਆਰ ਤੇ ਉਤਸ਼ਾਹ ਵਿੱਚ ਕੋਈ ਕਮੀ ਨਹੀਂ ਸੀ। ਅਸਲ ਵਿੱਚ ਸਮੁੱਚੀ ਸਿੱਖ ਕੌਮ ਹੀ ਭਾਵਨਾਤਮਕ ਤੌਰ 'ਤੇ ਜਸਟਿਨ ਟਰੂਡੋ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਸਤਿਕਾਰਤ ਅਤਿਥੀ ਸਮਝਦੀ ਸੀ। ਅਜਿਹੇ ਜਜ਼ਬਾਤੀ ਅਹਿਸਾਸ ਦਾ ਇੱਕ ਕਾਰਨ ਇਹ ਵੀ ਸੀ ਕਿ ਜਿਸ ਤਰ੍ਹਾਂ ਦੀ ਇੱਕਜੁੱਟਤਾ ਅਤੇ ਵਿਸ਼ਵਾਸ ਜਸਟਿਨ ਟਰੂਡੋ ਨੇ ਕੈਨੇਡਾ ਦੇ ਪ੍ਰਧਾਨ ਮੰਤਰੀ ਬਣਨ ਉਪਰੰਤ, ਕੈਨੇਡਾ ਵਿੱਚ ਵਸਦੇ ਪੰਜਾਬੀ ਅਤੇ ਸਿੱਖ ਭਾਈਚਾਰੇ ਪ੍ਰਤੀ ਦਿਖਾਇਆ ਹੈ, ਉਹ ਆਪਣੀ ਮਿਸਾਲ ਆਪ ਹੈ। ਦਰਬਾਰ ਸਾਹਿਬ ਵਿੱਚ ਉਨ੍ਹਾਂ ਦਾ ਯੋਗ ਆਦਰ-ਸਨਮਾਨ ਕਰਨਾ, ਸਮੁੱਚੀ ਸਿੱਖ ਕੌਮ ਵੱਲੋਂ ਆਭਾਰ ਦੇ ਪ੍ਰਗਟਾਵੇ ਵਜੋਂ ਬੇਹੱਦ ਮੁਨਾਸਿਬ ਸੀ। ਇਸ ਯਾਤਰਾ ਸਮੇਂ ਜਸਟਿਨ ਟਰੂਡੋ ਤੇ ਉਨ੍ਹਾਂ ਦੇ ਪਰਿਵਾਰ ਦੇ ਚਿਹਰਿਆਂ ਦੇ ਹਾਵ ਭਾਵ, ਰੂਹਾਨੀ ਤ੍ਰਿਪਤੀ ਦੇ ਇਜ਼ਹਾਰ ਵਜੋਂ ਸਾਫ਼ ਨਜ਼ਰ ਆ ਰਹੇ ਸਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਮੁੱਚੇ ਪ੍ਰਬੰਧ ਵਿੱਚ ਸੰਜਮ ਵੀ ਸਲਾਹੁਣਯੋਗ ਸੀ।

ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਉਨ੍ਹਾਂ ਦੇ ਇਰਦ-ਗਿਰਦ ਦੀਆਂ ਤਾਕਤਾਂ ਨੂੰ ਤਾਂ ਇਹ ਤਕਲੀਫ਼ ਸੀ ਕਿ ਪ੍ਰਧਾਨ ਮੰਤਰੀ ਜਸਟਿਨ ਟਰੂਡੋ, ਕੈਨੇਡਾ ਵਿੱਚ ਵੱਸਦੇ ਸਿੱਖ ਭਾਈਚਾਰੇ ਦੇ ਵੱਡੇ ਹਮਦਰਦ ਤੇ ਹਮਾਇਤੀ ਵੱਜੋਂ ਵਿਚਰ ਰਿਹਾ ਹੈ। ਉੱਤਰੀ ਅਮਰੀਕਾ ਮਹਾਂਦੀਪ ਦੇ ਮਹੱਤਵਪੂਰਨ ਭੂਗੋਲਿਕ ਖ਼ਿੱਤੇ ਵਿੱਚ ਸਿੱਖ ਭਾਈਚਾਰੇ ਦੀ ਕਾਫ਼ੀ ਚੜ੍ਹਤ ਹੈ। ਕੈਨੇਡਾ ਦੇ ਰਾਜਨੀਤਕ ਨਕਸ਼ੇ 'ਤੇ ਇਸ ਦਾ ਬੱਝਵਾਂ ਪ੍ਰਭਾਵ, ਭਾਰਤੀ ਜਨਤਾ ਪਾਰਟੀ ਦੀ ਬਹੁਮਤਵਾਦੀ ਰਾਜਨੀਤੀ ਨੂੰ ਹਜ਼ਮ ਨਹੀਂ ਹੋ ਰਿਹਾ।

ਜਸਟਿਨ ਟਰੂਡੋ ਦੀ ਭਾਰਤ ਫੇਰੀ ਪ੍ਰਤੀ ਕੇਂਦਰ ਸਰਕਾਰ ਵੱਲੋਂ ਅਪਣਾਇਆ ਗਿਆ ਨਾਮੁਨਾਸਿਬ ਰਵੱਈਆ ਉਸ ਧਾਰਨਾ ਦਾ ਹੀ ਜ਼ਾਹਰਾ ਜ਼ਹੂਰ ਸੀ। ਭਾਰਤ ਸਰਕਾਰ ਵੱਲੋਂ ਇਹ ਪ੍ਰਭਾਵ ਦਿੱਤਾ ਗਿਆ ਹੈ ਕਿ ਕੈਨੇਡਾ ਖਾਲਿਸਤਾਨ ਪੱਖੀ ਸਿੱਖ ਸੰਗਠਨਾਂ ਦੀ ਪਨਾਹਗਾਹ ਬਣਿਆ ਹੋਇਆ ਹੈ। ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਵੀ ਇਸ ਭਰਮ ਨੂੰ ਹਵਾ ਦੇਣ ਵਿੱਚ ਕੋਈ ਕਸਰ ਨਹੀਂ ਛੱਡੀ। ਕੈਪਟਨ ਅਮਰਿੰਦਰ ਸਿੰਘ ਨੇ ਇੱਕ ਨਿੱਜੀ ਸ਼ਿਕਾਇਤ ਕਾਰਨ, ਕੈਨੇਡਾ ਦੇ ਸਿੱਖ ਰੱਖਿਆ ਮੰਤਰੀ ਹਰਜੀਤ ਸਿੰਘ ਸੱਜਣ ਦੀ ਪੰਜਾਬ ਫੇਰੀ ਸਮੇਂ, ਉਸ ਨੂੰ ਮਿਲਣ ਤੋਂ ਇਨਕਾਰ ਕਰ ਕੇ ਉਸ ਨੂੰ ਜਿੱਚ ਕੀਤਾ ਸੀ। ਉਸ ਵੇਲੇ ਵੀ ਸਰਕਾਰ ਦੇ ਅਜਿਹੇ ਵਿਹਾਰ ਦੇ ਬਾਵਜੂਦ ਸਿੱਖ ਕੌਮ ਦਾ ਰਵੱਈਆ ਹਰਜੀਤ ਸਿੰਘ ਸੱਜਣ ਦੀ ਦਰਬਾਰ ਸਾਹਿਬ ਯਾਤਰਾ ਸਮੇਂ ਬੜੇ ਸਤਿਕਾਰ ਭਰਿਆ ਸੀ।

ਜਸਟਿਨ ਟਰੂਡੋ ਦੀ ਭਾਰਤ ਫੇਰੀ ਸਮੇਂ ਭਾਰਤੀ ਖ਼ੁਫ਼ੀਆ ਤੰਤਰ ਦੀ ਯੋਜਨਾ ਦੇ ਤਹਿਤ ਫਲਸਰੂਪ ਇਸ ਗੱਲ ਨੂੰ ਯਕੀਨੀ ਬਣਾਇਆ ਗਿਆ ਹੈ ਕਿ ਜਸਟਿਨ ਟਰੂਡੋ ਦੀ ਸਮੁੱਚੀ ਭਾਰਤ ਫੇਰੀ 'ਤੇ ਖਾਲਿਸਤਾਨੀ ਬੱਦਲ ਉਨ੍ਹਾਂ ਦੇ ਸਿਰ 'ਤੇ ਮੰਡਲਾਉਂਦੇ ਰਹਿਣ ਅਤੇ ਉਨ੍ਹਾਂ ਨੂੰ ਪ੍ਰੇਸ਼ਾਨ ਕਰੀ ਰੱਖਣ। ਕੈਪਟਨ ਅਮਰਿੰਦਰ ਸਿੰਘ ਨੇ ਵੀ ਭਾਰਤੀ ਵਿਦੇਸ਼ ਮੰਤਰਾਲੇ, ਖਾਸ ਕਰ ਕੇ ਰੱਖਿਆ ਸਲਾਹਕਾਰ ਅਜੀਤ ਡੋਵਾਲ ਦੇ ਕਹਿਣ 'ਤੇ ਜਸਟਿਨ ਟਰੂਡੋ ਨਾਲ ਆਪਣੀ ਸੰਖੇਪ ਜਿਹੀ ਰਸਮੀ ਮਿਲਣੀ ਦੌਰਾਨ ਕੇਵਲ ਖਾਲਿਸਤਾਨ ਜਾਂ ਸਿੱਖ ਅਤਿਵਾਦੀਆਂ ਦਾ ਮੁੱਦਾ ਹੀ ਉਠਾਇਆ। ਪੰਜਾਬ ਅਤੇ ਪੰਜਾਬ ਦੇ ਕੈਨੇਡਾ ਵਰਗੇ ਮਿੱਤਰ ਦੇਸ਼ ਦੇ ਦੁਵੱਲੇ ਸਬੰਧਾਂ ਤੇ ਆਰ ਪਾਰ ਦੇ ਰਿਸ਼ਤਿਆਂ ਬਾਰੇ ਕੁਝ ਵੀ ਜ਼ਿਕਰਯੋਗ ਨਹੀਂ ਸਮਝਿਆ ਗਿਆ।

ਇਸ ਸਮੁੱਚੇ ਪ੍ਰਸੰਗ ਵਿੱਚ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਫੇਰੀ ਦੀ ਸਮੀਖਿਆ ਕਰਦੇ ਹੋਏ ਮੇਰਾ ਪ੍ਰਭਾਵ ਬਣਿਆ ਹੈ ਕਿ ਇਸ ਯਾਤਰਾ ਦੇ ਸਮੁੱਚੇ ਬਿਰਤਾਂਤ ਵਿੱਚ ਕੁੱਝ ਨਿਰਵਿਵਾਦਤ ਤੇ ਕੁੱਝ ਵਿਵਾਦਤ ਲੁਪਤ ਸੰਕੇਤ ਵੀ ਹਨ ਜੋ ਸਿੱਖ ਕੌਮ ਦੇ ਦਰਦ ਅਤੇ ਅਦ੍ਰਿਸ਼ਟ ਮਾਨਸਿਕ ਪੀੜਾ ਦੇ ਤਰਕਾਂ ਨੂੰ ਸਮਝਣ ਵਲ ਇਸ਼ਾਰਾ ਕਰਦੇ ਹਨ। ਭਾਰਤ ਦੀ ਆਜ਼ਾਦੀ ਅਤੇ ਦੇਸ਼ ਦੇ ਬਟਵਾਰੇ ਦਾ ਇਤਿਹਾਸ ਬਹੁਤਾ ਪੁਰਾਣਾ ਨਹੀਂ। ਆਜ਼ਾਦੀ ਸੰਗਰਾਮ ਵਿੱਚ ਪੰਜਾਬ ਅਤੇ ਸਿੱਖਾਂ ਦੀ ਮੋਹਰੀ ਭੂਮਿਕਾ ਤੇ ਬੇਮਿਸਾਲ ਕੁਰਬਾਨੀਆਂ, ਇਤਿਹਾਸ ਦੇ ਪੰਨਿਆਂ ਵਿੱਚ, ਦਸਤਾਵੇਜ਼ੀ ਪ੍ਰਮਾਣਾਂ ਦੇ ਰੂਪ ਵਿੱਚ ਮੌਜੂਦ ਹਨ। ਮੇਰਾ ਮੰਨਣਾ ਹੈ ਕਿ ਅਜਿਹੇ ਜਗਦੇ ਤੇ ਮਘਦੇ ਸੱਚ, ਅਜੋਕੇ ਸਮਿਆਂ ਦੀ ਕਿਸੇ ਵੀ ਪੁਨਰ ਸਮੀਖਿਆ ਦੇ ਮੁਥਾਜ ਨਹੀਂ ਹਨ। ਇਹ ਸਾਡੇ ਭਾਈਚਾਰੇ ਦੀ ਬਦਕਿਸਮਤੀ ਹੈ ਕਿ ਦੇਸ਼ ਦੇ ਬਟਵਾਰੇ ਦੇ ਫ਼ੈਸਲਾਕੁਨ ਮੋੜ ਸਮੇਂ, ਸਿੱਖ ਆਪਣਾ ਕੌਮੀ ਅਸਤਿਤਵ ਤੈਅ ਕਰਨ ਦੀ ਤਰਕੀਬ ਵਿੱਚ ਖੁੰਝ ਗਏ ਤੇ ਦੇਸ਼ ਦੇ ਬਦਲੇ ਹਾਲਾਤ ਵਿੱਚ, ਇੱਕ ਵੱਡੇ ਰਾਜਨੀਤਕ ਵਿਸਾਹਘਾਤ ਦਾ ਸ਼ਿਕਾਰ ਹੋ ਗਏ।

ਹਰ ਕੌਮ ਨੂੰ ਹੱਕ ਹੈ ਕਿ ਉਹ ਆਪਣੇ ਬੀਤ ਚੁੱਕੇ ਆਪੇ ਦਾ, ਇਤਿਹਾਸ ਤੇ ਇਨਸਾਫ਼ ਦੀ ਡਗਰ 'ਤੇ ਖੜ੍ਹੇ ਹੋ ਕੇ ਪੁਨਰ ਨਿਰੀਖਣ ਕਰੇ। ਜੇ ਉਸ ਨੂੰ ਆਧੁਨਿਕ ਭਾਰਤ ਦੇ ਇਤਿਹਾਸ ਦੀ ਵਿਰਾਸਤ ਵਿੱਚ ਵਿਸਾਹਘਾਤਾਂ ਦੀ ਲੰਮੀ ਫ਼ਹਿਰਿਸਤ ਤੋਂ ਬਿਨਾਂ ਹੋਰ ਕੁੱਝ ਲੱਭਦਾ ਹੀ ਨਹੀਂ, ਤਾਂ ਫੇਰ ਉਸ ਦੀ ਸੋਚ ਨੂੰ ਕੋਈ ਨਵੀਂ ਅੰਗੜਾਈ ਲੈਣ ਤੇ ਕੁੱਝ ਨਿਵੇਕਲੀ ਸਿਰਜਣਾ ਦੇ ਅਹਿਸਾਸ ਤੋਂ ਵਾਂਝਿਆ ਨਹੀਂ ਰੱਖਿਆ ਜਾ ਸਕਦਾ।



G.S. Pannu (Immigration Consultant, LDA)

# PANNU'S LEGAL SERVICES

ivisapass@gmail.com • FAX 510.279.7624

510.677.5200

## IMMIGRATION

★ PETITIONS ★ VISAS ★ POLITICAL ASYLUM
★ GREEN CARDS ★ CITIZENSHIP ★ AFFIDAVIT OF SUPPORT

## STUDENT VISA (EDUCATE YOUR CHILDREN IN USA)

## DIVORCE

★ CHILD SUPPORT ★ CHILD VISITATION ★ CHILD CUSTODY ★ MODIFICATION

# PANNU'S PASSPORT & VISA SERVICES

indiavisa123@gmail.com • FAX 510.279.7624



M.K. Pannu (Owner)

## VISA IN ONE DAY



Indian Passport | India Visa in 1 Day | OCI | US Passport

Power of Attorney & Other Services

510.677.8440

40757, Grimmer Blvd. FREMONT CA-94538

3810 Eau Claire Ave, Ceres, MODESTO/CERES CA-95307

220 Bush St/Montgomery St #445 SAN FRANCISCO (OPPOSITE INDIA VISA CENTER)



## Serving Around the World Community Since 1994

We Specialize to Asia, Europe, Middle East, Africa, Australia & etc.

Special fares to :

SFO TO DEL
LAX TO DEL




Special fares to Amritsar & Delhi

ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ।

Cst No. : 2054876-40

Book on line 24/7 : www.skywaytkt.com

Or Call (818) 762-9236

15549 Devonshire St., Ste. 206 Mission Hills, CA 91345





Raja™ SWEETS & CATERING®
AUTHORIZED CATERER FOR MAJOR 5-STAR HOTELS

Follow us on:

Toll Free 1-866-FOR-RAJA
www.rajasweets.com
msbains@rajasweets.com

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party

1-866-FOR-RAJA (367-7252)
www.RajaSweets.com

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders






ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ 200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜ਼ਾਮ ਹੈ।

# PARADISE BALLROOMS

4100 Peralta Blvd. Fremont, CA 94536

(510) 900-6319

info@paradiseballrooms.com www.paradiseballrooms.com

## SERVICES INCLUDE

- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING TABLE CLOTH, NAPKINS, CHAIRS ETC.


TRANS-ALLIANCE
TOGETHER WE SAVE
SAVE UPTO 24¢
PER GALLON ON DIESEL
TRANS-ALLIANCE
KHALSA FUEL CARD
1243 6756 7698 3421
TRANS EXPRESS
FUEL CARD
Our Over The Road (OTR) Fuel Card replaces cash and credit cards for fuel and maintenance - with low transaction fees - at over 6,600 truck stops across the country. We offer line of credit - $10,000 to $100,000.
FACTORING
Fleet One introduces aggressive factoring program for Trans-Alliance members. We can beat any price to get your piece of business.
ਪੰਜਾਬੀ ਵਿਚ ਜਾਣਕਾਰੀ ਲਈ 1.855.641.6955
888.795.7035
sales@trans-alliance.com
www.trans-alliance.com
PETRO Stopping Centers
TA TravelCenters of America
Loves Travel Stops & Country Stores

NOW OPEN IN MODESTO/CERES



# PANNU'S

LEGAL SERVICES (Regd. & Bonded)

510.677.5200

G.S. Pannu
Immigration Consultant-LDA

IMMIGRATION ivisapass@gmail.com

- Family Petitions (Husband, Wife, Brother, Sister, Mother, Father, Son, Daughter)
- Green Card
- Citizenship
- Affidavit of Support
- Political Asylum
- Visas From India
  - Tourist • Business • H1B • Student • Relegious ... & related matters

Family Petitions FREE

DIVORCE
- Petitions
- Child Support
- Child Visitation
- Child Custody
- Modification

...& related matters

LISTEN & SPONSOR
ਰੇਡੀਓ ਗੱਲ ਪੰਜਾਬ ਦੀ ਯੂਐਸਏ
Download on the App Store | ANDROID APP ON Google Play
Live on Facebook | Video on YouTube
www.radiogalpunjabdiusa.com

POWER OF ATTORNEY
CREDIT REPAIR/CLEAR
SMALL CLAIM COURT CASES
...& help in legal documents preparation

FREMONT
40757 GRIMMER BLVD, CA 94538

MODESTO/CERES
3810 EAU CLAIRE AVE, CA 95307



# SINGH TRANSPORT INC



ਔਕਲੈਂਡ ਪੋਰਟ, ਲਾਸ ਏਂਜਲਸ ਪੋਰਟ ਅਤੇ ਲੌਂਗ ਬੀਚ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਅਤੇ ਓਨਰ ਅਪ੍ਰੇਟਰਾਂ ਦੀ ਲੋੜ ਹੈ।

STUDENT DRIVER WELCOM
ਅਸੀਂ ਲਾਇਸੰਸ ਲੈਣ ਲਈ ਤੁਹਾਡੇ ਸਕੂਲ ਦਾ ਖਰਚਾ ਵੀ ਦਿੰਦੇ ਹਾਂ।

ਫਰਿਜ਼ਨੋ ਵੈਲੀ ਏਰੀਏ ਵਿਚੋਂ ਡਰਾਈਵਰਾਂ ਦੀ ਸਖ਼ਤ ਲੋੜ

- ਡ੍ਰਾਈ ਵੈਨ ਡਰਾਈਵਰਾਂ ਦੀ ਲੋੜ
- ਵਰਕ ਪਰਮਿਟ ਹੋਲਡਰ ਨਵੇਂ ਡਰਾਈਵਰਾਂ ਦਾ ਸਵਾਗਤ
- ਨਵੇਂ ਲਾਇਸੰਸ ਡਰਾਈਵਰਾਂ ਦਾ ਸਵਾਗਤ
- ਟ੍ਰੇਨਿੰਗ ਉਪਲਬੱਧ
- Double Endorsement ਵਾਲੇ ਡਰਾਈਵਰਾਂ ਦੀ ਲੋੜ ਹੈ।
- LA ਤੋਂ Bay Area-Sacramento-LA ਵਾਸਤੇ Hook Drop ਲੋਡ ਚੁੱਕੋ।
- ਅਸੀਂ ਡਰਾਈਵਰਾਂ ਨੂੰ 55 Cent ਤੱਕ per mile ਦਿੰਦੇ ਹਾਂ।
- ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰ ਕੇ ਮਹੀਨੇ ਦਾ ਡਾਲਰ $6000 ਕਮਾਓ।
- ਕੰਮ ਕਰਨ ਲਈ ਵਧੀਆ ਅਤੇ ਆਰਾਮਦਾਇਕ ਮਾਹੌਲ।
- ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।
- ਅਸੀਂ ਬੋਨਸ ਵੀ ਦਿੰਦੇ ਹਾਂ।
- ਰੋਜ਼ਾਨਾ ਸ਼ਾਮ ਨੂੰ ਘਰ ਜਾਓ।

ਟਰੱਕ ਰਿਪੇਅਰ ਮਕੈਨਿਕ ਦੀ ਲੋੜ

ਸੰਪਰਕ:
ਸਤਨਾਮ ਸਿੰਘ ਖਹਿਰਾ (510) 543-3778, ਜਗਤਾਰ ਸਿੰਘ (510) 918-2439, (510) 943-9578



ਗੁਰਬਾਣੀ
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org

ਪੰਜਾਬੀ ਗਾਣੇ
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com

ਪੰਜਾਬੀ ਰੇਡੀਓ ਯੂਐਸਏ
Punjabi RADIO USA
Uniting Punjabi's All Over
www.PunjabiRadioUSA.com
408-272-5200

DIAL TO LISTEN:
US: 832-551-5029 | 605-475-6868 | 712-432-5838 (METRO PCS)
UK: +44 203-519-0455
GERMANY: +511 80-90-40-41

NEW PROGRAM: TODAY IN SIKH HISTORY | ਅੱਜ ਦਾ ਦਿਨ ਸਿੱਖ ਇਤਿਹਾਸ ਵਿੱਚ DAILY | ਰੋਜ਼ਾਨਾ 9AM | 12PM



# Website Design & Development

➡ ਛੋਟੇ/ਵੱਡੇ ਬਿਜ਼ਨਸ, ਐਨ. ਜੀ. ਓ, ਰੇਡੀਓ ਸਟੇਸ਼ਨ ਅਤੇ ਖਬਰਾਂ ਵਾਲੀਆਂ ਵੈਬਸਾਈਟਾਂ ਬਣਾਉਣ ਵਿਚ ਖਾਸ ਮੁਹਾਰਤ।
➡ ਈ-ਕਮਰਸ ਅਤੇ ਆਨਲਾਈਨ ਸਟੋਰ/ਸੇਲ ਦੀਆਂ ਵੈਬਸਾਈਟਾਂ ਬਣਾਉਣ ਦਾ ਖਾਸ ਪ੍ਰਬੰਧ ਹੈ।

Basic web packages are availables on comparatively economical rates
We work as per your requirement and charge only according to work

SERVICES
- ✔ WEB DEVELOPMENT
- ✔ WEB DESIGNING
- ✔ WEB RE-DESIGN
- ✔ LOGO DESIGN
- ✔ SEO SERVICES
- ✔ TECHNICAL SUPPORT

Web Media Art

ਵਧੀਆ, ਸੁੰਦਰ ਅਤੇ ਨਵੀਂ ਤਕਨੀਕ ਅਨੁਸਾਰ ਵੈਬਸਾਈਟ ਬਣਵਾਉਣ ਲਈ ਅੱਜ ਹੀ ਸੰਪਰਕ ਕਰੋ।

+91-94640-83029
+91-95699-98747
info@webmediaart.com
www.webmediaart.com



# KHALSA INSURANCE AGENCY, INC.

Khalsa Insurance Agency is among TOP 50 agencies

2014 ACE INDIVIDUAL
KHALSA INSURANCE AGENCY

- » GUARANTEED COVERAGE
- » NO ANNUAL LIMITS, NO DENIAL FOR PRE-EXISTING CONDITIONS
- » RATES NOT BASED ON HEALTH STATUS
- » AFFORDABLE COVERAGE – PUBLIC OR PRIVATE
- » REQUIRED FOR INDIVIDUALS

COVERED CALIFORNIA

Call Now for the Lowest Health Insurance Premiums available
Some Households qualify for FREE HEALTHCARE

OBAMACARE
COVERED CALIFORNIA
AFFORDABLE CARE ACT
California Health Benefit Exchange
Your destination for affordable health care

408-272-2500

Please Contact Harjot S Khalsa (Certified Covered CA Agent) | License # 0B03546 | 3750 McKee Rd. # A, San Jose, CA 95127
Tel. 408-272-2500 | coveredca@khalsainsurance.com


ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ
ਪੰਜਾਬੀ ਢਾਬਾ
Now Open
Indiana
1480 N State Road 1, Cambridge City, IN 47327.
70
Diesel/Gas
Exit 137
ਟਰੱਕਾਂ ਵਾਲੇ ਭਰਾਵਾਂ ਲਈ
ਖੁੱਲ੍ਹ ਗਿਆ
ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...
ਕੀਮਤਾਂ ਬਹੁਤ ਹੀ ਵਾਜਬ !
ਸਹੂਲਤਾਂ
ਪੰਜਾਬੀ ਢਾਬਾ
ਸਸਤਾ ਡੀਜ਼ਲ
Liquor, Beer & Wine
truck repair,
new showers, scale.
Free Buffet
over 100 gallons
open 6am to midnight
Phone: 765-478-6300


ਉੱਘੇ ਸਿੱਖ ਵਿਦਵਾਨ ਭਾਈ ਅਜਮੇਰ ਸਿੰਘ
ਦੀਆਂ ਬੇਹੱਦ ਪੜ੍ਹਣ ਯੋਗ ਪੁਸਤਕਾਂ
ਹੁਣ ਅਮਰੀਕਾ ਵਿੱਚ ਘਰ ਬੈਠੇ ਪ੍ਰਾਪਤ ਕਰ ਸਕਦੇ ਹੋ:
ਵੀਹਵੀਂ ਸਦੀ ਦੀ ਸਿੱਖ ਰਾਜਨੀਤੀ
ਸਿੱਖ ਰਾਜਨੀਤੀ ਦਾ ਦੁਖਾਂਤ
ਕਿਸ ਬਿਧ ਰੁਲੀ ਪਾਤਸ਼ਾਹੀ
ਅਜਮੇਰ ਸਿੰਘ
1984 ਅਣਚਿਤਵਿਆ ਕਹਿਰ
ਅਜਮੇਰ ਸਿੰਘ
ਤੀਜੇ ਘੱਲੂਘਾਰੇ ਤੋਂ ਬਾਅਦ
ਸਿੱਖਾਂ ਦੀ ਸਿਧਾਂਤਕ ਘੇਰਾਬੰਦੀ
ਅਜਮੇਰ ਸਿੰਘ
ਸ਼ਹੀਦ ਕਰਤਾਰ ਸਿੰਘ ਸਰਾਭਾ
ਅਜਮੇਰ ਸਿੰਘ
ਗ਼ਦਰੀ ਬਾਬੇ ਕੌਣ ਸਨ?
ਅਜਮੇਰ ਸਿੰਘ
ਕੀਮਤ ਇੱਕ ਪੁਸਤਕ : 20 ਡਾਲਰ (ਡਾਕ ਖਰਚੇ ਸਮੇਤ)
ਸਾਰੀਆਂ ਪੁਸਤਕਾਂ ਦਾ ਸੈੱਟ : 100 ਡਾਲਰ (ਡਾਕ ਖਰਚੇ ਸਮੇਤ)
ਹੋਰ ਜਾਣਕਾਰੀ ਸੰਪਰਕ ਕਰੋ :
ਤਜਿੰਦਰ ਸਿੰਘ 916-529-7877
ਜਸਜੀਤ ਸਿੰਘ ਫੋਨ :510 875 3279


CHAAT BHAVAN RESTAURANT
CHAAT BHAVAN®
Best Name for Indian Vegetarian Food
DINE IN • TAKE OUT • CATERING • DELIVERY
ਵਿਆਹ ਸ਼ਾਦੀ,
ਬਰਥ ਡੇ ਪਾਰਟੀ,
ਐਨੀਵਰਸਰੀ ਜਾਂ ਹੋਰ
ਕਿਸੇ ਵੀ ਕਿਸਮ ਦੀ
ਕੇਟਰਿੰਗ ਲਈ ਸਦਾ
ਸਾਨੂੰ ਯਾਦ ਰੱਖੋ।
FOR CATERING INQUIRIES:
408.472.0229
Catering
FULL SERVICE CATERING
FOR YOUR SPECIAL EVENT
from 50 to upto 10,000 guests.
Setup a Tasting Appointment Today!
5355 MOWRY AVENUE • FREMONT
510.795.1100
976 E. EL CAMINO REAL • SUNNYVALE
408.795.1100
4112 GRAFTON ST • DUBLIN
925.829.1700
WWW.CHAATBHAVAN.COM


Watch Your Favorite Channel
FREE PREVIEW
jus punjabi
MUDDA
Daily Dose
KHIDI DUPEHAR
PRIME TIME NEWS
Kitty Party
Sadde Jalwe
AMERICAN VISION
FIRELINE
Ithaas De Panne
The 1st American-Punjabi Television Channel
WATCH jus punjabi ON CHANNEL 736 ON
dish | sling TELEVISION
for advertisement & more information call: +1-718-752-9290 x 202
www.jusbroadcasting.com

# ਵਿਰਾਸਤੀ ਖੇਡਾਂ ਅਤੇ ਫੈਮਲੀ ਪਿਕਨਿਕ 10 ਮਾਰਚ ਸ਼ਨਿਚਰਵਾਰ ਨੂੰ

**ਫਰਿਜ਼ਨੋ/(ਕੁਲਵੰਤ ਧਾਲੀਆਂ/ਨੀਟਾ ਮਾਛੀਕੇ):** ਸੈਂਟਰਲ ਵੈਲੀ ਫਰਿਜ਼ਨੋ ਵਿਖੇ ਸਥਾਪਿਤ ਜੀ ਐਚ ਜੀ ਅਕੈਡਮੀ ਵਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਮੁੱਚੇ ਭਾਈਚਾਰੇ ਦੇ ਸਹਿਯੋਗ ਨਾਲ ਵਿਰਾਸਤੀ ਖੇਡਾਂ ਅਤੇ ਪਰਿਵਾਰਕ ਪਿਕਨਿਕ 10 ਮਾਰਚ ਸ਼ਨਿਚਰਵਾਰ ਨੂੰ ਹੋਵੇਗੀ। ਇਸ ਵਿੱਚ ਹਿੱਸਾ ਲੈਣ ਲਈ ਬੱਚਿਆਂ ਵੱਲੋਂ ਹਰ ਐਤਵਾਰ ਮਾਹਰ ਕੋਚਾਂ ਦੀ ਅਗਵਾਈ ਅਧੀਨ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਇਨ੍ਹਾਂ ਨੂੰ ਦੇਖ ਕੇ ਲੱਗ ਰਿਹਾ ਹੈ ਕਿ ਇਸ ਸਾਲ ਬੱਚੇ ਵਿਰਾਸਤੀ ਖੇਡਾਂ ਸਿੱਖਣ ਅਤੇ ਉਨ੍ਹਾਂ ਦਾ ਪ੍ਰਦਰਸ਼ਨ ਕਰਨ ਲਈ ਬਹੁਤ ਦਿਲਚਸਪੀ ਦਿਖਾ ਰਹੇ ਹਨ। ਪ੍ਰਬੰਧਕਾਂ ਦੁਆਰਾ ਨਿਯਤ ਪ੍ਰੋਗਰਾਮ ਅਨੁਸਾਰ ਇਹ ਪਿਕਨਿਕ 'ਸ਼ਹੀਦ ਜਸਵੰਤ ਸਿੰਘ ਖਾਲੜਾ' ਪਾਰਕ ਦੇ ਖੁੱਲੇ ਗਰਾਉਡਾਂ ਵਿੱਚ ਹੋਵੇਗੀ ਜਿਸ ਦੌਰਾਨ ਇਸ ਸਾਲ 17 ਸਾਲ ਅਤੇ ਇਸ ਤੋਂ ਘੱਟ ਉਮਰ ਦੇ ਬੱਚਿਆਂ ਦੇ ਬਾਸਕਟਬਾਲ ਮੁਕਾਬਲੇ ਸ਼ਾਮਲ ਕੀਤੇ ਗਏ ਹਨ। ਇਸ ਤੋਂ ਇਲਾਵਾ ਛੋਟੇ ਬੱਚਿਆਂ ਲਈ ਸ਼ਾਕਰ ਅਤੇ ਫੀਲਡ ਹਾਕੀ ਖੇਡ ਨੂੰ ਵੀ ਉਤਸ਼ਾਹਤ ਕੀਤਾ ਜਾਵੇਗਾ। ਇਸ ਤੋਂ ਇਲਾਵਾ ਬੱਚਿਆਂ ਦਾ ਗਿੱਧਾ-ਭੰਗੜਾ ਅਤੇ ਹੋਰ ਬਹੁਤ ਕੁਝ ਮੰਨੋਰੰਜਨ ਲਈ ਹੋਵੇਗਾ।



ਇਸ ਪਿਕਨਿਕ ਅਤੇ ਵਿਰਾਸਤੀ ਖੇਡ ਮੇਲੇ ਵਿੱਚ ਹਿੱਸਾ ਲੈਣ ਵਾਲੇ ਬੱਚਿਆਂ ਨੂੰ ਮਾਣ-ਸਨਮਾਨ ਦਿੱਤਾ ਜਾਵੇਗਾ। ਇਸ ਪ੍ਰੋਗਰਾਮ ਦੌਰਾਨ ਸਹਿਯੋਗ ਦੇਣ ਅਤੇ ਵਧੇਰੇ ਜਾਣਕਾਰੀ ਲਈ ਪਰਮਜੀਤ ਧਾਲੀਵਾਲ (559) 351-9465, ਊਦੈਦੀਪ ਸਿੰਘ ਸਿੱਧੂ (559) 355-4065 ਜਾਂ ਗੁਰਦੀਪ ਸ਼ੇਰਗਿੱਲ (569) 349-1481 ਨਾਲ ਸੰਪਰਕ ਕੀਤਾ ਜਾ ਸਕਦਾ ਹੈ। ਚਾਹ-ਪਾਣੀ, ਪਕੌੜੇ, ਤਾਜਾ ਜਲੇਬੀਆਂ ਤੇ ਖਾਣ ਪੀਣ ਦੀਆਂ ਹੋਰਨਾਂ ਵਸਤਾਂ ਦੇ ਲੰਗਰਾਂ ਦਾ ਖੁੱਲਾ ਪ੍ਰਬੰਧ ਹੋਵੇਗਾ। ਸਮੁੱਚੇ ਭਾਈਚਾਰੇ ਨੂੰ ਪ੍ਰਬੰਧਕਾਂ ਵੱਲੋਂ ਇਸ ਪਿਕਨਿਕ ਵਿੱਚ ਸਾਮਲ ਹੋਣ ਲਈ ਖੁੱਲਾ ਸੱਦਾ ਹੈ।






# 18ਵਾਂ ਗਦਰੀ ਮੇਲਾ 25 ਮਾਰਚ ਐਤਵਾਰ ਨੂੰ

## *ਸਭਿਆਚਾਰਕ ਮੇਲੇ 'ਚ ਬੱਚਿਆਂ ਦੀਆਂ ਵਿਸ਼ੇਸ਼ ਆਈਟਮਾਂ ਹੋਣਗੀਆਂ ਵਿਸ਼ੇਸ਼ ਖਿੱਚ ਦਾ ਕੇਂਦਰ*

**ਫਰਿਜ਼ਨੋ/ਕੁਲਵੀਰ ਹੇਅਰ:** ਇੰਡੋ ਅਮੈਰਿਕਨ ਹੈਰੀਟੇਜ ਫੋਰਮ ਫਰਿਜ਼ਨੋਂ ਵਲੋਂ ਪਿਛਲੇ ਸਾਲ ਦੀ ਤਰਾਂ ਇਸ ਵਾਰ ਵੀ ਗਦਰੀ ਬਾਬਿਆਂ ਮੇਲਾ ਸੈਂਟਰਲ ਹਾਈ ਸਕੂਲ 3535 ਨੌਰਥ ਕੋਰਨੀਲੀਆ (ਫਰਿਜ਼ਨੋਂ) ਵਿਖੇ 25 ਮਾਰਚ 2018 ਐਤਵਾਰ ਦੁਪਿਹਰ 12:00 ਵਜੇ ਤੋਂ ਸ਼ਾਮ 6:00 ਵਜੇ ਤੱਕ ਹੋਵੇਗਾ ਵਿਖੇ ਹੋਵੇਗਾ। ਗਦਰੀ ਬਾਬਿਆਂ ਦੀ ਯਾਦ 'ਚ ਲੱਗਣ ਵਾਲੇ ਇਸ 18ਵੇਂ ਮੇਲੇ ਨੂੰ ਭਾਰਤੀ ਭਾਈਚਾਰੇ ਵਲੋਂ ਭਰਪੂਰ ਹੁੰਗਾਰਾ ਮਿਲ ਰਿਹਾ ਹੈ।

ਇਸ ਸਬੰਧੀ ਗੱਲ ਕਰਦਿਆਂ ਫੋਰਮ ਦੇ ਮੋਢੀ ਗੁਰਦੀਪ ਸਿੰਘ ਅਣਖੀ ਨੇ ਦੱਸਿਆ ਕਿ ਇਹ 18ਵਾਂ ਮੇਲਾ ਸਾਨਫਰਾਂਸਿਸਕੋ ਸਾਜਿਸ਼ ਕੇਸ ਅਤੇ ਦੇਸ਼ ਦੇ ਹੋਰ ਸ਼ਹੀਦਾਂ ਸਮਰਪਿਤ ਹੈ ਅਤੇ ਇਸ ਸਬੰਧੀ ਹਰ ਵਰਗ ਜਿਵੇਂ ਖੇਡ, ਧਾਰਮਿਕ, ਸੱਭਿਆਚਾਰਕ ਸੰਸਥਾਵਾਂ ਅਤੇ ਆਮ ਲੋਕਾਂ ਵਲੋਂ ਹਰ ਤਰ੍ਹਾਂ ਦਾ ਸਹਿਯੋਗ ਦਿੱਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਸ ਵਾਰ ਮੇਲੇ ਦੇ ਮੁੱਖ ਮਹਿਮਾਨ ਤੇ ਬੁਲਾਰੇ ਵਜੋਂ ਡਾ. ਹਰਸ਼ਿੰਦਰ ਕੌਰ ਪਟਿਆਲਾ ਅਤੇ ਸ. ਜਰਨੈਲ ਸਿੰਘ ਅੱਚਰਵਾਲ ਹੋਣਗੇ। ਇਸ ਤੋਂ ਇਲਾਵਾ ਸਥਾਨਕ ਸੱਭਿਆਚਾਰਕ ਸੰਸਥਾਵਾਂ ਦੇ ਬੱਚਿਆਂ ਵਲੋਂ ਸੱਭਿਆਚਾਰਕ ਪ੍ਰੋਗਰਾਮ ਕੀਤੇ ਜਾਣਗੇ ਅਤੇ ਖਾਸ ਤੌਰ ਤੇ ਬੱਚਿਆਂ ਵਲੋਂ ਗੀਤ, ਕਵਿਤਾ ਅਤੇ ਹੋਰ ਆਈਟਮਾਂ ਪੇਸ਼ ਕੀਤੀਆਂ ਜਾਣਗੀਆਂ। ਇਸ ਮੌਕੇ ਲਗਾਈ ਜਾਣ ਵਾਲੀ ਫੋਟੋ ਪ੍ਰਦਰਸ਼ਨੀ ਵੀ ਖਿੱਚ ਦਾ ਕੇਂਦਰ ਬਣੇਗੀ। ਸਥਾਨਕ ਗਾਇਕ ਜੀਤਾ ਗਿੱਲ, ਹਰਜੀਤ ਸਿੰਘ ਸ਼ੇਰਗਿਲ ਮਰਸਿਡ ਅਤੇ ਰਾਜ ਬਰਾੜ ਵਲੋਂ ਗੀਤਾਂ ਰਾਹੀਂ ਦੇਸ਼ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ ਜਾਵੇਗੀ।

ਪ੍ਰਬੰਧਕਾਂ ਦੇ ਦਸਣ ਅਨੁਸਾਰ ਚਾਹ ਅਤੇ ਲੰਗਰ ਦਾ ਖਾਸ ਪ੍ਰਬੰਧ ਹੋਵੇਗਾ ਅਤੇ ਕਾਰ ਪਾਰਕਿੰਗ ਮੁਫਤ ਹੋਵੇਗੀ।

## ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਜਨਰਲ ਸਕੱਤਰ ਤੇ ਸ਼੍ਰੋਮਣੀ ਕਮੇਟੀ ਮੈਂਬਰ ਜਥੇਦਾਰ ਕਾਲਾਬੂਲਾ ਮੌਤ 'ਤੇ ਦੁੱਖ ਦਾ ਪ੍ਰਗਟਾਵਾ

**ਸ਼ਿਕਾਗੋ/ਮੱਖਣ ਸਿੰਘ ਕਲੇਰ:** ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਕੌਮੀ ਜਨਰਲ ਸਕੱਤਰ ਤੇ ਸ਼੍ਰੋਮਣੀ ਕਮੇਟੀ ਮੈਂਬਰ ਜਥੇਦਾਰ ਸੁਰਜੀਤ ਸਿੰਘ ਕਾਲਾਬੂਲਾ ਦੀ ਦਿਲ ਦਾ ਦੌਰਾ ਪੈਣ ਨਾਲ ਅਚਾਨਕ ਮੌਤ ਹੋ ਗਈ ਹੈ । ਅਜੇ ਕੁਝ ਦਿਨ ਪਹਿਲਾਂ ਹੀ ਉਨਾਂ ਦੇ ਵੱਡੇ ਭਰਾ ਦੀ ਅਚਾਨਕ ਹੀ ਮੌਤ ਹੋ ਗਈ ਤੇ ਉਨਾਂ ਦੀਅੰਤਮ ਅਰਦਾਸ ਤੇ ਭੋਗ ਵੀ ਨਹੀਂ ਸੀ ਪਿਆ ਅਤੇ ਪਰਿਵਾਰ ਤੇ ਇਕ ਹੋਰ ਕਹਿਰ ਵਾਪਰ ਗਿਆ। ਜਿਥੇ ਪਰਿਵਾਰ ਤੇ ਬਹੁਤ ਹੀ ਦੁੱਖ ਦਾ ਪਹਾੜ ਟੁੱਟਾ ਹੈ ਉਥੇ ਹੀ ਸਿੱਖ ਪੰਥ ਨੂੰ ਅਤੇ ਸ਼੍ਰੋਮਣੀ ਅਕਾਲੀਦਲ ਅੰਮ੍ਰਿਤਸਰ ਨੂੰ ਵੀ ਬਹੁਤ ਘਾਟਾ ਪਿਆ ਹੈ। ਸ. ਸੁਰਜੀਤ ਸਿੰਘ ਕਾਲਾਬੂਲਾ ਜਿਹੇ ਨੇਕ ਇਨਸਾਨ ਬਹੁਤ ਹੀ ਘੱਟ ਕੌਮਾਂ ਵਿੱਚ ਪੈਦਾ ਹੁੰਦੇ ਹਨ ਸ੍ਰ ਕਾਲਾਬੂਲਾ ਦਾ ਅਚਾਨਕ ਹੀ ਇਸ ਫਾਨੀ ਦੁਨੀਆਂ ਨੂੰ ਅਲਵਿਦਾ ਕਹਿ ਜਾਣ ਨਾਲ ਕਦੇ ਨਾਂ ਪੂਰਾ ਹੋਣ ਵਾਲਾ ਘਾਟਾ ਪਿਆ ਹੈ ।



ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ ਦੀ ਸਮੁੱਚੀ ਜਥੇਬੰਦੀ ਤੇ ਸਮੂਹ ਪੰਥਕ ਜਥੇਬੰਦੀਆਂ ਇਸ ਦੁੱਖ ਦੀ ਘੜੀ ਵਿੱਚ ਪਰਿਵਾਰ ਦੇ ਨਾਲ ਆਪਣੀ ਹਮਦਰਦੀ ਜਾਹਿਰ ਕਰਦੀਆਂ ਹਨ ਅਤੇ ਪਰਿਵਾਰ ਦੇ ਦੁੱਖ ਵਿੱਚ ਸ਼ਾਮਿਲ ਹਨ। ਵਾਹਿਗੁਰੂ ਅਗੇ ਅਰਦਾਸ ਕਰਦੇ ਹਾਂ ਕਿ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਣ ਤੇ ਪਿੱਛੇ ਪਰਿਵਾਰ ਨੂੰ ਭਾਣਾ ਮੰਨਣ ਦਾ ਵਲ ਬਖਸ਼ਣ। ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ ਦੇ ਕਨਵੀਨਰ ਬੂਟਾ ਸਿੰਘ ਖੜੌਦ ਪ੍ਰਧਾਨ ਸੁਰਜੀਤ ਸਿੰਘ ਕੁਲਾਰ, ਕੌਮੀ ਜਨਰਲ ਸਕੱਤਰ ਜੀਤ ਸਿੰਘ ਆਲੋਅਰਖ,ਪੈਨਲ ਮੈਂਬਰ ਰੁਪਿੰਦਰ ਸਿੰਘ ਬਾਠ,ਪੈਨਲ ਮੈਂਬਰ ਮੱਖਣ ਸਿੰਘ ਕਲੇਰ, ਸਰਬਜੀਤ ਸਿੰਘ ਸਪੋਕਸਮੈਨ, ਲਖਵੀਰ ਸਿੰਘ ਕੰਗ, ਰੇਸ਼ਮ ਸਿੰਘ ਵਰਜੀਨੀਆ, ਤਰਸੇਮ ਸਿੰਘ ਜੋਗਾ ਸਿੰਘ ਅਮਨਦੀਪ ਸਿੰਘ, ਸੰਤ ਬਲਵੀਰ ਸਿੰਘ, ਅਮਰਜੀਤ ਸਿੰਘ, ਦਲਵੀਰ ਸਿੰਘ ਅਰਵਿੰਦਰ ਸਿੰਘ ਤੇ ਹੋਰਨਾਂ ਮੈਂਬਰਾਂ ਨੇ ਸਾਂਝੇ ਰੂਪ ਵਿੱਚ ਪਰਿਵਾਰ ਨਾਲ ਦੁੱਖ ਨਾਲ ਦੁੱਖ ਸਾਂਝਾ ਕੀਤਾ।

# ਅਮਿਤ ਸ਼ਾਹ ਨੇ ਖੰਡ ਮਿੱਲ ਘੁਟਾਲੇ 'ਚ ਕੈਪਟਨ ਉੱਤੇ ਸੇਧਿਆ ਨਿਸ਼ਾਨਾ

## ਕਹਿੰਦਾ : ਮੁੱਖ ਮੰਤਰੀ ਦੇ ਜਵਾਈ' ਨੇ ਹੜੱਪੀ ਕਿਸਾਨਾਂ ਦੀ ਕਮਾਈ

**ਨਵੀਂ ਦਿੱਲੀ/ਬਿਊਰੋ ਨਿਊਜ਼:** ਭਾਜਪਾ ਦੇ ਪ੍ਰਧਾਨ ਅਮਿਤ ਸ਼ਾਹ ਨੇ ਕੈਪਟਨ ਅਮਰਿੰਦਰ ਸਿੰਘ ਦੇ ਜਵਾਈ ਵਿਰੁੱਧ ਸੀਬੀਆਈ ਵੱਲੋਂ ਦਰਜ ਕੀਤੇ ਕਥਿਤ ਧੋਖਾਧੜੀ ਦੇ ਕੇਸ ਬਾਅਦ ਕਾਂਗਰਸ ਉੱਤੇ ਹੱਲਾ ਬੋਲਦਿਆਂ ਦੋਸ਼ ਲਾਇਆ ਕਿ ਇਹ ਸ਼ਰਮ ਵਾਲੀ ਗੱਲ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਦੇ ਰਿਸ਼ਤੇਦਾਰ ਨੇ ਕਿਸਾਨਾਂ ਦੀ ਸਖਤ ਮਿਹਨਤ ਦੀ



ਕਮਾਈ ਆਪਣੀ ਜੇਬ ਵਿੱਚ ਪਾ ਲਈ ਹੈ। ਸ੍ਰੀ ਸ਼ਾਹ ਨੇ ਸਵਾਲ ਕੀਤਾ ਕਿ ਕਾਂਗਰਸ ਨੇ ਕਥਿਤ ਬੈਂਕ ਧੋਖਾਧੜੀ ਬਾਰੇ ਆਈ ਖ਼ਬਰ ਬਾਰੇ ਟਵੀਟ ਡਿਲੀਟ ਕਿਉਂ ਕੀਤਾ ਹੈ। ਭਾਜਪਾ ਪ੍ਰਧਾਨ ਅਮਿਤ ਸ਼ਾਹ ਨੇ ਟਵੀਟ ਕੀਤਾ ਹੈ,' ਕਾਂਗਰਸ ਨੇ ਲੁੱਟੇ ਕਿਸਾਨ'। ਸ਼ਾਹ ਨੇ ਦੋਸ਼ ਲਾਇਆ, 'ਪੰਜਾਬ ਦੇ ਮੁੱਖ ਮੰਤਰੀ ਦੇ ਜਵਾਈ ਨੇ ਕਿਸਾਨਾਂ ਦੀ ਸਖਤ ਮਿਹਨਤ ਦੀ ਕਮਾਈ ਆਪਣੀ ਜੇਬ ਵਿੱਚ ਪਾ ਲਈ ਹੈ। ਇਸ ਤੋਂ ਵੱਧ ਸ਼ਰਮ ਵਾਲੀ ਗੱਲ ਹੋਰ ਕੀ ਹੋ ਸਕਦੀ ਹੈ ?' ਭਾਜਪਾ ਮੁਖੀ ਨੇ ਮਾਈਕਰੋ ਬਲੌਗਿੰਗ ਵੈਬਸਾਈਟ ਉੱਤੇ ਓਰੀਐਂਟਲ ਬੈਂਕ ਆਫ ਕਾਮਰਸ ਨਾਲ ਕਥਿਤ ਧੋਖਾਧੜੀ ਦੀ ਸਟੋਰੀ ਸ਼ੇਅਰ ਕੀਤੀ ਹੈ। ਜ਼ਿਕਰਯੋਗ ਹੈ ਕਿ ਸੀਬੀਆਈ ਨੇ 22 ਫਰਵਰੀ ਨੂੰ ਸਿੰਭੌਲੀ ਸ਼ੂਗਰਜ਼ ਲਿਮਟਿਡ, ਇਸ ਦੇ ਚੇਅਰਮੈਨ ਗੁਰਮੀਤ ਸਿੰਘ ਮਾਨ, ਡਿਪਟੀ ਮੈਨੇਜਿੰਗ ਡਾਇਰੈਕਟਰ ਗੁਰਪਾਲ ਸਿੰਘ ਅਤੇ ਹੋਰਨਾਂ ਵਿਰੁੱਧ ਬੈਂਕ ਦੇ ਨਾਲ 97.85 ਕਰੋੜ ਰੁਪਏ ਦੀ ਕਥਿਤ ਧੋਖਾਧੜੀ ਦੇ ਮਾਮਲੇ ਵਿੱਚ ਕੇਸ ਦਰਜ ਕੀਤਾ ਸੀ। ਗੁਰਪਾਲ ਸਿੰਘ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦਾ ਦਾਮਾਦ ਹੈ।

## ਸੀਬੀਆਈ ਵੱਲੋਂ ਕੈਪਟਨ ਦੇ ਜਵਾਈ ਸਮੇਤ ਸਿੰਭੌਲੀ ਖੰਡ ਮਿਲ ਦੇ ਮਾਲਕਾਂ ਵਿਰੁੱਧ ਕੇਸ

### *ਬੈਂਕ ਨਾਲ 97 ਕਰੋੜ ਰੁਪਏ ਦੀ ਦੇਣਦਾਰੀ 'ਚ ਹੇਰਾਫੇਰੀ ਕਰਨ ਦੇ ਦੋਸ਼*

**ਨਵੀਂ ਦਿੱਲੀ/ਬਿਊਰੋ ਨਿਊਜ਼:**
ਸੀਬੀਆਈ ਨੇ ਸਿੰਭੌਲੀ ਸ਼ੂਗਰਜ਼ ਲਿਮਟਿਡ, ਇਸ ਦੇ ਚੇਅਰਮੈਨ ਗੁਰਮੀਤ ਸਿੰਘ ਮਾਨ, ਡਿਪਟੀ ਮੈਨੇਜਿੰਗ ਡਾਇਰੈਕਟਰ ਗੁਰਪਾਲ ਸਿੰਘ ਅਤੇ ਹੋਰਨਾਂ ਵਿਰੁੱਧ 97.85 ਕਰੋੜ ਰੁਪਏ ਦੀ ਕਥਿਤ ਬੈਂਕ ਧੋਖਾਧੜੀ ਦੇ ਦੋਸ਼ ਵਿੱਚ ਕੇਸ ਦਰਜ ਕਰ ਲਿਆ ਹੈ। ਗੁਰਪਾਲ ਸਿੰਘ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦਾ ਜਵਾਈ ਹੈ। ਇਸ ਮਾਮਲੇ ਵਿੱਚ ਕੰਪਨੀ ਦੇ ਮੁੱਖ ਕਾਰਜਕਾਰੀ ਅਧਿਕਾਰੀ ਜੀ ਐਸ ਸੀ ਰਾਓ, ਸੀਐਫਓ ਸੰਜੇ ਤਪਰੀਆ, ਕਾਰਜਕਾਰੀ ਡਾਇਰੈਕਟਰ ਗੁਰਸਿਮਰਨ ਕੌਰ ਮਾਨ ਅਤੇ ਪੰਜ ਹੋਰਨਾਂ ਦੇ ਨਾਂਅ ਸ਼ਾਮਲ ਹਨ।

ਸੀਬੀਆਈ ਨੇ ਦੇਸ਼ ਦੀਆਂ ਸਭ ਤੋਂ ਵੱਡੀਆਂ ਸ਼ੂਗਰ ਕੰਪਨੀਆਂ ਵਿੱਚੋਂ ਇੱਕ ਮੰਨੀ ਜਾਂਦੀ ਸਿੰਭੌਲੀ ਸ਼ੂਗਰਜ਼ ਦੇ ਅੱਠ ਟਿਕਾਣਿਆਂ ਉੱਤੇ ਛਾਪੇ ਮਾਰੇ ਜਿਨ੍ਹਾਂ ਵਿੱਚ ਡਾਇਰੈਕਟਰਾਂ ਦੀਆਂ ਰਿਹਾਇਸ਼ਾਂ, ਫੈਕਟਰੀਆਂ ਅਤੇ ਦਫਤਰ ਸ਼ਾਮਲ ਹਨ। ਸੀਬੀਆਈ ਦੇ ਤਰਜਮਾਨ ਅਭਿਸ਼ੇਕ ਦਿਆਲ ਅਨੁਸਾਰ ਇਹ ਛਾਪੇ ਦਿੱਲੀ, ਹਾਪੁੜ ਅਤੇ ਨੋਇਡਾ ਵਿੱਚ ਮਾਰੇ ਗਏ। ਇਹ ਛਾਪੇ ਕੰਪਨੀ ਵੱਲੋਂ ਲਏ ਕਰਜ਼ 97.85 ਕਰੋੜ ਰੁਪਏ ਜੋ ਸੰਨ 2015 ਵਿੱਚ ਧੋਖਾਧੜੀ ਕਰਾਰ ਦਿੱਤਾ ਗਿਆ ਸੀ ਅਤੇ ਦੂਜਾ ਕਾਰਪੋਰੇਟ ਕਰਜ਼ਾ 110 ਕਰੋੜ ਰੁਪਏ ਦਾ ਹੈ ਜਿਸ ਨੂੰ ਪਹਿਲੇ ਕਰਜ਼ੇ ਨੂੰ ਅਦਾ ਕਰਨ ਦੇ ਲਈ ਵਰਤਿਆ ਗਿਆ ਹੈ।

ਸੀਬੀਆਈ ਦੀ ਐਫਆਈਆਰ ਅਨੁਸਾਰ ਕੰਪਨੀ ਵੱਲੋਂ ਲਿਆ ਗਿਆ ਦੂਜਾ ਕਰਜ਼ਾ ਇੱਕ ਹਜ਼ਾਰ ਅਤੇ ਪੰਜ ਸੌ ਦੇ ਪੁਰਾਣੇ ਨੋਟ ਵਾਪਿਸ ਲੈਣ ਦੇ ਐਲਾਨ ਤੋਂ ਕਰੀਬ ਵੀਹ ਦਿਨ ਮਗਰੋਂ 29 ਨਵੰਬਰ 2016 ਨੂੰ ਡੁੱਬਿਆ ਕਰਜ਼ ਕਰਾਰ ਦਿੱਤਾ ਗਿਆ ਸੀ। ਇਸ ਮਾਮਲੇ ਵਿੱਚ ਬੈਂਕ ਨਾਲ ਕਥਿਤ ਧੋਖਾਧੜੀ ਤਾਂ 97.85 ਕਰੋੜ ਰੁਪਏ ਦੀ ਹੋਈ ਪਰ ਬੈਂਕ ਨੂੰ ਕੁੱਲ ਘਾਟਾ ਇੱਕ ਅਰਬ 9 ਕਰੋੜ 8 ਲੱਖ ਰੁਪਏ ਦਾ ਪਿਆ। ਇਸ ਮਾਮਲੇ ਸਬੰਧੀ ਸੀਬੀਆਈ ਕੋਲ ਕਰਦਾਤਾ ਓਰੀਐਂਟਲ ਬੈਂਕ ਆਫ ਕਾਮਰਸ ਨੇ 17 ਨਵੰਬਰ 2017 ਨੂੰ ਸ਼ਿਕਾਇਤ ਦਰਜ ਕਰਵਾਈ ਸੀ। ਇਸ ਮਾਮਲੇ ਵਿੱਚ ਸੀਬੀਆਈ ਨੇ 22 ਫਰਵਰੀ ਨੂੰ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਅਪਰਾਧਿਕ ਸਾਜਿਸ਼ ਅਤੇ ਧੋਖਾਧੜੀ ਦੇ ਦੋਸ਼ ਵਿੱਚ ਕੇਸ ਦਰਜ ਕੀਤਾ ਸੀ।

## ਗੁਰਪਾਲ ਸਿੰਘ ਵਿਰੁੱਧ ਕੇਸ ਨਾਲ ਕੈਪਟਨ ਕੁੜਿਕੀ 'ਚ

**ਚੰਡੀਗੜ੍ਹ/ਬਿਊਰੋ ਨਿਊਜ਼:**
ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਜਵਾਈ ਗੁਰਪਾਲ ਸਿੰਘ ਖਿਲਾਫ਼ ਸੀਬੀਆਈ ਵੱਲੋਂ ਕੇਸ ਦਰਜ ਕਰਨ ਕਾਰਨ ਕਾਂਗਰਸੀ ਹਲਕਿਆਂ ਵਿੱਚ ਬੇਚੈਨੀ ਹੈ। ਕਾਂਗਰਸੀ ਨੇਤਾਵਾਂ ਦਾ ਮੰਨਣਾ ਹੈ ਕਿ ਤਾਜ਼ਾ ਘਟਨਾਕ੍ਰਮ ਨਾਲ ਮੁੱਖ ਮੰਤਰੀ ਦੀਆਂ ਮੁਸ਼ਕਿਲਾਂ ਵਧ ਗਈਆਂ ਹਨ। ਗੁਰਪਾਲ ਸਿੰਘ ਵਿਰੁੱਧ ਦਰਜ ਕੇਸ ਮੁੱਖ ਮੰਤਰੀ ਵਿਰੋਧੀ ਕਾਂਗਰਸੀ ਧੜਿਆਂ ਨੂੰ ਵੀ ਸ਼ਕਤੀ ਦੇਣ 'ਚ ਸਹਾਈ ਹੋ ਸਕਦਾ ਹੈ। ਗੁਰਪਾਲ ਸਿੰਘ ਜੋ ਕਿ ਸਿੰਭੌਲੀ ਸ਼ੂਗਰਜ਼ ਲਿਮਟਿਡ ਦਾ ਡਿਪਟੀ ਮੈਨੇਜਿੰਗ ਡਾਇਰੈਕਟਰ ਹੈ, ਵਿਰੁੱਧ ਸੀਬੀਆਈ ਨੇ ਬੈਂਕ ਨਾਲ ਧੋਖਾਧੜੀ ਦੇ ਦੋਸ਼ ਤਹਿਤ ਕੇਸ ਦਰਜ ਕੀਤਾ ਹੈ। ਪੀਐਨਬੀ ਘੁਟਾਲੇ ਅਤੇ ਹੋਰਨਾਂ ਮਾਮਲਿਆਂ ਨੂੰ ਲੈ ਕੇ ਵਿਰੋਧੀ ਪਾਰਟੀਆਂ ਦੇ ਨਿਸ਼ਾਨੇ ਉੱਤੇ ਆਈ ਭਾਜਪਾ ਨੇ ਗੁਰਪਾਲ ਸਿੰਘ ਦੇ ਮਾਮਲੇ 'ਤੇ ਕਾਂਗਰਸ ਨੂੰ ਘੇਰਨਾ ਸ਼ੁਰੂ ਕਰ ਦਿੱਤਾ ਹੈ। ਪਾਰਟੀ ਸੂਤਰਾਂ ਦਾ ਦੱਸਣਾ ਹੈ ਕਿ ਪੰਜਾਬ ਵਿੱਚ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਕਾਂਗਰਸ ਸਰਕਾਰ ਦੇ ਗਠਿਨ ਤੋਂ ਬਾਅਦ ਮੁੱਖ ਮੰਤਰੀ ਦੇ ਦਾਮਾਦ ਦਾ ਨਾਂਅ ਕਈ ਮਾਮਲਿਆਂ ਵਿੱਚ ਉਭਰ ਕੇ ਸਾਹਮਣੇ ਆਇਆ ਸੀ। ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਦਾ ਕਹਿਣਾ ਹੈ ਕਿ ਕਾਨੂੰਨ ਸਭ ਲਈ ਬਰਾਬਰ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਭਾਜਪਾ ਜਿਸ ਤਰੀਕੇ ਪਿਛਲੇ ਸਮੇਂ ਤੋਂ ਰਾਜਸੀ ਵਿਰੋਧੀਆਂ ਨੂੰ ਨਿਸ਼ਾਨਾ ਬਣਾਉਂਦੀ ਰਹੀ ਹੈ ਉਸ ਦਾ ਝਲਕਾਰਾ ਗੁਰਪਾਲ ਸਿੰਘ ਦੇ ਮਾਮਲੇ 'ਚ ਨਹੀਂ ਪੈਣਾ ਚਾਹੀਦਾ। ਉਨ੍ਹਾਂ ਕਿਹਾ ਕਿ ਬੈਂਕਾਂ ਨਾਲ ਧੋਖਾਧੜੀ ਦੇ ਵੱਡੇ ਵੱਡੇ ਘੁਟਾਲੇ ਸਾਹਮਣੇ ਆਉਣ ਕਾਰਨ ਕਰਨਾਟਕਾ ਅਤੇ ਉਤਰ ਪੂਰਬੀ ਰਾਜਾਂ ਦੀਆਂ ਚੋਣਾਂ ਦੌਰਾਨ ਭਾਜਪਾ ਨੂੰ ਸਿਆਸੀ ਤੌਰ 'ਤੇ ਵੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਤੇ ਹੁਣ ਸਿੰਭੌਲੀ ਸ਼ੂਗਰਜ਼ ਵਿਰੁੱਧ ਕੇਸ ਨਾਲ ਭਾਜਪਾ ਨੂੰ ਕਾਂਗਰਸ ਦੇ ਖਿਲਾਫ਼ ਬੋਲਣ ਦਾ ਮੁੱਦਾ ਮਿਲਿਆ ਹੈ।ਇਸ ਦੌਰਾਨ ਹੀ ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਮੰਗ ਕੀਤੀ ਕਿ ਸੀਬੀਆਈ ਨੂੰ ਗੁਰਪਾਲ ਸਿੰਘ ਦੇ ਮਾਮਲੇ ਵਿੱਚ ਨਿਰਪੱਖ ਕਾਰਵਾਈ ਕਰਨੀ ਚਾਹੀਦੀ ਹੈ ਤੇ ਕਿਸੇ ਵੀ ਦੋਸ਼ੀ ਨੂੰ ਬਖ਼ਸ਼ਣਾ ਨਹੀਂ ਚਾਹੀਦਾ।



## ਰਾਜਸੀ ਹਿੱਤਾਂ ਲਈ ਉਛਾਲਿਆ ਸਾਰਾ ਮਾਮਲਾ-ਕੈਪਟਨ

ਇਸ ਮਾਮਲੇ ਉੱਤੇ ਟਿੱਪਣੀ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ, 'ਮੇਰੇ ਦਾਮਾਦ ਨੂੰ ਰਾਜਨੀਤੀ ਦਾ ਸ਼ਿਕਾਰ ਬਣਾਇਆ ਜਾ ਰਿਹਾ ਹੈ।' ਉਨ੍ਹਾਂ ਘਪਲਾ ਨਾ ਹੋਣ ਦਾ ਦਾਅਵਾ ਕਰਦਿਆਂ ਕਿਹਾ ਕਿ ਇਹ ਮਾਮਲਾ ਪਹਿਲਾਂ ਹੀ ਅਦਾਲਤੀ ਸੁਣਵਾਈ ਅਧੀਨ ਹੈ ਤੇ ਗੁਰਪਾਲ ਸਿੰਘ ਕਾਨੂੰਨ ਅਨੁਸਾਰ ਚੱਲਣ ਵਾਲਾ ਵਿਅਕਤੀ ਹੈ। ਉਨ੍ਹਾਂ ਕਿਹਾ ਕਿ ਇਸ ਮਾਮਲੇ ਦਾ ਰਾਜਨੀਤੀਕਰਨ ਇਸ ਕਰਕੇ ਹੋ ਰਿਹਾ ਹੈ ਕਿ ਕਿਉਂਕਿ ਗੁਰਪਾਲ ਸਿੰਘ ਦਾ ਉਨ੍ਹਾਂ ਨਾਲ ਕਰੀਬੀ ਰਿਸ਼ਤਾ ਹੈ। ਮੁੱਖ ਮੰਤਰੀ ਨੇ ਇਹ ਵੀ ਕਿਹਾ ਕਿ ਗੁਰਪਾਲ ਸਿੰਘ ਦੇ ਸਬੰਧਤ ਕੰਪਨੀ 'ਚ ਮਹਿਜ਼ 12.5 ਫੀਸਦੀ ਸ਼ੇਅਰ ਹਨ ਤੇ ਉਹ ਵੱਡਾ ਹਿੱਸਾਦਾਰ ਨਹੀਂ ਹੈ।

## ਗੁੰਡਾ ਟੈਕਸ ਸਬੰਧੀ ਅਕਾਲੀ ਆਗੂ ਖ਼ਿਲਾਫ਼ ਕਾਰਵਾਈ

**ਬਠਿੰਡਾ/ਬਿਊਰੋ ਨਿਊਜ਼:** ਬਠਿੰਡਾ ਪੁਲੀਸ ਨੇ ਰਿਫ਼ਾਈਨਰੀ ਦੇ 'ਗੁੰਡਾ ਟੈਕਸ' ਦੇ ਰੌਲ਼ੇ ਦੌਰਾਨ ਮਹਿਲਾ ਅਕਾਲੀ ਸਰਪੰਚ ਦੇ ਪੁੱਤਰ ਤੇ ਅਕਾਲੀ ਆਗੂ ਰਮਨਦੀਪ ਸਿੱਧੂ ਉਰਫ਼ ਹੈਪੀ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ। ਰਿਫ਼ਾਈਨਰੀ 'ਚ ਪੈਟਰੋ ਕੈਮੀਕਲ ਪ੍ਰੋਜੈਕਟ ਦੀ ਉਸਾਰੀ 'ਚ ਲੱਗੇ ਉਸਾਰੀ ਠੇਕੇਦਾਰਾਂ ਨੇ 'ਗੁੰਡਾ ਟੈਕਸ' ਕਰ ਕੇ ਪ੍ਰੋਜੈਕਟ ਅੰਦਰ 25 ਜਨਵਰੀ ਤੋਂ ਰੇਤਾ ਬਜਰੀ ਬੰਦ ਹੋਣ ਦੀ ਗੱਲ ਰੱਖੀ ਸੀ। ਮੁੱਢਲੇ ਪੜਾਅ 'ਤੇ ਮਾਮਲਾ ਡਿਪਟੀ ਕਮਿਸ਼ਨਰ ਦੇ ਧਿਆਨ ਵਿਚ ਲਿਆਂਦਾ ਗਿਆ ਸੀ। ਫਰਵਰੀ ਮਹੀਨੇ ਦੇ 25 ਦਿਨਾਂ ਦੌਰਾਨ ਪੁਲੀਸ ਉੱਪਰੋਂ ਹੁਕਮ ਉਡੀਕਦੀ ਰਹੀ। ਉਸਾਰੀ ਠੇਕੇਦਾਰ ਅਸ਼ੋਕ ਬਾਂਸਲ ਨੇ ਇਸ ਪੁਲੀਸ ਕੇਸ ਨੂੰ ਅੱਖਾਂ ਪੂੰਝਣ ਵਾਲੀ ਕਾਰਵਾਈ ਦੱਸਿਆ ਹੈ। ਥਾਣਾ ਰਾਮਾਂ ਦੀ ਪੁਲੀਸ ਨੇ 25 ਫਰਵਰੀ ਦੀ ਰਾਤ ਨੂੰ ਪੌਣੇ ਨੌਂ ਵਜੇ ਪਿੰਡ ਬੰਗੀ ਕਲਾਂ ਦੇ ਅਕਾਲੀ ਆਗੂ ਰਮਨਦੀਪ ਸਿੱਧੂ ਖ਼ਿਲਾਫ਼ ਧਾਰਾ 451, 506 ਤਹਿਤ ਕੇਸ ਦਰਜ ਕੀਤਾ ਗਿਆ ਹੈ। ਉਸਾਰੀ ਠੇਕੇਦਾਰ ਅਸ਼ੋਕ ਬਾਂਸਲ ਨੇ ਹਾਈ ਕੋਰਟ ਦੇ ਮੁੱਖ ਜਸਟਿਸ ਨੂੰ ਪੱਤਰ ਭੇਜ ਕੇ ਗੁੰਡਾ ਟੈਕਸ ਦਾ ਬਿਆਨ ਕੀਤਾ ਸੀ। ਸੂਤਰ ਦੱਸਦੇ ਹਨ ਕਿ 25 ਫਰਵਰੀ ਨੂੰ ਪੁਲੀਸ ਅਫ਼ਸਰ ਸਾਰਾ ਦਿਨ ਠੇਕੇਦਾਰ ਨੂੰ ਪਲੋਸਦੇ ਰਹੇ ਪ੍ਰੰਤੂ ਉਸ ਨੇ ਸਪਸ਼ਟ ਆਖ ਦਿੱਤਾ ਕਿ ਅਫ਼ਸਰਾਂ ਦੇ ਹੱਥ ਬੰਨ੍ਹੇ ਹੋਏ ਹਨ ਜਿਸ ਕਰ ਕੇ ਉਸ ਨੂੰ ਮੁੱਖ ਜਸਟਿਸ ਨੂੰ ਪੱਤਰ ਭੇਜਣਾ ਪਿਆ ਹੈ। ਠੇਕੇਦਾਰ ਤੋਂ ਸਥਾਨਕ ਪੁਲੀਸ ਨੇ ਕੱਲ੍ਹ ਦਰਖਾਸਤ ਲੈ ਲਈ ਸੀ। ਅਸ਼ੋਕ ਬਾਂਸਲ ਨੇ ਪੱਤਰ ਵਿਚ ਰਮਨਦੀਪ ਸਿੱਧੂ ਤੇ ਉਸ ਦੇ ਭਰਾ ਖ਼ਿਲਾਫ਼ ਇਲਜ਼ਾਮ ਲਾਏ ਸਨ ਕਿ ਉਨ੍ਹਾਂ ਵੱਲੋਂ 22 ਫਰਵਰੀ ਨੂੰ ਉਸ ਦੇ ਰਿਫ਼ਾਈਨਰੀ ਲਾਗਲੇ ਦਫ਼ਤਰ ਵਿਚ ਆ ਕੇ ਧਮਕਾਇਆ। ਠੇਕੇਦਾਰ ਨੇ ਇੱਕ ਆਡੀਓ ਕਲਿੱਪ ਵੀ ਭੇਜੀ ਹੈ ਜਿਸ ਵਿਚ ਧਮਕੀਆਂ ਦਿੱਤੇ ਜਾਣ ਦਾ ਪੂਰਾ ਬਿਰਤਾਂਤ ਹੈ। ਮੁੱਖ ਮੰਤਰੀ ਦਫ਼ਤਰ ਨੇ ਇਹ ਸ਼ਿਕਾਇਤ ਪ੍ਰਾਪਤ ਹੋਣ ਮਗਰੋਂ ਉਦਯੋਗ ਵਿਭਾਗ ਦੇ ਪ੍ਰਮੁੱਖ ਸਕੱਤਰ ਨੂੰ ਇਸ ਮਾਮਲੇ 'ਤੇ ਫ਼ੌਰੀ ਕਾਰਵਾਈ ਕਰਨ ਦੇ ਹੁਕਮ ਦਿੱਤੇ ਸਨ।

ਵਿਰੋਧੀ ਧਿਰਾਂ ਨੇ ਵੀ 'ਵਾਇਆ ਆਧਨੀਆਂ' ਰਣਇੰਦਰ 'ਤੇ ਵੀ ਉਂਗਲ ਉਠਾਈ ਹੈ। ਠੇਕੇਦਾਰ ਨੇ ਤਾਂ ਪੱਤਰ ਵਿੱਚ ਇੱਕ ਵਿਧਾਇਕ ਦਾ ਨਾਮ ਵੀ ਲਿਖਿਆ ਸੀ। ਥਾਣਾ ਰਾਮਾਂ ਦੇ ਮੁੱਖ ਥਾਣਾ ਅਫ਼ਸਰ ਹਰਬੰਸ ਸਿੰਘ ਦਾ ਕਹਿਣਾ ਸੀ ਕਿ ਪੱਤਰ ਤੇ ਸਬੂਤਾਂ ਅਨੁਸਾਰ ਸਿਰਫ਼ ਰਮਨਦੀਪ ਸਿੱਧੂ ਨੇ ਸਾਈਟ ਦਫ਼ਤਰ ਵਿਚ ਜਾ ਕੇ ਠੇਕੇਦਾਰ ਨੂੰ ਧਮਕੀ ਦਿੱਤੀ ਸੀ ਜਿਸ ਦਾ ਪਰਚਾ ਦਰਜ ਕੀਤਾ ਗਿਆ ਹੈ। ਫਿਰੌਤੀ ਦੀ ਮੰਗ ਕਿਤੇ ਕੀਤੀ ਨਹੀਂ ਗਈ ਹੈ। ਤਲਵੰਡੀ ਸਾਬੋ ਦੇ ਡੀ.ਐਸ.ਪੀ. ਬਰਿੰਦਰ ਸਿੰਘ ਦਾ ਕਹਿਣਾ ਸੀ ਕਿ ਤਫ਼ਤੀਸ਼ ਵਿਚ ਹੋਰ ਸਬੂਤ ਸਾਹਮਣੇ ਆਏ ਤਾਂ ਉਸ ਅਧਾਰ 'ਤੇ ਕਾਰਵਾਈ ਕੀਤੀ ਜਾਵੇਗੀ। ਉਸਾਰੀ ਠੇਕੇਦਾਰ ਅਸ਼ੋਕ ਬਾਂਸਲ ਦਾ ਕਹਿਣਾ ਸੀ ਕਿ 'ਗੁੰਡਾ ਟੈਕਸ' ਵਸੂਲੀ ਦੀ ਧਾਰਾ ਕੇਸ ਵਿਚ ਸ਼ਾਮਲ ਨਹੀਂ ਹੈ ਅਤੇ ਪੁਲੀਸ ਨੇ ਸਿਰਫ਼ ਖਾਨਾਪੂਰਤੀ ਕੀਤੀ ਹੈ। ਸੂਤਰ ਆਖਦੇ ਹਨ ਕਿ ਕੈਪਟਨ ਸਰਕਾਰ ਨੇ ਅਕਾਲੀ ਆਗੂ 'ਤੇ ਕੇਸ ਦਰਜ ਕਰਕੇ ਇੱਕ ਤੀਰ ਨਾਲ ਦੋ ਨਿਸ਼ਾਨੇ ਲਾਏ ਹਨ। ਇੱਕ ਤਾਂ ਗੁੰਡਾ ਟੈਕਸ ਖ਼ਿਲਾਫ਼ ਪੈ ਰਹੇ ਰੌਲ਼ੇ ਨੂੰ ਸ਼ਾਂਤ ਕਰਨ ਦਾ ਸੁਨੇਹਾ ਦਿੱਤਾ ਹੈ ਤੇ ਦੂਜਾ ਗੁੰਡਾ ਟੈਕਸ ਵਿੱਚ ਅਕਾਲੀਆਂ ਨੂੰ ਕਟਹਿਰੇ ਵਿਚ ਖੜ੍ਹਾ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਸੇ ਦੌਰਾਨ, ਬਠਿੰਡਾ ਦੇ ਇੱਕ ਟਰਾਂਸਪੋਰਟਰ ਗੌਰਵ ਗਰਗ ਨੇ ਰਿਫ਼ਾਈਨਰੀ ਦੇ ਕਾਰੋਬਾਰ 'ਚੋਂ ਪਿਛਾਂਹ ਪੈਰ ਖਿੱਚ ਲਏ ਹਨ। ਸ੍ਰੀ ਗਰਗ ਨੇ 8 ਫਰਵਰੀ ਨੂੰ ਪੁਲੀਸ ਕੋਲ ਸ਼ਿਕਾਇਤ ਕੀਤੀ ਸੀ ਕਿ ਉਸ ਤੋਂ ਗੁੰਡਾ ਟੈਕਸ ਦੀ ਮੰਗ ਕੀਤੀ ਜਾ ਰਹੀ ਹੈ ਅਤੇ ਉਸ ਦੀਆਂ ਗੱਡੀਆਂ ਦੇ ਕਾਗ਼ਜ਼ਾਤ ਖੋਹ ਲਏ ਗਏ ਹਨ। ਗੌਰਵ ਗਰਗ ਨੇ ਨਿਰਾਸ਼ ਹੋ ਕੇ ਆਖਿਆ "ਕੁੱਤੀ ਚੋਰਾਂ ਨਾਲ ਰਲ਼ੀ ਹੋਈ ਹੈ, ਇਨਸਾਫ਼ ਕਿਥੋਂ ਲੱਭੀਏ।"

## ਪੰਜਾਬ ਦੇ ਲੋਕ ਕਾਂਗਰਸ ਨੂੰ ਜਿਤਾ ਕੇ ਕਰ ਰਹੇ ਨੇ ਪਛਤਾਵਾ -ਸੁਖਬੀਰ ਬਾਦਲ

### ਟਿਊਬਵੈੱਲਾਂ ਦੇ ਬਿੱਲਾਂ ਖ਼ਿਲਾਫ਼ ਮੁਹਿੰਮ ਸ਼ੁਰੂ ਕਰਨ ਦਾ ਐਲਾਨ

**ਫ਼ਿਰੋਜ਼ਪੁਰ, ਗੁਰੂ ਹਰ ਸਹਾਏ/ਬਿਊਰੋ ਨਿਊਜ਼:** ਗੁਰੂਹਰਸਹਾਏ ਵਿੱਚ ਪੋਲ ਖੋਲ੍ਹ ਰੈਲੀ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਪੰਜਾਬ ਵਿੱਚ ਕਾਂਗਰਸ ਦੀ ਸੱਤਾ ਆਉਣ ਮਗਰੋਂ ਲੋਕਾਂ ਨੂੰ ਆਪਣੇ ਕੀਤੇ 'ਤੇ ਪਛਤਾਵਾ ਹੋ ਰਿਹਾ ਹੈ। ਕਿਉਂਕਿ ਕਾਂਗਰਸ ਨੇ ਇੱਕ ਸਾਲ ਵਿੱਚ ਕੋਈ ਚੋਣ ਵਾਅਦਾ ਪੂਰਾ ਨਹੀਂ ਕੀਤਾ। ਹੋਰ ਤਾਂ ਹੋਰ ਗੁਟਕਾ ਹੱਥ ਵਿੱਚ ਲੈ ਕੇ ਸਹੁੰ ਖਾਣ ਵਾਲੇ ਕੈਪਟਨ ਅਮਰਿੰਦਰ ਸਿੰਘ ਨੇ ਕਿਸੇ ਕਿਸਾਨ ਦਾ ਪੂਰਾ ਕਰਜ਼ਾ ਮੁਆਫ਼ ਨਹੀਂ ਕੀਤਾ। ਇਸ ਤੋਂ ਇਲਾਵਾ ਮੋਟਰਾਂ 'ਤੇ ਮੀਟਰ ਲਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਕਿਸਾਨਾਂ ਨਾਲ ਵਾਅਦਾ ਕੀਤਾ ਕਿ ਜੇਕਰ ਕਾਂਗਰਸ ਸਰਕਾਰ ਉਨ੍ਹਾਂ ਦੇ ਟਿਊਬਵੈੱਲਾਂ 'ਤੇ ਬਿੱਲ ਜਾਂ ਹੋਰ ਟੈਕਸ ਲਾਵੇਗੀ ਤਾਂ ਅਕਾਲੀ ਦਲ ਅੱਗੇ ਹੋ ਕੇ ਇਹ ਲੜਾਈ ਲੜੇਗਾ। ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਨਾ ਸਰਕਾਰੀ ਨੌਕਰੀਆਂ ਮਿਲੀਆਂ ਤੇ ਨਾ ਫੋਨ। ਗ਼ਰੀਬਾਂ ਦੀਆਂ ਪੈਨਸ਼ਨਾਂ ਤੇ ਰਾਸ਼ਨ ਵੀ ਬੰਦ ਕਰ ਦਿੱਤਾ ਗਿਆ। ਲੋਕਾਂ ਦੀ ਸਹੂਲਤ ਲਈ ਖੋਲ੍ਹੇ ਗਏ ਸੁਵਿਧਾ ਕੇਂਦਰ ਵੀ ਬੰਦ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਇੱਕ ਸਾਲ ਬਾਅਦ ਹੀ ਲੋਕ ਦੁਬਾਰਾ ਵਿਧਾਨ ਸਭਾ ਚੋਣਾਂ ਦੀ ਮੰਗ ਕਰਨ ਲੱਗ ਪਏ ਹਨ। ਮਨਪ੍ਰੀਤ ਬਾਦਲ 'ਤੇ ਵਰ੍ਹਦਿਆਂ ਉਨ੍ਹਾਂ ਆਖਿਆ ਕਿ ਕਾਂਗਰਸ ਦਾ ਚੋਣ ਮੈਨੀਫ਼ੈਸਟੋ ਤਿਆਰ ਕਰਨ ਵਾਲੇ ਵਿੱਤ ਮੰਤਰੀ ਹੁਣ ਲੋਕਾਂ ਤੋਂ ਮੂੰਹ ਲੁਕਾਉਂਦੇ ਫਿਰਦੇ ਹਨ। ਬਠਿੰਡਾ ਦਾ ਥਰਮਲ ਪਲਾਂਟ ਬੰਦ ਹੋਣ ਕਰਕੇ ਹਜ਼ਾਰਾਂ ਲੋਕਾਂ ਦਾ ਰੁਜ਼ਗਾਰ ਖੋਹ ਲਿਆ ਗਿਆ ਹੈ। ਕਾਂਗਰਸੀਆਂ ਵੱਲੋਂ ਗੁੰਡਾ ਟੈਕਸ ਵਸੂਲਣ ਕਾਰਨ ਥਰਮਲ ਵਿੱਚ ਕੰਮ ਕਰ ਰਹੀਆਂ ਕੰਪਨੀਆਂ ਦੇ ਅਫ਼ਸਰਾਂ ਨੇ ਅੱਗੇ ਕੰਮ ਕਰਨ ਤੋਂ ਨਾਂਹ ਕਰ ਦਿੱਤੀ ਹੈ। ਉਨ੍ਹਾਂ ਆਖਿਆ ਕਿ ਕੈਪਟਨ ਸਰਕਾਰ ਦੀਆਂ ਗ਼ਲਤ ਨੀਤੀਆਂ ਕਰਕੇ ਦੇਸ਼ ਦੀਆਂ ਵੱਡੀਆਂ ਕੰਪਨੀਆਂ ਨੇ ਪੰਜਾਬ ਵਿੱਚ ਨਵੇਂ ਪ੍ਰਾਜੈਕਟ ਲਾਉਣ ਤੋਂ ਹੱਥ ਖੜ੍ਹੇ ਕਰ ਦਿੱਤੇ ਹਨ। ਅਕਾਲੀ ਦਲ ਦੇ ਆਗੂ ਵਰਦੇਵ ਸਿੰਘ ਨੋਨੀ ਮਾਨ ਦੀ ਪਿੱਠ ਥਾਪੜਿਆਂ ਸ੍ਰੀ ਬਾਦਲ ਨੇ ਆਖਿਆ ਕਿ ਇਸ ਪਰਿਵਾਰ ਨਾਲ ਉਨ੍ਹਾਂ ਦਾ ਬਹੁਤ ਪੁਰਾਣਾ ਸਬੰਧ ਹੈ। ਕਾਂਗਰਸੀ ਆਗੂਆਂ ਦੀ ਸ਼ਹਿ 'ਤੇ ਝੂਠੇ ਪਰਚੇ ਦਰਜ ਕਰਨ ਵਾਲੇ ਪੁਲੀਸ ਅਫ਼ਸਰਾਂ ਨੂੰ ਤਾੜਦਿਆਂ ਸ੍ਰੀ ਬਾਦਲ ਨੇ ਆਖਿਆ ਕਿ ਸੱਤਾ ਬਦਲਣ 'ਤੇ ਸਭ ਤੋਂ ਪਹਿਲਾਂ ਉਕਤ ਅਫ਼ਸਰਾਂ ਨਾਲ ਨਜਿੱਠਿਆ ਜਾਵੇਗਾ। ਇਸ ਮੌਕੇ ਅਕਾਲੀ ਦਲ ਜ਼ਿਲ੍ਹਾ ਦਿਹਾਤੀ ਦੇ ਪ੍ਰਧਾਨ ਨਰਦੇਵ ਸਿੰਘ ਬੌਬੀ ਮਾਨ, ਨਗਰ ਕੌਂਸਲ ਗੁਰੂਹਰਸਾਏ ਦੇ ਪ੍ਰਧਾਨ ਰੋਹਿਤ ਵੋਹਰਾ ਮੋਂਟੂ ਤੇ ਐਸਜੀਪੀਸੀ ਮੈਂਬਰ ਦਰਸ਼ਨ ਸਿੰਘ ਤੇ ਹੋਰ ਆਗੂ ਹਾਜ਼ਰ ਸਨ।



## ਖਹਿਰਾ ਨੇ ਗੁੰਡਾ ਟੈਕਸ ਮਾਮਲੇ ਦੀ ਜਾਂਚ ਸੀਬੀਆਈ ਤੋਂ ਕਰਵਾਉਣ ਦੀ ਕੀਤੀ ਮੰਗ

**ਚੰਡੀਗੜ੍ਹ/ਬਿਊਰੋ ਨਿਊਜ਼:** ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਸੁਖਪਾਲ ਸਿੰਘ ਖਹਿਰਾ ਨੇ ਮੰਗ ਕੀਤੀ ਹੈ ਕਿ ਗੁੰਡਾ ਟੈਕਸ ਮਾਮਲੇ ਵਿੱਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਪੁੱਤਰ ਰਣਇੰਦਰ ਸਿੰਘ ਟਿੱਕੂ ਦਾ ਨਾਮ ਆਉਣ ਕਰਕੇ ਇਸ ਦੀ ਜਾਂਚ ਸੀਬੀਆਈ ਜਾਂ ਹਾਈ ਕੋਰਟ ਦੇ ਕਿਸੇ ਜੱਜ ਰਾਹੀਂ ਕਰਵਾਉਣੀ ਚਾਹੀਦੀ ਹੈ। ਸ੍ਰੀ ਖਹਿਰਾ ਨੇ ਵਿਧਾਇਕ ਕੰਵਰ ਸੰਧੂ ਸਮੇਤ ਸੋਮਵਾਰ ਨੂੰ ਇੱਥੇ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਬਠਿੰਡਾ ਤੇਲ ਰਿਫਾਈਨਰੀ ਦੇ ਦੂਸਰੇ ਪੜਾਅ ਦੇ ਨਿਰਮਾਣ ਦੌਰਾਨ ਗੁੰਡਾ ਟੈਕਸ ਵਸੂਲੇ ਜਾਣ ਸਬੰਧੀ ਦੋ ਵੱਡੀਆਂ ਕੰਪਨੀਆਂ ਵੱਲੋਂ ਲਗਾਏ ਦੋਸ਼ਾਂ ਦੀ ਸੀ.ਬੀ.ਆਈ. ਜਾਂ ਹਾਈ ਕੋਰਟ ਦੇ ਕਿਸੇ ਮੌਜੂਦਾ ਜੱਜ ਕੋਲੋਂ ਜਾਂਚ ਕਰਵਾਉਣੀ ਸਮੇਂ ਦੀ ਮੰਗ ਹੈ। ਉਨ੍ਹਾਂ ਕਿਹਾ ਕਿ ਮੈਸਰਜ਼ ਸੈਮ (ਇੰਡੀਆ) ਅਤੇ ਆਰ.ਐਮ.ਸੀ. ਪਲਾਂਟ ਦੇ ਮਾਲਕ ਅਸ਼ੋਕ ਬਾਂਸਲ ਵੱਲੋਂ ਬਠਿੰਡਾ ਦੇ ਡਿਪਟੀ ਕਮਿਸ਼ਨਰ, ਐਸ.ਐਸ.ਪੀ. ਅਤੇ ਚੀਫ ਜਸਟਿਸ ਨੂੰ ਭੇਜੀਆਂ ਸ਼ਿਕਾਇਤਾਂ ਅਨੁਸਾਰ ਗੁੰਡਾ ਟੈਕਸ ਵਸੂਲ ਰਹੇ ਮਾਫੀਆ, ਕਾਂਗਰਸ ਅਤੇ ਅਕਾਲੀ ਦਲ ਨਾਲ ਸਬੰਧਿਤ ਆਗੂਆਂ ਵਿਚਾਲੇ ਡੂੰਘੀ ਗੰਢ-ਤੁੱਪ ਹੈ। ਇਸ ਮੌਕੇ ਸ੍ਰੀ ਖਹਿਰਾ ਨੇ ਕਈ ਸਿਆਸੀ ਆਗੂਆਂ 'ਤੇ ਗੁੰਡਾ ਟੈਕਸ ਵਸੂਲਣ ਦੇ ਦੋਸ਼ ਲਾਏ। ਉਨ੍ਹਾਂ ਦਾਅਵਾ ਕੀਤਾ ਕਿ ਉਨ੍ਹਾਂ ਕੋਲ ਪੁਖ਼ਤਾ ਰਿਪੋਰਟ ਹੈ ਕਿ ਰਣਇੰਦਰ ਸਿੰਘ ਟਿੱਕੂ ਨੇ ਨਿਰਮਾਣ ਸਮੱਗਰੀ ਮੁਹੱਈਆ ਕਰਵਾਉਣ ਦਾ ਕੰਮ ਆਪਣੇ ਇੱਕ ਨਜ਼ਦੀਕੀ ਨੂੰ ਦੇ ਕੇ ਕੰਪਨੀ ਦੇ ਅਧਿਕਾਰੀਆਂ 'ਤੇ ਦਬਾਅ ਬਣਾਇਆ ਸੀ।



# ਵਿਸ਼ੇਸ਼ ਜਾਂਚ ਟੀਮ ਨੇ ਚੱਢਾ ਦੇ ਪੁੱਤਰ ਅਤੇ ਦੋ ਔਰਤਾਂ ਸਮੇਤ 9 ਵਿਅਕਤੀ ਕੀਤੇ ਕਾਬੂ

**ਅੰਮ੍ਰਿਤਸਰ/ਬਿਊਰੋ ਨਿਊਜ਼,** ਚੀਫ ਖਾਲਸਾ ਦੀਵਾਨ ਦੇ ਸਾਬਕਾ ਆਗੂ ਚਰਨਜੀਤ ਸਿੰਘ ਚੱਢਾ ਦੀ ਇਤਰਾਜ਼ਯੋਗ ਵੀਡੀਓ, ਉਸ ਦੀ ਬਲੈਕਮੇਲਿੰਗ, ਉਸ ਦੇ ਬੇਟੇ ਇੰਦਰਪ੍ਰੀਤ ਸਿੰਘ ਚੱਢਾ ਦੀ ਖ਼ੁਦਕੁਸ਼ੀ ਦੇ ਮਾਮਲੇ ਅਤੇ ਸਬੰਧਤ ਔਰਤ ਵਲੋਂ ਲਾਏ ਸ਼ੋਸ਼ਣ ਦੇ ਦੋਸ਼ਾਂ ਸਬੰਧੀ ਜਾਂਚ ਕਰ ਰਹੀ ਵਿਸ਼ੇਸ਼ ਜਾਂਚ ਟੀਮ (ਸਿੱਟ) ਨੇ ਇਸ ਸਮੁੱਚੇ ਮਾਮਲੇ ਵਿਚ ਨੌਂ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਨ੍ਹਾਂ ਮੁਲਜ਼ਮਾਂ ਨੂੰ ਬੁੱਧਵਾਰ ਨੂੰ ਇਥੇ ਅਦਾਲਤ ਵਿਚ ਪੇਸ਼ ਕੀਤਾ ਜਾਵੇਗਾ। ਪੁਲੀਸ ਦੇ ਵਧੀਕ ਡਿਪਟੀ ਕਮਿਸ਼ਨਰ (ਏਡੀਸੀਪੀ) ਲਖਬੀਰ ਸਿੰਘ ਨੇ ਦੱਸਿਆ ਕਿ ਮੁਲਜ਼ਮਾਂ ਵਿਚ ਚਰਨਜੀਤ ਸਿੰਘ ਚੱਢਾ ਦਾ ਛੋਟਾ ਪੁੱਤਰ ਹਰਜੀਤ ਸਿੰਘ ਚੱਢਾ, ਰਵਿੰਦਰ ਕੌਰ ਬਮਰਾ (ਪ੍ਰਿੰਸੀਪਲ), ਉਸ ਦਾ ਪਤੀ ਵਰੁਣਦੀਪ ਸਿੰਘ, ਸੁਰਜੀਤ ਸਿੰਘ, ਵਿਜੈ ਉਮਤ, ਗੁਰਸੇਵਕ ਸਿੰਘ, ਇੰਦਰਪ੍ਰੀਤ ਸਿੰਘ ਅਨੰਦ, ਦਵਿੰਦਰ ਸੰਧੂ ਅਤੇ ਇਕ ਹੋਰ ਔਰਤ ਕੇ. ਘੁੰਮਣ ਸ਼ਾਮਲ ਹਨ। ਇਨ੍ਹਾਂ ਨੂੰ ਸਿੱਟ ਨੇ ਅੱਜ ਜਾਂਚ ਲਈ ਤਲਬ ਕੀਤਾ ਸੀ ਤੇ ਬਾਅਦ ਵਿੱਚ ਇਨ੍ਹਾਂ ਨੂੰ ਗ੍ਰਿਫ਼ਤਾਰ ਕਰ ਕੇ ਅੰਮ੍ਰਿਤਸਰ ਪੁਲੀਸ ਹਵਾਲੇ ਕਰ ਦਿੱਤਾ। ਇਸ ਸਮੁੱਚੇ ਚੱਢਾ ਮਾਮਲੇ ਵਿਚ ਸਰਕਾਰ ਨੇ ਆਈਜੀ ਕਰਾਇਮ ਐਲ.ਕੇ. ਯਾਦਵ ਦੀ ਅਗਵਾਈ ਹੇਠ ਸਿੱਟ ਦਾ ਗਠਨ ਕੀਤਾ ਸੀ, ਜਿਸ ਵਲੋਂ ਮਹੀਨੇ ਭਰ ਤੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਸੀ। ਗ਼ੌਰਤਲਬ ਹੈ ਕਿ ਚਰਨਜੀਤ ਸਿੰਘ ਚੱਢਾ ਦੀ ਇਕ ਇਤਰਾਜ਼ਯੋਗ ਵੀਡਿਓ ਪਿਛਲੇ ਵਰ੍ਹੇ ਦਸੰਬਰ ਦੇ ਅਖੀਰਲੇ ਦਿਨਾਂ ਵਿਚ



ਵਾਇਰਲ ਹੋਈ ਸੀ, ਜਿਸ ਕਾਰਨ ਸਿੱਖ ਜਗਤ ਵਿਚ ਨਵਾਂ ਵਿਵਾਦ ਛਿੜ ਗਿਆ ਸੀ। ਵੀਡਿਓ ਵਿਚ ਦਿਖਾਈ ਦਿੰਦੀ ਔਰਤ ਨੇ ਚੱਢਾ 'ਤੇ ਸ਼ੋਸ਼ਣ ਦੇ ਦੋਸ਼ ਲਾਏ ਸਨ। ਉਸ ਦੀ ਸ਼ਿਕਾਇਤ ਦੇ ਆਧਾਰ 'ਤੇ ਪੁਲੀਸ ਨੇ ਚੱਢਾ ਤੇ ਉਸ ਦੇ ਬੇਟੇ ਇੰਦਰਪ੍ਰੀਤ ਸਿੰਘ ਚੱਢਾ ਨੂੰ ਨਾਮਜ਼ਦ ਕੀਤਾ ਸੀ ਪਰ 3 ਜਨਵਰੀ ਨੂੰ ਚੱਢਾ ਦੇ ਬੇਟੇ ਇੰਦਰਪ੍ਰੀਤ ਨੇ ਗੋਲੀ ਮਾਰ ਕੇ ਖ਼ੁਦਕੁਸ਼ੀ ਕਰ ਲਈ। ਉਸ ਦੇ ਖ਼ੁਦਕੁਸ਼ੀ ਨੋਟ ਅਤੇ ਉਸ ਦੇ ਬੇਟੇ ਦੇ ਬਿਆਨਾਂ 'ਤੇ ਪੁਲੀਸ ਨੇ 11 ਵਿਅਕਤੀਆਂ ਨੂੰ ਨਾਮਜ਼ਦ ਕੀਤਾ ਸੀ, ਜਿਨ੍ਹਾਂ ਵਿਚ ਸੋਸ਼ਣ ਦਾ ਦੋਸ਼ ਲਾਉਣ ਵਾਲੀ ਔਰਤ ਅਤੇ ਚੀਫ ਖਾਲਸਾ ਦੀਵਾਨ ਦੇ ਕੁਝ ਆਗੂ ਵੀ ਸ਼ਾਮਲ ਸਨ। ਪਹਿਲਾਂ ਚੱਢਾ ਦੀ ਸ਼ਿਕਾਇਤ 'ਤੇ ਜਲੰਧਰ ਪੁਲੀਸ ਨੇ ਤਿੰਨ ਵਿਅਕਤੀਆਂ ਨੂੰ ਉਸ ਨੂੰ ਬਲੈਕਮੇਲ ਕਰਨ ਦੇ ਦੋਸ਼ ਹੇਠ ਕਾਬੂ ਕੀਤਾ ਸੀ।

# ਬਠਿੰਡਾ ਤੋਂ ਜੰਮੂ ਹਵਾਈ ਸੇਵਾ ਸ਼ੁਰੂ, ਹਰਸਿਮਰਤ ਕੌਰ ਬਾਦਲ ਨੇ ਦਿਖਾਈ ਹਰੀ ਝੰਡੀ

**ਬਠਿੰਡਾ/ਬਿਊਰੋ ਨਿਊਜ਼:** ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਬਠਿੰਡਾ ਦੇ ਹਵਾਈ ਅੱਡੇ ਤੋਂ ਬਠਿੰਡਾ-ਜੰਮੂ ਦੀ ਪਹਿਲੀ ਉਡਾਣ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ। ਇਸ ਮੌਕੇ ਬੀਬੀ ਬਾਦਲ ਨੇ ਐਲਾਨ ਕੀਤਾ ਕਿ ਜਲਦੀ ਹੀ ਬਠਿੰਡਾ ਤੋਂ ਹਜ਼ੂਰ ਸਾਹਿਬ ਲਈ ਹਵਾਈ ਉਡਾਣ ਸ਼ੁਰੂ ਕੀਤੀ ਜਾਵੇਗੀ ਤਾਂ ਜੋ ਸ਼ਰਧਾਲੂਆਂ ਨੂੰ ਵੱਡੀ ਸਹੂਲਤ ਮਿਲ ਸਕੇ। ਹਵਾਈ ਸੇਵਾ ਦੇ ਵਿਸਥਾਰ ਨਾਲ ਬਠਿੰਡਾ ਖ਼ਿੱਤੇ ਨੂੰ ਸੈਰ-ਸਪਾਟੇ ਵਜੋਂ ਹੁਲਾਰਾ ਮਿਲੇਗਾ ਅਤੇ ਵਪਾਰ ਵਿੱਚ ਵੀ ਵਾਧਾ ਹੋਵੇਗਾ। ਉਨ੍ਹਾਂ ਆਖਿਆ ਕਿ ਬਠਿੰਡਾ-ਜੰਮੂ ਉਡਾਣ ਦੇ ਸ਼ੁਰੂ ਹੋਣ ਨਾਲ ਮਾਤਾ ਵੈਸ਼ਨੋ ਦੇਵੀ ਦੇ ਦਰਸ਼ਨਾਂ ਲਈ ਇਕੱਲੇ ਮਾਲਵੇ ਖ਼ਿੱਤੇ ਦੇ ਹਿੰਦੂ ਭਾਈਚਾਰੇ ਨੂੰ ਨਹੀਂ ਬਲਕਿ ਹਰਿਆਣਾ ਤੇ ਰਾਜਸਥਾਨ ਦੇ ਸ਼ਰਧਾਲੂਆਂ ਨੂੰ ਵੀ ਸਹੂਲਤ ਮਿਲੇਗੀ। ਬਠਿੰਡਾ-ਜੰਮੂ ਦੀ ਪਹਿਲੀ ਉਡਾਣ ਵਿੱਚ ਜਹਾਜ਼ ਬਠਿੰਡਾ ਤੋਂ 36 ਯਾਤਰੀ ਲੈ ਕੇ ਰਵਾਨਾ ਹੋਇਆ ਜਦੋਂ ਕਿ ਜੰਮੂ ਤੋਂ ਬਠਿੰਡਾ ਲਈ 17 ਯਾਤਰੀ ਪੁੱਜੇ। ਜੰਮੂ ਤੋਂ ਚੱਲਿਆ ਜਹਾਜ਼ ਠੀਕ 10:20 ਵਜੇ ਬਠਿੰਡਾ ਵਿੱਚ ਉਤਰਿਆ। ਅਲਾਇਸ਼ ਏਅਰਲਾਈਨਜ਼ ਦੇ 70 ਸੀਟਾਂ ਵਾਲੇ ਜਹਾਜ਼ ਨੇ ਬਠਿੰਡਾ ਤੋਂ ਜਦੋਂ ਪਹਿਲੀ ਉਡਾਣ ਭਰੀ ਤਾਂ ਉਦੋਂ ਕਾਂਗਰਸ ਸਰਕਾਰ ਦਾ ਕੋਈ ਵੀ ਆਗੂ ਹਾਜ਼ਰ ਨਹੀਂ ਸੀ। ਸ਼ਹਿਰੀ ਹਵਾਬਾਜ਼ੀ ਵਿਭਾਗ ਦੇ ਡਾਇਰੈਕਟਰ ਕੈਪਟਨ ਅਭੈ ਚੰਦਰਾ ਆਪਣੇ ਵਿਭਾਗ ਵੱਲੋਂ ਮੌਕੇ 'ਤੇ ਮੌਜੂਦ ਸਨ ਅਤੇ ਉਹ ਫ਼ੌਰੀ ਵਾਪਸ ਚਲੇ ਗਏ। ਬਠਿੰਡਾ-ਜੰਮੂ ਉਡਾਣ ਰੋਜ਼ਾਨਾ ਚੱਲੇਗੀ। ਡਿਪਟੀ ਕਮਿਸ਼ਨਰ ਦੀਪਰਵਾ ਲਾਕਰਾ ਵੀ ਇਸ ਮੌਕੇ ਹਾਜ਼ਰ ਸਨ। ਦੱਸਣਯੋਗ ਹੈ ਕਿ ਬਠਿੰਡਾ-ਦਿੱਲੀ ਉਡਾਣ ਦੀ ਸ਼ੁਰੂਆਤ ਵੀ ਅਕਾਲੀ ਸਰਕਾਰ ਨੇ ਚੋਣਾਂ ਤੋਂ ਐਨ ਪਹਿਲਾਂ ਕਰਵਾਈ ਸੀ। ਕੇਂਦਰੀ ਮੰਤਰੀ ਬੀਬੀ ਬਾਦਲ ਨੇ ਮੌਕਾ ਖੁੰਝਣ ਨਹੀਂ ਦਿੱਤਾ। ਇਸ ਮੌਕੇ ਉਨ੍ਹਾਂ ਆਖਿਆ ਕਿ ਬਠਿੰਡਾ ਤੋਂ ਜੰਮੂ ਦਾ 15 ਘੰਟੇ ਦਾ ਸਫ਼ਰ ਹੁਣ ਇੱਕ ਘੰਟੇ ਦਾ ਰਹਿ ਗਿਆ ਹੈ ਅਤੇ ਹਵਾਈ ਟਿਕਟ ਸਿਰਫ਼ 1295 ਰੁਪਏ ਦੀ ਪਵੇਗੀ। ਉਨ੍ਹਾਂ ਆਖਿਆ ਕਿ ਮਾਲਵਾ ਖ਼ਿੱਤੇ ਲਈ ਇਹ ਉਡਾਣ ਇੱਕ ਤੋਹਫ਼ਾ ਹੈ। ਸੂਤਰ ਦੱਸਦੇ ਹਨ ਕਿ ਏਅਰ ਇੰਡੀਆ ਵੱਲੋਂ 8 ਮਾਰਚ ਨੂੰ ਪਠਾਨਕੋਟ-ਦਿੱਲੀ ਉਡਾਣ ਸ਼ੁਰੂ ਕੀਤੀ ਜਾ ਰਹੀ ਹੈ ਜਦੋਂਕਿ ਲੁਧਿਆਣਾ ਪਹਿਲਾਂ ਹੀ ਸ਼ੁਰੂ ਹੋ ਚੁੱਕੀ ਹੈ।

# ਉੱਘੀ ਅਦਾਕਾਰਾ ਸ੍ਰੀਦੇਵੀ ਦੀ ਮੌਤ ਬਣੀ ਭੇਦ

## *ਪਹਿਲਾਂ ਕਿਹਾ ਦਿਲ ਦਾ ਦੌਰਾ ਹੁਣ ਕਹਿੰਦੇ ਬਾਥ ਟੱਬ ਵਿੱਚ ਡੁੱਬਣ ਕਾਰਨ ਵਾਪਰਿਆ ਦੁਖਾਂਤ*

**ਦੁਬਈ/ਬਿਊਰੋ ਨਿਊਜ਼,** ਬਾਲੀਵੁੱਡ ਅਦਾਕਾਰਾ ਸ੍ਰੀਦੇਵੀ ਦੀ ਮੌਤ ਦੀ ਘਟਨਾ ਨੂੰ ਨਵਾਂ ਮੋੜ ਦਿੰਦਿਆਂ ਸੰਯੁਕਤ ਅਰਬ ਅਮੀਰਾਤ (ਯੂਏਈ) ਸਰਕਾਰ ਨੇ ਅੱਜ ਕਿਹਾ ਕਿ 54 ਸਾਲਾ ਅਦਾਕਾਰਾ ਦੀ ਮੌਤ ਬੇਹੋਸ਼ੀ ਦੇ ਆਲਮ ਵਿੱਚ ਬਾਥ ਟੱਬ ਵਿੱਚ ਡੁੱਬ ਜਾਣ ਕਾਰਨ ਹੋਈ ਹੈ। ਇਹ ਜਾਣਕਾਰੀ ਦੁਬਈ ਪੁਲੀਸ ਨੇ ਆਪਣੇ ਅਧਿਕਾਰਤ ਟਵਿੱਟਰ ਹੈਂਡਲ ਉਤੇ ਦਿੱਤੀ ਹੈ। ਪੁਲੀਸ ਨੇ ਕਿਹਾ ਕਿ ਇਸ ਕਾਰਨ ਕੇਸ ਦੀ ਜਾਂਚ 'ਦੁਬਈ ਪਬਲਿਕ ਪ੍ਰਾਸੀਕਿਊਸ਼ਨ' ਹਵਾਲੇ ਕਰ ਦਿੱਤੀ ਗਈ ਹੈ, ਜਿਸ ਦੇ ਸਿੱਟੇ ਵਜੋਂ ਲਾਸ਼ ਨੂੰ ਭਾਰਤ ਲਿਆਉਣ ਦੀ



ਕਾਰਵਾਈ ਵਿੱਚ ਦੇਰ ਹੋ ਸਕਦੀ ਹੈ। ਯੂਏਈ ਸਰਕਾਰ ਦੇ ਮੀਡੀਆ ਦਫ਼ਤਰ ਨੇ ਆਪਣੀ ਟਵੀਟ ਵਿੱਚ ਕਿਹਾ, "ਪੋਸਟਮਾਰਟਮ ਮੁਕੰਮਲ ਹੋਣ ਤੋਂ ਬਾਅਦ ਦੁਬਈ ਪੁਲੀਸ ਹੈੱਡਕੁਆਰਟਰ ਨੇ ਅੱਜ ਦੱਸਿਆ ਕਿ ਭਾਰਤੀ ਅਦਾਕਾਰਾ ਸ੍ਰੀਦੇਵੀ ਦੀ ਮੌਤ ਆਪਣੇ ਹੋਟਲ ਦੇ ਕਮਰੇ ਵਿੱਚ ਬੇਹੋਸ਼ੀ ਕਾਰਨ ਬਾਥ ਟੱਬ ਵਿੱਚ ਡੁੱਬ ਜਾਣ ਕਾਰਨ ਹੋਈ ਹੈ।" ਹਾਲੇ ਇਹ ਸਾਫ਼ ਨਹੀਂ ਹੋ ਸਕਿਆ ਕਿ ਬੇਹੋਸ਼ ਹੋਣ ਦਾ ਕੀ ਕਾਰਨ ਸੀ ਤੇ ਕੀ ਅਦਾਕਾਰਾ ਨੂੰ ਦਿਲ ਦਾ ਦੌਰਾ ਪੈਣ ਦੀ ਪਹਿਲੀ ਰਿਪੋਰਟ ਕਿਥੇ ਖੜ੍ਹੀ ਹੈ। ਅਜਿਹੀਆਂ ਰਿਪੋਰਟਾਂ ਕਾਰਨ ਅਦਾਕਾਰਾ ਦੀ ਮੌਤ ਸਬੰਧੀ ਪਹਿਲਾਂ ਹੀ ਬਣਿਆ ਭੇਤ ਗਹਿਰਾ ਗਿਆ ਹੈ। ਭਾਰਤੀ ਫਿਲਮ ਸਨਅਤ ਦੀ ਪਹਿਲੀ ਮਹਿਲਾ ਸੁਪਰਸਟਾਰ ਮੰਨੀ ਜਾਂਦੀ ਸ੍ਰੀਦੇਵੀ (54) ਦੀ ਸ਼ਨਿੱਚਰਵਾਰ ਰਾਤ ਨੂੰ ਮੌਤ ਹੋ ਗਈ ਸੀ। ਇਕ ਅਖ਼ਬਾਰ ਮੁਤਾਬਕ ਜਦੋਂ ਘਟਨਾ ਵਾਪਰੀ, ਉਹ ਰਾਤ ਦੇ ਖਾਣੇ 'ਤੇ ਆਉਣ ਲਈ ਤਿਆਰ ਹੋ ਰਹੀ ਸੀ। ਦੁਬਈ ਆਧਾਰਤ ਰੋਜ਼ਨਾਮਾ 'ਗਲਫ਼ ਨਿਊਜ਼' ਨੇ ਆਪਣੀ ਰਿਪੋਰਟ ਵਿੱਚ ਲਿਖਿਆ ਹੈ ਕਿ ਅਦਾਕਾਰਾ ਨੇ ਉਸ ਵਕਤ ਸ਼ਰਾਬ ਪੀਤੀ ਹੋਈ ਸੀ। ਉਹ ਬਾਥ ਟੱਬ ਵਿੱਚ ਡਿੱਗ ਕੇ ਡੁੱਬ ਗਈ। ਇਸ ਨਾਲ ਯੂਏਈ (ਸੰਯੁਕਤ ਅਰਬ ਅਮੀਰਾਤ) ਸਰਕਾਰ ਦੀ ਫੋਰੈਂਸਿਕ ਰਿਪੋਰਟ ਵੀ ਦਿੱਤੀ ਗਈ ਹੈ, ਜਿਸ ਵਿੱਚ ਮੌਤ ਦਾ ਕਾਰਨ 'ਅਚਾਨਕ ਡੁੱਬਣਾ' ਲਿਖਿਆ ਗਿਆ ਹੈ। ਇਸ 'ਤੇ ਯੂਏਈ ਦੇ ਸਿਹਤ ਮੰਤਰਾਲੇ ਦੀ ਮੋਹਰ ਲੱਗੀ ਹੋਈ ਹੈ। ਇਸ 'ਤੇ ਉਸ ਦਾ ਪੂਰਾ ਨਾਂ 'ਸ੍ਰੀਦੇਵੀ ਬੋਨੀ ਕਪੂਰ ਅਈਅੱਪਨ' ਤੇ ਹੋਰ ਵੇਰਵੇ ਵੀ ਲਿਖੇ ਹਨ। ਇਸ ਦੌਰਾਨ ਸ੍ਰੀਦੇਵੀ ਦਾ ਪਰਿਵਾਰ ਤੇ ਭਾਰਤੀ ਅਧਿਕਾਰੀ ਅੱਜ ਯੂਏਈ ਅਧਿਕਾਰੀਆਂ ਤੋਂ ਉਸ ਦੀ ਮੌਤ ਨਾਲ ਸਬੰਧਤ ਦਸਤਾਵੇਜ਼ਾਂ ਦੀ ਉਡੀਕ ਕਰਦੇ ਰਹੇ, ਪਰ ਖ਼ਬਰ ਲਿਖੇ ਜਾਣ ਤੱਕ ਉਨ੍ਹਾਂ ਨੂੰ ਦਸਤਾਵੇਜ਼ ਨਹੀਂ ਸਨ ਮਿਲੇ। ਇਸ ਕਾਰਨ ਉਸ ਦੀ ਲਾਸ਼ ਨੂੰ ਭਾਰਤ ਲਿਆਉਣ ਵਿੱਚ ਵੀ ਦੇਰੀ ਹੋ ਗਈ। ਇਥੇ ਸਥਿਤ ਭਾਰਤੀ ਕੌਂਸਲਖ਼ਾਨੇ ਦੇ ਇਕ ਅਧਿਕਾਰੀ ਨੇ ਕਿਹਾ, "ਸਾਨੂੰ ਮ੍ਰਿਤਕ ਦੇਹ ਲਿਜਾਣ ਤੋਂ ਪਹਿਲਾਂ ਫੋਰੈਂਸਿਕ ਸਰਟੀਫਿਕੇਟ, ਮੌਤ ਦੇ ਸਰਟੀਫਿਕੇਟ ਅਤੇ ਲਾਸ਼ ਨੂੰ ਲੇਪ ਲਾਉਣ ਸਬੰਧੀ ਸਰਟੀਫਿਕੇਟ ਦੀ ਲੋੜ ਹੈ।"




# ਕੌਣ ਹੁੰਦੇ ਨੇ ਨਿਹੰਗ ਸਿੰਘ

ਡਾ. ਗੁਰਮੁਖ ਸਿੰਘ





ਅਠਾਰਵੀਂ ਸਦੀ ਵਿਚ ਮੁਗਲ ਸਿੰਘ ਸੰਘਰਸ਼ ਵਿਚ ਨਿਹੰਗ ਸਿੰਘ ਦਾ ਰੋਲ ਬਹੁਤ ਅਹਿਮ ਸੀ, ਕਿਉਂਕਿ ਇਹਨਾਂ ਮਰਜੀਵੜਿਆਂ ਨੇ ਸੀਸ ਤਲੀ 'ਤੇ ਧਰ ਕੇ ਧਰਮ ਦੀ ਖਾਤਰ ਕੁਰਬਾਨੀਆਂ ਕਰਦਿਆਂ ਮੁਗਲ ਰਾਜ ਨੂੰ ਭਾਰੀ ਸੱਟਾਂ ਮਾਰੀਆਂ। ਪੰਜਾਬ ਵਿੱਚੋਂ ਉਹਨਾਂ ਦਾ ਰਾਜ ਭਾਗ ਖ਼ਤਮ ਕਰ ਦਿੱਤਾ, ਖਾਲਸਾ ਰਾਜ ਦੀ ਸਥਾਪਤੀ ਤੇ ਉਸ ਨੂੰ ਕਾਇਮ ਰੱਖਣ ਵਿਚ ਨਿਹੰਗ ਸਿੰਘਾਂ ਦੀ ਦੇਣ ਅਤਿਅੰਤ ਮਹੱਤਵਪੂਰਨ ਹੈ। ਨਿਹੰਗ ਸ਼ਬਦ ਦੀ ਸਿਰਜਣਾ ਸੰਸਕ੍ਰਿਤ ਸ਼ਬਦ ਨਿਹਸੰਕ ਤੋਂ ਹੋਈ ਮੰਨਣੀ ਜ਼ਿਆਦਾ ਠੀਕ ਹੈ ਤੇ ਢੁੱਕਵੀਂ ਹੈ, ਕਿਉਂਕਿ ਅਠਾਰਵੀਂ ਸਦੀ ਵਿਚ ਨਿਹੰਗ ਦਾ ਰੂਪ, ਸੁਭਾਅ ਤੇ ਕਰਤੱਵ ਪਾਲਣ ਦੀ ਬਿਰਤੀ ਇਨ੍ਹਾਂ ਅਰਥਾਂ ਨੂੰ ਸਿੱਧ ਕਰਦੀ ਹੈ। ਗੁਰੂ ਅਰਜਨ ਦੇਵ ਜੀ ਨੇ ਵੀ ਇਸ ਸ਼ਬਦ ਦਾ ਪ੍ਰਯੋਗ ਕੀਤਾ ਹੈ :

ਨਿਰਭਉ ਹੋਇਓ ਭਇਆ ਨਿਹੰਗਾ।

ਭਾਈ ਰਤਨ ਸਿੰਘ ਭੰਗੂ ਨੇ ਵੀ ਨਿਹੰਗ ਦੀ ਪਰਿਭਾਸ਼ਾ ਦਿੰਦਿਆਂ ਉਸ ਨੂੰ ਨਿਰਲੇਪ ਹੀ ਮੰਨਿਆ ਹੈ :

ਨਿਹੰਗ ਕਹਾਵੈ ਸੋ ਪੁਰਸ਼<br>ਦੁਖੁ ਸੁਖ ਮੰਨੇ ਨਾ ਅੰਗ।

ਭਾਈ ਕਾਨ੍ਹ ਸਿੰਘ ਨਾਭਾ ਨੇ ਨਿਹੰਗਾਂ ਬਾਰੇ ਲਿਖਿਆ ਹੈ, "ਸਿੰਘਾਂ ਦਾ ਇੱਕ ਫਿਰਕਾ ਜੋ ਸੀਸ ਪਰ ਫਰਹਰੇ ਵਾਲਾ ਉੱਚ ਦੁਮਾਲਾ, ਚੱਕਰ, ਤੋੜਾ, ਖੰਡਾ, ਕ੍ਰਿਪਾਨ, ਗਜਗਾਹ ਆਦਿ। ਸ਼ਸਤਰ ਅਰ ਨੀਲਾ ਥਾਣਾ ਪਹਿਨਦਾ ਹੈ। ਨਿਹੰਗ ਸਿੰਘ ਮਰਣ ਦੀ ਸ਼ੰਕਾ ਤਿਆਗ ਕੇ ਹਰ ਵੇਲੇ ਸ਼ਹੀਦੀ ਪਾਉਣ ਨੂੰ ਤਿਆਰ ਅਤੇ ਮਾਇਆ ਤੋਂ ਨਿਰਲੇਪ ਰਹਿੰਦਾ ਹੈ, ਜਿਸ ਲਈ ਇਹ ਨਾਮ ਹੈ।"

ਨਿਹੰਗ ਸਿੰਘ ਦਾ ਦਲ ਹੋਂਦ ਵਿਚ ਕਿਵੇਂ ਆਇਆ ? ਇੱਕ ਪਰੰਪਰਾ ਅਨੁਸਾਰ ਕਲਗੀਧਰ ਪਾਤਸ਼ਾਹ ਆਨੰਦਪੁਰ ਸਾਹਿਬ ਵਿਖੇ ਦਰਬਾਰ ਲਗਾਈ ਸਿੰਘਾਂ ਨਾਲ ਬਚਨ ਬਿਲਾਸ ਕਰ ਰਹੇ ਸਨ ਕਿ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਜੀ ਉੱਚ ਦੁਮਾਲਾ ਤੇ ਨੀਲਾ ਬਾਣਾ ਸਜਾ ਕੇ ਉਨ੍ਹਾਂ ਪਾਸ ਆਏ। ਮਹਾਰਾਜ ਉਹਨਾਂ ਦਾ ਅਨੋਖਾ ਥਾਣਾ ਦੇਖ ਕੇ ਕਹਿਣ ਲੱਗੇ, "ਨਿਹੰਗ ਸਿੰਘ ਤੇਰਾ ਪੰਥ ਚਲੇਗਾ।"

ਨਿਹੰਗਾਂ ਸਿੰਘਾਂ ਦਾ ਇਤਿਹਾਸ

ਕੁਝ ਇਤਿਹਾਸਕਾਰਾਂ ਦਾ ਕਹਿਣਾ ਹੈ ਕਿ ਮੁਗਲਾਂ ਦੀ ਇੱਕ ਵਿਸ਼ੇਸ਼ ਫ਼ੌਜ ਹੁੰਦੀ ਸੀ, ਜਿਸ ਨੂੰ "ਨਿਹੰਗ" ਆਖਿਆ ਜਾਂਦਾ ਸੀ। ਇਹ ਗਾਜ਼ੀ ਹੁੰਦੇ ਸਨ, ਜੋ ਨੀਲੇ ਬਸਤਰ ਪਹਿਨਦੇ ਸਨ। ਜਿੱਥੇ ਕੋਈ ਮੁਹਿੰਦੇ ਸਰ ਹੋਣ ਵਿਚ ਨਾ ਆਉਂਦੀ ਇਹਨਾਂ ਨੂੰ ਉੱਥੇ ਭੇਜਿਆ ਜਾਂਦਾ ਸੀ। ਇਹ ਆਤਮਘਾਤੀ ਦਸਤਾ ਹੁੰਦਾ ਸੀ, ਜੋ ਜਾਨ ਦੀ ਪ੍ਰਵਾਹ ਕੀਤੇ ਬਿਨਾਂ ਦੁਸ਼ਮਣ ਨੂੰ ਟੁੱਟ ਕੇ ਪੈ ਜਾਂਦਾ ਸੀ। ਨਿਹੰਗ ਸਿੰਘਾਂ ਦੀ ਸੰਪਰਦਾਇ ਇਹਨਾਂ ਵਰਗੀ ਸੀ। ਇਹਨਾਂ ਨੂੰ ਅਕਾਲੀ ਵੀ ਆਖਦੇ ਸਨ, ਕਿਉਂਕਿ ਇਹ ਹਰ ਵੇਲੇ "ਅਕਾਲ", "ਅਕਾਲ" ਦਾ ਜਾਪ ਕਰਦੇ ਰਹਿੰਦੇ ਸਨ। ਪ੍ਰਸਿੱਧ ਨਿਹੰਗ ਸਿੰਘ ਬਾਬਾ ਫੂਲਾ ਸਿੰਘ ਅਕਾਲੀ ਕਰਕੇ ਜਾਣਿਆ ਜਾਂਦਾ ਹੈ।

ਨਵਾਬ ਕਪੂਰ ਸਿੰਘ ਸਮੇਂ ਦਲ ਖਾਲਸਾ ਮੁੱਖ ਰੂਪ ਵਿਚ ਦੋ ਭਾਗਾਂ ਵਿਚ ਵੰਡਿਆ ਗਿਆ। ਚਾਲ੍ਹੀ ਵਰ੍ਹਿਆਂ ਤੋਂ ਘੱਟ ਵਾਲੇ ਇਸ ਦਲ ਵਿਚ ਸ਼ਾਮਲ ਕੀਤੇ ਗਏ, ਜਿਸ ਦਾ ਨਾਂ ਤਰੁਣਾ ਦਲ ਰਖਿਆ ਤੇ ਚਾਲ੍ਹੀ ਵਰ੍ਹਿਆਂ ਤੋਂ ਵੱਧ ਵਾਲੇ ਬੁੱਢਾ ਦਲ ਵਿਚ ਸ਼ਾਮਲ ਕੀਤੇ ਗਏ। ਤਰੁਣਾ ਦਲ ਜੰਗਾਂ ਯੁੱਧਾਂ ਵਿਚ ਚੜ੍ਹਾਈ ਕਰਕੇ ਖੰਡਾ ਖੜਕਾਉਂਦਾ ਤੇ ਬੁੱਢਾ ਦਲ ਬੀਬੀਆਂ, ਬਾਲ ਬੱਚਿਆਂ ਤੇ ਗੁਰਧਾਮਾਂ ਆਦਿ ਦੀ ਸੰਭਾਲ ਕਰਦਾ। ਇਉਂ ਇਹਨਾਂ ਨੇ ਆਪਣੇ-ਆਪਣੇ ਕਾਰਜ ਬਹੁਤ ਵਧੀਆ ਢੰਗ ਨਾਲ ਕਰਦਿਆਂ ਕੌਮ ਦੀ ਸੇਵਾ ਕੀਤੀ। ਨਵਾਬ ਕਪੂਰ ਸਿੰਘ ਨੇ ਤਰੁਣਾ ਦਲ ਨੂੰ ਪੰਜ ਜਥਿਆਂ ਵਿਚ ਵੰਡਿਆ :

1. ਜਥਾ ਸ਼ਹੀਦਾਂ : ਇਸ ਦੇ ਜਥੇਦਾਰ ਬਾਬਾ ਦੀਪ ਸਿੰਘ ਸ਼ਹੀਦ ਸਨ। ਉਨ੍ਹਾਂ ਦੇ ਨਾਲ ਨੱਥਾ ਸਿੰਘ ਤੇ ਗੁਰਬਖਸ਼ ਸਿੰਘ ਪ੍ਰਸਿੱਧ ਯੋਧੇ ਸਨ।

2. ਬਾਬਾ ਕਾਹਨ ਸਿੰਘ ਦਾ ਜਥਾ : ਇਸ ਦੇ ਜਥੇਦਾਰ ਬਾਬਾ ਕਾਹਨ ਸਿੰਘ ਤ੍ਰੇਹਣ ਸਨ, ਜਿਨ੍ਹਾਂ ਨਾਲ ਮੀਰੀ ਸਿੰਘ, ਹਰੀ ਸਿੰਘ ਢਿੱਲੋਂ ਤੇ ਬਾਬਾ ਬਾਘ ਸਿੰਘ ਹੱਲੇਵਾਲੀਆ ਸਨ।

3. ਜਥਾ ਅੰਮ੍ਰਿਤਸਰੀਆ-ਇਸ ਦੇ ਜਥੇਦਾਰ ਕਰਮ ਸਿੰਘ ਤੇ ਧਰਮ ਸਿੰਘ ਅੰਮ੍ਰਿਤਸਰੀਏ ਸਨ।

4. ਜਥਾ ਡੱਲੇਵਾਲੀਆ-ਇਸ ਦੇ ਜਥੇਦਾਰ ਦਸੌਂਧਾ ਸਿੰਘ ਕੱਟ ਬੁੱਢੇ ਦੇ ਸਨ।

5. ਰੰਘਰੇਟੇ ਸਿੰਘ ਦਾ ਜਥਾ-ਇਸ ਜਥੇ ਵਿਚ ਬਾਬਾ ਬੀਰ ਸਿੰਘ, ਜਿਉਣ ਸਿੰਘ, ਮਦਨ ਸਿੰਘ, ਅਮਰ ਸਿੰਘ ਆਦਿ ਸਰਦਾਰ ਸਨ।

ਸਮਾਂ ਪਾ ਕੇ ਇਹਨਾਂ ਦੀ ਗਿਣਤੀ 30 ਤੋਂ ਵੱਧ ਗਈ ਤੇ ਬਾਅਦ ਵਿਚ ਛੋਟੇ-ਛੋਟੇ 65 ਜਥੇ ਬਣ ਗਏ। ਇਹਨਾਂ ਸਾਰੇ ਜੱਥਿਆਂ ਨੇ ਸਰਦਾਰ ਦੱਲਾ ਸਿੰਘ ਆਹਲੂਵਾਲੀਆ ਦੀ ਸਿਰਦਾਰੀ ਸਵੀਕਾਰ ਕਰ ਲਈ ਤੇ ਉਹਨਾਂ ਨੇ 11 ਮਿਸਲਾਂ ਬਣਾ ਦਿੱਤੀਆਂ। ਬਾਰ੍ਹਵੀਂ ਮਿਸਲ ਫੂਲਕੀਆਂ ਬਾਬਾ ਆਲਾ ਸਿੰਘ ਨੇ ਖੜ੍ਹੀ ਕੀਤੀ।

ਮਿਸਲ ਕਾਲ ਵਿਚ ਸ਼ਹੀਦਾਂ ਜਾਂ ਨਿਹੰਗ ਸਿੰਘ ਨੇ ਮੁਗਲਾਂ ਨਾਲ ਪੂਰੇ ਤਾਣ ਲੋਹਾ ਲਿਆ। ਨਿਸ਼ਕਾਮ ਭਾਵ ਨਾਲ ਸਾਰੇ ਸਿੰਘਾਂ ਦੀ ਸੇਵਾ ਕੀਤੀ। ਸ਼ਹੀਦੀਆਂ ਪਾਈਆਂ। ਮਿਸਲਾਂ ਨੇ ਕਈ ਇਲਾਕੇ ਆਪਣੇ ਅਧੀਨ ਕਰ ਲਏ ਪਰ ਇਸ ਮਿਸਲ ਵਾਲਿਆਂ ਜਥੇਦਾਰਾਂ ਨੇ ਕੋਈ ਇਲਾਕਾ ਨਹੀਂ ਮੱਲਿਆ। ਇਹ ਸੁਤੰਤਰ ਵਿਚਰਦੇ ਰਹੇ ਤੇ ਜਿਥੇ ਕਿਤੇ ਮੁਗਲ ਨਾਲ ਟੱਕਰ ਹੁੰਦੀ ਇਹ ਮਦਦ ਲਈ ਪਹੁੰਚ ਜਾਂਦੇ। ਇਹ ਇਹਨਾਂ ਦੀ ਨਿਰਲੇਪਤਾ ਦਾ ਪ੍ਰਮਾਣ ਹੈ।

ਨਿਹੰਗ ਸਿੰਘ ਆਪਣਾ ਕੁਰਸੀਨਾਮਾ ਇਉਂ ਦੱਸਦੇ ਹਨ : ਬਾਬਾ ਬਿਨੋਦ ਸਿੰਘ - ਬਾਬਾ ਦਰਬਾਰਾ ਸਿੰਘ- ਨਵਾਬ ਕਪੂਰ ਸਿੰਘ - ਸਰਦਾਰ ਜੱਸਾ ਸਿੰਘ ਆਹਲੂਵਾਲੀਆ - ਬਾਬਾ ਨੈਣਾ ਸਿੰਘ - ਅਕਾਲੀ ਫੂਲਾ ਸਿੰਘ - ਬਾਬਾ ਹਨੂਮਾਨ ਸਿੰਘ - ਬਾਬਾ ਪ੍ਰਹਿਲਾਦ ਸਿੰਘ - ਬਾਬਾ ਗਿਆਨਾ ਸਿੰਘ - ਬਾਬਾ ਤੇਜਾ ਸਿੰਘ - ਬਾਬਾ ਸਾਹਿਬ ਸਿੰਘ ਕਲਾਧਾਰੀ - ਬਾਬਾ ਚੇਤ ਸਿੰਘ - ਬਾਬਾ ਸੰਤਾ ਸਿੰਘ।

ਸ਼ੇਰੇ ਪੰਜਾਬ ਤੇ ਨਿਹੰਗ ਸਿੰਘ

ਨਿਹੰਗ ਸਿੰਘ ਨੇ ਅਠਾਰ੍ਹਵੀਂ ਸਦੀ ਵਿਚ ਸਿੱਖ ਕੌਮ ਦੀ ਬਹੁਤ ਸੇਵਾ ਕੀਤੀ। ਅਤਿ ਕਸ਼ਟ ਦੇ ਸਮੇਂ ਵਿਚ ਇਹਨਾਂ ਨੇ ਸਿੱਖ ਵਿਰੋਧੀਆਂ ਤੇ ਮੁਗ਼ਲਾਂ ਨਾਲ ਲੋਹਾ ਲਿਆ, ਸ਼ਹੀਦੀਆਂ ਪਾਈਆਂ। ਨਾਮ ਸਿਮਰਨ ਕਰਦਿਆਂ ਗੁਰਬਾਣੀ ਦਾ ਪ੍ਰਚਾਰ ਕਰਦਿਆਂ ਸਿੱਖੀ ਕੇਸਾਂ ਸਵਾਸਾਂ ਸੰਗ ਨਿਭਾਈ। ਸਿੱਖ ਕੌਮ ਨੂੰ ਖ਼ਤਮ ਹੋਣ ਤੋਂ ਬਚਾਉਣ ਲਈ ਮੁਗਲਾਂ ਨੂੰ ਆਪਣੀ ਤੇਗ ਦੇ ਜਹੂਰ ਵਿਖਾਏ। ਉਹ ਮੁਗਲ ਜੋ ਕਹਿੰਦੇ ਸਨ, ਸਿੱਖਾਂ ਨੂੰ ਅਸਹਿ ਤੇ ਅਕਹਿ ਕਸ਼ਟ ਦੇ ਕੇ ਖ਼ਤਮ ਕਰ ਦੇਣਾ ਹੈ, ਉਹਨਾਂ ਦੇ ਰਾਜ ਭਾਗ ਦੀਆਂ ਜੜ੍ਹਾਂ ਪੁੱਟ ਦਿੱਤੀਆਂ। ਗੁਰੂ ਗੋਬਿੰਦ ਸਿੰਘ ਦੇ ਜੋਤੀ ਜੋਤਿ ਸਮਾਉਣ ਤੋਂ ਲੈ ਕੇ ਸਿੱਖ ਰਾਜ ਦੀ ਸਥਾਪਤੀ ਦੇ ਸਮੇਂ ਦੌਰਾਨ ਸਿੱਖਾਂ ਦੀ ਸਲਾਮਤੀ ਲਈ ਨਿਹੰਗ ਸਿੰਘਾਂ ਦਾ ਯੋਗਦਾਨ ਬਹੁਤ ਮੁੱਲਵਾਨ ਹੈ।

ਹਰਿਮੰਦਰ ਸਾਹਿਬ ਅੰਮ੍ਰਿਤਸਰ ਨਿਹੰਗ ਸਿੰਘਾਂ ਨੂੰ ਹੋਰ ਸਿੰਘਾਂ ਵਾਂਗੂੰ ਜਾਨ ਤੋਂ ਵੀ ਵੱਧ ਪਿਆਰਾ ਸੀ। ਅਹਿਮਦਸ਼ਾਹ ਅਬਦਾਲੀ ਸਿੱਖਾਂ ਨਾਲ ਲੜਦਿਆਂ 30 ਨਵੰਬਰ, 1764 ਈ. ਨੂੰ ਅੰਮ੍ਰਿਤਸਰ ਆ ਵੜਿਆ। ਉਹ ਆਪਣੀ ਫ਼ੌਜ ਸਮੇਤ ਦਰਬਾਰ ਸਾਹਿਬ ਵਿਚ ਦਾਖ਼ਲ ਹੋਇਆ। ਪਰਕਰਮਾ ਵਿਚਲੇ ਬੁੰਗਿਆਂ ਵਿਚ 30 ਸਿੰਘ ਨਿਕਲੇ ਤੇ ਤੀਹ ਹਜ਼ਾਰ ਅਫ਼ਗਾਨਾਂ ਤੇ ਬਾਰ੍ਹਾਂ ਹਜ਼ਾਰ ਬਲੋਚਾਂ ਦੀ ਫ਼ੌਜ ਨੂੰ ਟੁੱਟ ਕੇ ਪੈ ਗਏ। ਇਹਨਾਂ ਨੇ ਪੂਰੀ ਦਲੇਰੀ ਨਾਲ ਲੜਾਈ ਕੀਤੀ ਤੇ ਸ਼ਹੀਦੀ ਪਾਈ। ਇਹ ਭਾਈ ਗੁਰਬਖਸ਼ ਸਿੰਘ ਦਾ ਜੱਥਾ ਸੀ, ਜੋ ਪਹਿਲੀ ਦਸੰਬਰ, 1764 ਈ. ਨੂੰ ਦਰਬਾਰ ਸਾਹਿਬ ਦੀ ਰੱਖਿਆ ਲਈ ਸ਼ਹੀਦ ਹੋਇਆ।

ਗਿਆਨੀ ਸੋਹਨ ਸਿੰਘ ਸੀਤਲ ਨੇ ਇਸ ਘਟਨਾ ਬਾਰੇ ਲਿਖਿਆ ਹੈ ਕਿ ਸਰਦਾਰ ਗੁਰਬਖਸ਼ ਸਿੰਘ ਪਿੰਡ ਲੀਲ ਵਾਲੇ ਹਰਿਮੰਦਰ ਸਾਹਿਬ ਦੀ ਰਾਖੀ ਕਰ ਰਹੇ ਸਨ। ਆਪ ਨਾਲ ਬਹੁਤ ਥੋੜ੍ਹੇ ਜਿਹੇ ਸਾਥੀ ਸਨ। ਜਹਾਨ ਖਾਂ, ਜੋ ਅਬਦਾਲੀ ਦਾ ਨਾਇਬ ਤੇ ਸੈਨਾਪਤੀ ਸੀ, ਨੇ ਹਰਿਮੰਦਰ ਸਾਹਿਬ 'ਤੇ ਹਮਲਾ ਕਰ ਦਿੱਤਾ। ਸਰਦਾਰ ਗੁਰਬਖਸ਼ ਸਿੰਘ ਆਪਣੇ ਸਾਥੀਆਂ ਸਮੇਤ ਰਾਖੀ ਕਰਦਿਆਂ ਸ਼ਹੀਦੀ ਪਾ ਗਏ। ਜ਼ਾਲਮਾਂ ਨੇ ਹਰਿਮੰਦਰ ਦੀ ਇਮਾਰਤ ਢਾਹ ਦਿੱਤੀ, ਸਰੋਵਰ ਗੰਦ ਮੰਦ ਨਾਲ ਪੂਰ ਦਿੱਤਾ। ਜਦੋਂ ਬਾਬਾ ਦੀਪ ਸਿੰਘ ਜੀ ਨੂੰ ਇਸ ਦੀ ਖ਼ਬਰ ਮਿਲੀ, ਤਾਂ ਆਪਣੇ ਅੰਮ੍ਰਿਤਸਰ 'ਤੇ ਚੜ੍ਹਾਈ ਕਰ ਦਿੱਤੀ। ਇਹਨਾਂ ਨਾਲ ਰਾਹ ਵਿਚ ਸ਼ਾਮਲ ਹੁੰਦੇ ਗਏ। ਇਹ ਲੜਾਈ ਗੋਲਵੜ ਤੋਂ ਸ਼ੁਰੂ ਹੋਈ ਅਤੇ ਹਰਿਮੰਦਰ ਸਾਹਿਬ ਦੀਆਂ ਪਰਕਰਮਾ ਵਿਚ ਖ਼ਤਮ ਹੋਈ। ਬਾਬਾ ਜੀ ਸ਼ਹੀਦੀ ਪਾ ਗਏ। ਸਿੱਖਾਂ ਵਿਚ ਰਵਾਇਤ ਤੁਰੀ ਆ ਰਹੀ ਹੈ ਕਿ ਬਾਬਾ ਦੀਪ ਸਿੰਘ ਜੀ ਦਾ ਸੀਸ ਧੜ ਤੋਂ ਅਲੱਗ ਹੋ ਗਿਆ ਸੀ, ਪਰ ਆਪਣੇ ਸੀਸ ਤਲੀ 'ਤੇ ਧਰ ਲਿਆ। ਯੁੱਧ ਕਰਦਿਆਂ ਪ੍ਰਣ ਅਨੁਸਾਰ ਹਰਿਮੰਦਰ ਸਾਹਿਬ ਦੀਆਂ ਪਰਕਰਮਾ ਵਿਚ ਪ੍ਰਾਣ ਤਿਆਗੇ।

ਮਹਾਰਾਜਾ ਰਣਜੀਤ ਸਿੰਘ ਨੇ ਮਿਸਲਾਂ ਨੂੰ ਖ਼ਤਮ ਕਰਕੇ ਖਾਲਸਾ ਰਾਜ ਸਥਾਪਤ ਕਰ ਲਿਆ ਪਰ ਨਿਹੰਗਾਂ ਦੀ ਮਿਸਲ ਜਾਂ ਮਿਸਲ ਸ਼ਹੀਦਾਂ ਅਜ਼ਾਦ ਰਹੀ। ਅਕਾਲੀ ਫੂਲਾ ਸਿੰਘ ਨਿਹੰਗ ਬੜੇ ਦਲੇਰ ਯੋਧੇ ਸਨ। ਮਹਾਰਾਜੇ ਨੇ ਉਹਨਾਂ ਨੂੰ ਪਿਆਰ ਸਤਿਕਾਰ ਦੇ ਕੇ ਆਪਣੀ ਮਦਦ ਲਈ ਮਨਾ ਲਿਆ। ਨਿਹੰਗ ਸਿੰਘਾਂ ਦੀ ਫ਼ੌਜ ਨੂੰ ਅਕਾਲ ਰੈਜੀਮੈਂਟ ਨਾਂ ਦਿੱਤਾ ਗਿਆ। ਇਹ ਗ਼ੈਰ-ਆਇਨੀ ਫ਼ੌਜ ਸੀ। ਇਨ੍ਹਾਂ ਨੇ ਆਇਨੀ ਫ਼ੌਜ ਵਾਂਗੂੰ ਅੰਗਰੇਜ਼ ਅਫਸਰ ਤੋਂ ਕੋਈ ਟਰੇਨਿੰਗ ਨਹੀਂ ਲਈ, ਕਿਉਂਕਿ ਇਹਨਾਂ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਇਹ ਆਖ ਦਿੱਤਾ ਸੀ, "ਅਸੀਂ ਤੀਵੀਂਆਂ ਵਾਂਗੂੰ ਨੱਚਣ ਦੀ ਟ੍ਰੇਨਿੰਗ ਅੰਗਰੇਜ਼ਾਂ ਤੋਂ ਨਹੀਂ ਲੈਣੀ, ਸਾਨੂੰ ਜਦੋਂ ਬੇਨਤੀ ਕਰੋਂਗਾ, ਯੁੱਧ ਦੇ ਮੈਦਾਨ ਵਿਚ ਭੜਥੂ ਪਾ ਦਿਆਂਗੇ।" ਇਹਨਾਂ ਨੇ ਸਿੱਖ ਫ਼ੌਜ ਵਾਲੀ ਵਰਦੀ ਧਾਰਨ ਨਹੀਂ ਕੀਤੀ ਤੇ ਨਾ ਹੀ ਅੰਗਰੇਜ਼ਾਂ ਵਾਲੀ ਯੁੱਧ ਵਿਧੀ ਅਪਨਾਈ। ਆਪਨੇ ਨੀਲਾ ਥਾਣਾ, ਸ਼ਸਤਰ ਅਸਤਰ ਪਰੰਪਰਾਵਾਦੀ ਢੰਗ ਵਾਲੇ ਧਾਰਨ ਕੀਤੇ ਅਤੇ ਪੁਰਾਣੀ ਰਵਾਇਤੀ ਯੁੱਧ ਕਲਾ ਨੂੰ ਅਪਨਾ ਕੇ ਹਰ ਮੈਦਾਨ ਵਿਚ ਲੜੇ। ਇਹ ਸਿੱਖ ਫ਼ੌਜ ਦਾ ਆਤਮ-ਘਾਤੀ ਦਸਤਾ ਸੀ। ਅਕਾਲੀ ਜੀ ਨੇ ਕਈ ਮੁਹਿੰਮਾਂ ਵਿਚ ਹਿੱਸਾ ਲਿਆ। ਇੰਨੀ ਦਲੇਰੀ ਨਾਲ ਜੂਝੇ ਕੇ ਦੁਸ਼ਮਨ ਦੰਗ ਰਹਿ ਗਏ। ਮੁਲਤਾਨ ਦੀ ਲੜਾਈ, ਪਿਸ਼ਾਵਰ ਦੀ ਜੰਗ, ਕਸ਼ਮੀਰ ਦੀ ਜੰਗ, ਸੂਬਾ ਸਰਹੱਦ ਤੇ ਪਠਾਣਾਂ ਨਾਲ ਜੰਗਾਂ ਦੌਰਾਨ ਅਕਾਲ ਰੈਜੀਮੈਂਟ ਦੀ ਭੂਮਿਕਾ ਅਹਿਮ ਰਹੀ। ਨੌਸ਼ਹਿਰੇ ਦੀ ਭਿਆਨਕ ਜੰਗ ਵਿਚ ਅਕਾਲੀ ਫੂਲਾ ਸਿੰਘ ਸ਼ਹੀਦੀ ਪਾ ਗਏ।

ਅਕਾਲੀ ਫੂਲਾ ਸਿੰਘ ਤੇ ਉਨ੍ਹਾਂ ਦੇ ਸਾਥੀ ਪੰਜਾਬ ਸਰਕਾਰ ਇਸ ਵਿਚਾਰ ਦੇ ਖ਼ਿਲਾਫ਼ ਸਨ ਕਿ ਉਹ ਅੰਗਰੇਜ਼ਾਂ ਨਾਲ ਕੋਈ ਸੰਧੀ ਕਰੇ, ਪਰ ਮਹਾਰਾਜਾ ਰਣਜੀਤ ਸਿੰਘ ਉਹਨਾਂ ਨਾਲ ਸੁਖਾਵੇਂ ਸੰਬੰਧ ਕਾਇਮ ਰੱਖਣ ਦੇ ਹੱਕ ਵਿਚ ਸੀ। ਨਿਹੰਗ ਅੰਗਰੇਜ਼ ਅਫਸਰਾਂ ਜਾਂ ਕਰਿੰਦਿਆਂ ਦੇ ਜੀਵਨ ਲਈ ਹਮੇਸ਼ਾਂ ਖ਼ਤਰਾ ਸਨ। ਜਦੋਂ ਕਦੇ ਕੋਈ ਵੱਡਾ ਅੰਗਰੇਜ਼ ਅਧਿਕਾਰੀ ਜਾਂ ਸਿਆਸਤਦਾਨ ਪੰਜਾਬ ਦਾ ਦੌਰਾ ਕਰਦਾ, ਮਹਾਰਾਜੇ ਨੂੰ ਉਸ ਦੀ ਸੁਰੱਖਿਆ ਲਈ ਵਿਸ਼ੇਸ਼ ਪ੍ਰਬੰਧ ਕਰਨੇ ਪੈਂਦੇ ਸਨ। ਅਜਿਹੀਆਂ ਘਟਨਾਵਾਂ ਬਾਰੇ ਸੋਹਨ ਲਾਲ ਸੂਰੀ ਨੇ ਲਿਖਿਆ ਹੈ। ਇਸ ਬਾਰੇ ਖੁਸ਼ਵੰਤ ਸਿੰਘ ਨੇ ਲਿਖਿਆ ਹੈ ਕਿ ਜਦੋਂ ਮੈਟਕਾਫ ਮਹਾਰਾਜਾ ਰਣਜੀਤ ਸਿੰਘ ਨਾਲ ਖਾਲਸਾ ਰਾਜ ਦੀਆਂ ਸਰਹੱਦਾਂ ਬਾਰੇ ਵਿਚਾਰ ਕਰ ਰਿਹਾ ਸੀ, ਤਾਂ ਨਿਹੰਗਾਂ ਤੇ ਮੈਟਕਾਫ ਦੇ ਸੁਰੱਖਿਆ ਕਰਮੀਆਂ ਵਿਚਕਾਰ ਮੁੱਠਭੇੜ ਹੋਈ ਸੀ। ਸਮਕਾਲੀ ਸ੍ਰੋਤ ਵਿਚ ਉਸ ਨੇ ਵਿਸਤਾਰ ਸਹਿਤ ਉਦਾਹਰਨ ਦਿੱਤੀ ਹੈ। ਸੋ ਨਿਹੰਗ ਸਿੰਘ ਨੇ ਕਦੇ ਵੀ ਮਹਾਰਾਜਾ ਰਣਜੀਤ ਸਿੰਘ ਅਤੇ ਅੰਗਰੇਜ਼ਾਂ ਦੇ ਸੰਬੰਧਾਂ ਨੂੰ ਸਹਿਮਤੀ ਨਹੀਂ ਦਿੱਤੀ। ਇੱਥੇ ਤਾਂਈਂ ਕਿ ਇੱਕ ਗੁੱਸੇ ਵਿਚ ਆਏ ਨਿਹੰਗ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਕਤਲ ਕਰਨ ਦੀ ਕੋਸ਼ਿਸ਼ ਵੀ ਕੀਤੀ, ਜਿਸ ਨੂੰ ਮਹਾਰਾਜਾ ਸਾਹਿਬ ਦੇ ਅੰਗ-ਰੱਖਿਅਕਾਂ ਨੇ ਕਾਬੂ ਕਰ ਲਿਆ ਸੀ। ਇਸ ਬਾਰੇ ਸੋਹਨ ਲਾਲ ਸੂਰੀ ਨੇ ਲਿਖਿਆ ਹੈ ਕਿ ਇੱਕ ਵਿਗੜੇ ਹੋਏ ਅਕਾਲੀ ਨਿਹੰਗ ਨੇ ਆਪਣੀ ਮਿਆਨ ਵਿੱਚੋਂ ਤਲਵਾਰ ਕਿਰਪਾਨ ਕੱਢੀ ਤੇ ਮਹਾਰਾਜਾ ਸਾਹਿਬ ਵੱਲ ਨੂੰ ਭੱਜਿਆ। ਮੌਕੇ 'ਤੇ ਹਾਜ਼ਰ ਅਰਦਲੀਆਂ ਤੇ ਸਰਕਾਰੀ ਨੌਕਰਾਂ ਨੇ ਉਸ ਨੂੰ ਕਾਬੂ ਕਰਕੇ ਮਹਾਰਾਜਾ ਸਾਹਿਬ ਦੇ ਪੇਸ਼ ਕੀਤਾ।

ਇਹੀ ਕਾਰਨ ਹੈ ਕਿ ਅੰਗਰੇਜ਼ਾਂ ਤੇ ਅੰਗਰੇਜ਼-ਪੱਖੀ ਇਤਿਹਾਸਕਾਰਾਂ ਤੇ ਸਾਹਿਤਕਾਰਾਂ ਨੇ ਨਿਹੰਗ ਸਿੰਘ ਦੇ ਖ਼ਿਲਾਫ਼ ਲਿਖਿਆ ਹੈ। ਉਹਨਾਂ ਨੂੰ ਹਰ ਖੇਤਰ ਵਿੱਚ ਨਜ਼ਰ-ਅੰਦਾਜ਼ ਕੀਤਾ ਜਾਣ ਲੱਗਾ। ਇਹ ਸਿੱਖਾਂ ਸਰਦਾਰਾਂ ਜਾਂ ਧਾਰਮਿਕ ਬਿਰਤੀ ਵਾਲੇ ਸਿੱਖਾਂ ਦੇ ਦਾਨ 'ਤੇ ਗੁਜ਼ਾਰਾ ਕਰਨ ਲੱਗੇ। ਇਹ ਭੰਗ ਨਸ਼ਾ ਕਰਕੇ ਆਪਣੇ ਆਪ ਵਿਚ ਮਸਤ ਰਹਿਣ ਲੱਗੇ। ਪੰਜਾਬ ਤੇ ਅੰਗਰੇਜ਼ਾਂ ਦੇ ਕਬਜ਼ੇ ਮਗਰੋਂ ਇਹਨਾਂ ਦਾ ਕੀ ਰੋਲ ਹੈ ? ਇਤਿਹਾਸ ਤੋਂ ਇਹੀ ਸਪੱਸ਼ਟ ਹੁੰਦਾ ਹੈ ਕਿ ਇਹਨਾਂ ਨੇ ਸਿੱਖਾਂ ਦੇ ਸਾਮਾਜਿਕ, ਧਾਰਮਿਕ, ਰਾਜਨੀਤੀ ਤੇ ਆਰਥਿਕ ਖੇਤਰ ਵਿਚ ਕੋਈ ਰੋਲ ਅਦਾ ਨਹੀਂ ਕੀਤਾ। ਇਹ ਆਪਣੇ ਨਸ਼ੇ ਵਿੱਚ ਗਲਤਾਨ ਰਹੇ। 1849 ਤੋਂ 1947 ਦੇ ਦੌਰਾਨ ਸਿੱਖਾਂ ਨੇ ਪੰਜਾਬ ਦੇ ਇਤਿਹਾਸ ਵਿੱਚ ਅਹਿਮ ਰੋਲ ਅਦਾ ਕੀਤਾ, ਪਰ ਸਿੰਘ ਸਭਾ ਲਹਿਰ, ਅਕਾਲੀ ਲਹਿਰ, ਬੱਬਰ ਖਾਲਸਾ ਲਹਿਰ ਗੁਰਦੁਆਰਾ ਸੁਧਾਰ ਲਹਿਰ ਜਾਂ ਅਜ਼ਾਦੀ ਦੀ ਲਹਿਰ ਆਦਿ ਵਿਚ ਨਿਹੰਗ ਸਿੰਘਾਂ ਦਾ ਰੱਤੀ ਭਰ ਯੋਗਦਾਨ ਨਹੀਂ ਹੈ।

ਦੇਸ ਦੀ ਅਜ਼ਾਦੀ ਤੋਂ ਲੈ ਕੇ ਅੱਜ ਤੱਕ ਇਹ ਸਿੱਖ ਸੰਘਰਸ਼ ਦੇ ਮੂਕ ਦਰਸ਼ਕ ਬਣੇ ਰਹੇ। ਪੰਜਾਬੀ ਸੂਬੇ ਦੇ ਮੋਰਚੇ ਵਿਚ ਇਹਨਾਂ ਨੇ ਕੋਈ ਹਿੱਸਾ ਨਹੀਂ ਪਾਇਆ। ਜਦੋਂ 1984 ਵਿਚ ਭਾਰਤੀ ਫ਼ੌਜ ਨੇ ਹਰਿਮੰਦਰ ਸਾਹਿਬ 'ਤੇ ਹਮਲਾ ਕੀਤਾ, ਤਾਂ ਸਾਰੀ ਸਿੱਖ ਕੌਮ ਅਥਾਹ ਪੀੜ ਮਹਿਸੂਸ ਕਰ ਰਹੀ ਸੀ ਪਰ ਸੰਤਾ ਸਿੰਘ ਨਿਹੰਗ ਮੁਖੀ ਨੇ ਇੰਦਰਾ ਗਾਂਧਤੇ ਉਹਦੀ ਸਰਕਾਰ ਦਾ ਸਾਥ ਦਿੰਦਿਆਂ ਸਿੱਖਾਂ ਦੀਆਂ ਭਾਵਨਾਵਾਂ ਦੇ ਵਿਰੁੱਧ ਅਕਾਲ ਤਖਤ ਦੀ ਉਸਾਰੀ ਕਰਵਾਈ। ਅਜਿਹੇ ਕਾਂਗਰਸ ਜਾਂ ਇੰਦਰਾ ਪੱਖੀ ਰੋਲ ਤੋਂ ਸਿੱਖ ਬਹੁਤ ਖ਼ਫ਼ਾ ਹੋਏ ਤੇ ਇਸ ਨੂੰ ਪੰਥ ਵਿਚੋਂ ਕੱਢ ਦਿੱਤਾ।

ਅਜੋਕੇ ਸਮੇਂ ਦੇ ਨਿਹੰਗ ਸਿੰਘ ਦੇ ਪ੍ਰਮੁੱਖ ਦੋ ਦਲ ਹਨ-ਬੁੱਢਾ ਦਲ ਅਤੇ ਤਰੁਣਾ ਦਲ ਪਰ ਹੋਰ ਦਲ ਜਾਂ ਜਥੇ ਹਨ

ਬਾਕੀ ਸਫ਼ਾ 29 'ਤੇ

## ਨਿਹੰਗ ਸਿੰਘਾਂ ਦੇ ਬੋਲੇ

ਨਿਹੰਗ ਸਿੰਘ ਦਾ ਵਿਸ਼ਵਾਸ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਾਂਗੂੰ ਸ੍ਰੀ ਦਸਮ ਗ੍ਰੰਥ ਵੀ ਸ੍ਰੀ ਮੁਖ ਬਾਣੀ ਹੈ। ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਵਾਂਗੂੰ ਸ੍ਰੀ ਦਸਮ ਗ੍ਰੰਥ ਦੀ ਪਾਠ-ਪੂਜਾ ਤੇ ਅਖੰਡ ਪਾਠ ਵੀ ਕਰਦੇ ਹਨ। ਦੀਵਾਨ ਵਿਚ ਭੋਗ ਸਮੇਂ ਦੋਵਾਂ ਗ੍ਰੰਥਾਂ ਵਿਚੋਂ ਵਾਕ ਲੈਂਦੇ ਹਨ। ਇਹ ਸੰਪੂਰਨ ਦਸਮ ਲੋਕ ਨਹੀਂ ਸਨ ਸਮਝ ਸਕਦੇ। ਇਸ ਨੂੰ (ਕੋਡ ਲੈਂਗੁਏਜ) ਆਖਿਆ ਜਾ ਸਕਦਾ ਹੈ। ਅਠਾਰਵੀਂ ਸਦੀ ਵਿਚ ਸਿੱਖਾਂ ਤੇ ਅਕਹਿ ਤੇ ਅਸਹਿ ਜ਼ੁਲਮ ਕੀਤੇ ਗਏ। ਖ਼ਾਲਸੇ ਆਮ ਤੌਰ 'ਤੇ ਗੁਪਤ ਵਾਰ ਕਰਦੇ ਸਨ ਜਾਂ ਜੰਗਾਂ ਯੁੱਧਾਂ ਵਿਚ ਰੁੱਝੇ ਰਹਿੰਦੇ ਸਨ। ਇਹਨਾਂ ਨੇ ਅਜਿਹੀ ਸੰਕੇਤਕ ਭਾਸ਼ਾ ਦੀ ਸਿਰਜਣਾ ਕੀਤੀ, ਜਿਸ ਵਿਚ ਹਰ ਗੱਲ ਨੂੰ ਗੁਹਜ ਢੰਗ ਨਾਲ ਜਾਣਕਾਰ ਤੱਕ ਪਹੁੰਚਾਇਆ ਜਾ ਸਕਦਾ ਸੀ। ਭਾਈ ਕਾਨ੍ਹ ਸਿੰਘ ਅਨੁਸਾਰ, "ਪ੍ਰਾਚੀਨ ਸਿੰਘਾਂ ਦੇ ਸੰਕੇਤ ਕੀਤੇ ਵਾਕ, ਜਿਨ੍ਹਾਂ ਨੂੰ ਗੜਗੱਜ ਬੋਲੇ ਵੀ ਆਖਦੇ ਹਨ।" ਪ੍ਰੋ. ਪਿਆਰਾ ਸਿੰਘ ਪਦਮ ਇਹਨਾਂ ਬੋਲਿਆਂ ਵਿੱਚੋਂ ਚੜ੍ਹਦੀ ਕਲਾ, ਬੌਧਿਕਤਾ, ਸੁਹਜਾਤਮਿਕਤਾ ਤੇ ਨਿਰਭੈਤਾ ਦੇ ਦਰਸ਼ਨ ਕਰਦੇ ਹਨ। ਕੁਝ ਉਦਾਹਰਨਾਂ ਦੇਖੋ : ਉਗਰਾਹੀ × ਭਿਖਿਆ, ਉਜਾਗਰ × ਦੀਵਾ, ਉਜਾਗਰੀ × ਲਾਲਟੈਨ, ਅਕਲਦਾਨ ਗ ਸੋਟਾ, ਅਕਾਸਪਰੀ × ਬੱਕਰੀ, ਅਥੱਕ ਸਵਾਰੀ × ਜੁੱਤੀ, ਅਨਹਦ ਸ਼ਬਦ × ਘੁਰਾੜੇ ਮਾਰਨੇ, ਅਫਲਾਤੂਨ × ਰਜਾਈ, ਅੜੰਗ ਬੜੰਗ ਹੋਣਾ × ਸੌਣਾ, ਆਕੜਭੰਨ × ਬੁਖਾਰ, ਐਰਾਪਤ × ਝੋਟਾ, ਇੱਕ ਟੰਗੀ ਬਟੇਰਾ × ਬਤਾਊਂ, ਸਦਾ ਗੁਲਾਬ × ਨਿਦਰ, ਮੁਖ ਮਾਜਣਾ × ਦਾਤਨ, ਸਬਜ਼ ਪਲਾਓ × ਸਾਗ, ਸਮੁੰਦਰ × ਦੁੱਧ, ਸਵਾ ਲੱਖ × ਇਕ, ਸਉਗੀ × ਹਰਾ ਛੋਲੀਆ, ਸ਼ਾਰਜਹਾਂ × ਪੋਸਤ ਦਾ ਬੂਟਾ, ਸਿਰਖੰਡ × ਸ਼ਕਰ, ਸਿਰ ਜੋੜ × ਗੁੜ, ਸ਼ੀਸ਼ ਮਹਿਲ × ਟੁੱਟੀ ਹੋਈ ਝੋਂਪੜੀ ਜਿਸ ਵਿਚੋਂ ਆਕਾਸ਼ ਨਜ਼ਰ ਆਵੇ, ਸੁਖਦੇਈ × ਤੁਲਾਈ, ਸੁਚਾਲਾ × ਲੰਗੜਾ, ਸੁੰਦਰੀ × ਬਹੁਕਰ, ਸੂਬੇਦਾਰ × ਝਾੜੂ ਦੇਣ ਵਾਲਾ, ਸੂਰਮਾ × ਅੰਨ੍ਹਾ, ਸ਼ੇਰ ਦਾ ਕੰਨ × ਭੰਗ ਛਾਨਣ ਵਾਲੇ ਰੁਮਾਲ ਦਾ ਲੜ, ਹਰਨੀ × ਜੂੰ, ਕਸਤੂਰਾ × ਸੂਰ, ਕੱਟਾ × ਹਾਥੀ, ਕਰਾੜੀ × ਮੂਲੀ, ਕਲਗਾ × ਗੰਜਾ, ਕਾਜੀ × ਮੁਰਗਾ, ਕਾਨੂੰਗੋ × ਖੂੰਡਾ, ਕੁਤਬਦੀਨ × ਕੁੱਤਾ, ਕੋਤਵਾਲ × ਚਾਕੂ, ਖੁਰਮਾ × ਬੇਰ, ਧੋਤੀ × ਚਿਲਮ, ਗਧੀ ਚੁੰਘਣੀ × ਹੁੱਕਾ ਪੀਣਾ, ਗੁਪਤਾ × ਗੂੰਗਾ, ਗੁਬਿੰਦੀਆ × ਰਾਜਮਾਂ, ਗੰਗਾਜਲ × ਸ਼ਰਾਬ, ਚਟਣ ਪਲਾਓ × ਚਟਣੀ, ਚਿਮਨੀ ਬੇਗਮ × ਅਫੀਮ, ਜਹਾਜ਼ × ਗੱਡਾ, ਜਗਤ ਜੂਠ × ਹੁੱਕਾ, ਤਮਾਕੂ, ਡੁੱਡਾ, ਥਾਣੇਦਾਰ × ਗਧਾ, ਦੁਸਾਹਾਂ × ਪਜਾਮਾ, ਧਨੰਤਰ × ਨਿੰਮ, ਧਰਮਰਾਜ ਦੀ ਧੀ × ਨੀਂਦ, ਧਰਮ ਰਾਜ ਦਾ ਪੁੱਤਰ × ਬੁਖ਼ਾਰ, ਧੂੜ ਕੋਟ × ਲਹਿੰਗਾ, ਨੀਲਵਰਣੀ × ×ਧੀ, ਪਰਸਰਾਮ ਗ ਕੁਹਾੜਾ, ਪਰੀ × ਭੇਡਾਂ, ਪੰਮਾ × ਬ੍ਰਾਹਮਣ, ਫਿਰਨੀ × ਚੱਕੀ, ਬਸੰਤ ਕੌਰ × ਮੱਕੀ, ਬਦਾਮ × ਛੋਲੇ, ਬ੍ਰਹਮਰਸ × ਗੰਨਾ, ਕਮਾਦ, ਭੂਤਨੀ × ਰੇਲ ਗੱਡੀ, ਮਲਿਕਾ × ਬਿੱਲੀ, ਰੱਜੀ × ਕੜਛੀ, ਰਣਸਿੰਘਾ × ਪੱਦ, ਰੂਪ ਕੌਰ × ਕਾੜ੍ਹਨੀ, ਲੱਖ ਨੇਤ੍ਰ × ਕਾਣਾ, ਲੜਾਕੀ × ਮਿਰਚ, ਲਾਚੀਦਾਣਾ × ਬਾਜਰਾ, ਵਰਤਾਣਾ × ਵੱਛਾ ਕੜਛਾ, ਵੇਹਲੇ ਸਿਰ ਵਾਲਾ × ਗੰਜ ਆਦਿ, ਅਜਿਹੇ ਤਕਰੀਬਨ ਹਜ਼ਾਰ ਕੁ ਸ਼ਬਦ ਮਿਲਦੇ ਹਨ।

# ਫੁਕਰੇ ਗਾਇਕਾਂ ਵੱਲੋਂ ਗੈਂਗਵਾਦ ਦੀ ਮਹਿਮਾ

- ਭਗਤ ਸਿੰਘ ਅਤੇ ਗੈਂਗਸਟਰਾਂ ਵਿਚਾਲੇ ਫ਼ਰਕ ਸਮਝਣ ਦੀ ਸਮਰੱਥਾ ਖਤਮ ਕਰਦੇ ਗਾਇਕ
- ਪੰਜਾਬ ਪੁਲੀਸ ਨੇ ਫੁਕਰੇ ਗਾਇਕਾਂ ਵਿਰੁੱਧ ਸ਼ੁਰੂ ਕੀਤੀ ਮੁਹਿੰਮ ਤੇ ਦੋ ਗਾਇਕਾਂ ਵਿਰੁੱਧ ਪਰਚੇ ਦਰਜ ਕੀਤੇ

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਬਿਊਰੋ ਦੀ ਵਿਸ਼ੇਸ਼ ਰਿਪੋਰਟ



ਗੀਤਾਂ ਰਾਹੀਂ ਪੰਜਾਬੀ ਗਾਇਕ ਭੜਕਾ ਰਹੇ ਨੇ ਹਿੰਸਾ

**ਪੰਜਾਬ ਵਿਚ ਗੈਂਗਸਟਰਾਂ ਦੇ ਫੈਲਣ ਕਾਰਨ ਗਾਇਕੀ ਵਿਚਲੀ ਲੱਚਰਤਾ ਤੇ ਹਿੰਸਾ ਉੱਤੇ ਦੁਬਾਰਾ ਚਰਚਾ ਹੋਣੀ ਸ਼ੁਰੂ ਹੋ ਗਈ ਹੈ। ਪੰਜਾਬ ਪੁਲਿਸ ਵੱਲੋਂ ਇਸ ਦੇ ਖ਼ਿਲਾਫ਼ ਮੁਹਿੰਮ ਸ਼ੁਰੂ ਕੀਤੀ ਗਈ ਹੈ। ਇਸ ਮੁਹਿੰਮ ਦੇ ਤਹਿਤ ਇੱਕ ਦੋ ਗਾਇਕਾਂ ਉਪਰ ਪਰਚੇ ਵੀ ਦਰਜ ਹੋਏ ਹਨ ਅਤੇ ਪੈਲੇਸਾਂ ਵਿੱਚ ਚੱਲਦੇ ਅਜਿਹੇ ਗੀਤਾਂ ’ਤੇ ਪਾਬੰਦੀ ਦਾ ਐਲਾਨ ਵੀ ਕੀਤਾ ਗਿਆ ਹੈ। ਪੰਜਾਬ ਵਿੱਚ ਪਹਿਲੀ ਵਾਰ 2012 ਵਿੱਚ ਗੀਤਾਂ ਵਿਚਲੀ ਲੱਚਰਤਾ, ਗੈਂਗਵਾਦ ਦੀ ਮਹਿਮਾ, ਔਰਤਾਂ ਦੀ ਭੱਦੀ ਪੇਸ਼ਕਾਰੀ ਅਤੇ ਹਥਿਆਰਾਂ ਦੀ ਅੰਨ੍ਹੇਵਾਹ ਵਰਤੋਂ ਉੱਪਰ ਉਂਗਲ ਧਰਦਿਆਂ ਇਸਤਰੀ ਜਾਗ੍ਰਿਤੀ ਮੰਚ ਨੇ ਅਜਿਹੀ ਗਾਇਕੀ ਖ਼ਿਲਾਫ਼ ਮੁਹਿੰਮ ਛੇੜੀ ਸੀ। ਇਸ ਮੁਹਿੰਮ ਤਹਿਤ ਕੁਝ ਗਾਇਕਾਂ ਅਤੇ ਸੰਗੀਤਕ ਕੰਪਨੀਆਂ ਖ਼ਿਲਾਫ਼ ਪ੍ਰਦਰਸ਼ਨ ਵੀ ਕੀਤੇ ਗਏ।**

## ਗਾਇਕਾਂ ਦੀ ਮੁਸ਼ਕਲ ’ਚ ਵਾਧਾ

ਇਸ ਮੁਹਿੰਮ ਨੇ ਗਾਇਕਾਂ ਦੀਆਂ ਮੁਸ਼ਕਲਾਂ ਵਿੱਚ ਤਾਂ ਵਾਧਾ ਕੀਤਾ ਸੀ, ਨਾਲੋ-ਨਾਲ ਪੰਜਾਬ ਸਰਕਾਰ ਨੂੰ ਵੀ ਬੋਲਣ ਉੱਪਰ ਮਜਬੂਰ ਕੀਤਾ। ਸਰਕਾਰ ਨੇ ਸੱਭਿਆਚਾਰਕ ਨੀਤੀ ਲਿਆਉਣ ਦਾ ਵਾਅਦਾ ਵੀ ਕੀਤਾ ਪਰ ਵਾਅਦਾ ਵਫ਼ਾ ਨਾ ਹੋਇਆ। ਅੱਜ ਦੁਬਾਰਾ ਇਹ ਮਸਲਾ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਗਾਇਕੀ ਵਿੱਚ ਲੱਚਰਤਾ ਕੋਈ ਅੱਜ ਦਾ ਵਰਤਾਰਾ ਨਹੀਂ ਬਲਕਿ ਗਾਇਕੀ ਦੇ ਹੋਂਦ ਵਿਚ ਆਉਣ ਜਿੰਨਾ ਹੀ ਪੁਰਾਣਾ ਹੈ, ਪਰ ਅੱਜ ਸਾਡੀ ਚਿੰਤਾ ਦਾ ਸਬੱਬ ਇਹ ਹੈ ਕਿ ਗੀਤ ਸੁਣਨ ਦੀ ਥਾਂ ਵੇਖਣ ਵਾਲੀ ਸ਼ੈਅ ਬਣ ਚੁੱਕੇ ਹਨ। ਪੰਜਾਬੀ ਗਾਇਕੀ ਵਿਚ ਔਰਤ ਨੂੰ ਲਿੰਗਕ ਵਸਤੂ ਅਤੇ ਸਜਾਵਟੀ ਸਾਮਾਨ ਵਾਂਗ ਪੇਸ਼ ਕਰਨਾ ਮੱਧਯੁਗੀ ਸੜ੍ਹਾਂਦ ਹੀ ਹੈ। ਹਥਿਆਰਾਂ ਦੀ ਵਰਤੋਂ ਕਰਕੇ ਤਾਕਤ ਦਿਖਾਉਣਾ, ਗੈਂਗਸਟਰਾਂ ਨੂੰ ਨਾਇਕਾਂ ਵਾਂਗ ਸਿਰਜਣਾ, ਲਗਜ਼ਰੀ ਵਸਤਾਂ ਦੀ ਪ੍ਰਦਰਸ਼ਨੀ ਸਭ ਅਜੋਕੀ ਗਾਇਕੀ ਦੇ ਭਾਰੂ ਸੁਰ ਹਨ। ਇਸ ਵਿਚੋਂ ਕਿਸੇ ਨਾਇਕ ਦੇ ਦਰਸ਼ਨ ਨਹੀਂ ਹੁੰਦੇ ਬਲਕਿ ਕੁਰਾਹੇ ਪਏ ਗੈਂਗਸਟਰ ਦੇ ਦਰਸ਼ਨ ਹੀ ਹੁੰਦੇ ਹਨ।

## ਵਪਾਰੀਆਂ ਨੇ ਵੇਖਿਆ ਆਪਣਾ ਫ਼ਾਇਦਾ

ਪਿਛਲੇ ਸਮੇਂ ਪੰਜਾਬ ਦੇ ਮਾੜੇ ਤੇ ਕਾਲੇ ਸਮੇਂ ਬਾਅਦ ਬੰਦ ਜਿਹੀ ਪਈ ਪੰਜਾਬੀ ਗਾਇਕੀ ਮੁੜ ਸੁਰਜੀਤ ਹੋਈ। ਟਾਂਵੇ ਟੱਲੇ ਕੁਝ ਕੁ ਗਾਇਕਾਂ ਨੇ ਵਾਜੇ-ਢੋਲਕੀਆਂ ਚੁੱਕੇ ਤੇ ਸੰਗੀਤਕ ਪੱਖ ਨੂੰ ਕੈਸਿਟਾਂ ਰਾਹੀਂ ਅੱਗੇ ਤੋਰਿਆ ਕੁਝ ਕੁ ਉਂਗਲਾਂ ਤੇ ਗਿਣੇ ਜਾਣ ਵਾਲੇ ਗਾਇਕ ਇਸ ਪਾਸੇ ਚਮਕੇ ਤੇ ਉਨ੍ਹਾਂ ਦੀ ਚਮਕ ਦੇਖ ਕੇ ਨਵੇਂ ਮੁੰਡੇ-ਕੁੜੀਆਂ ਇਸ ਪਾਸੇ ਆ ਗਏ। ਉਹ ਪੂਰਾ ਸੁਰਤਾਲ ਸਿੱਖ ਕੇ ਆਏ, ਉਨ੍ਹਾਂ ਦਾ ਗੀਤ-ਸੰਗੀਤ ਪੰਜਾਬੀ ਸੱਭਿਆਚਾਰ ਨਾਲ ਮੇਲ ਵੀ ਖਾਂਦਾ ਸੀ ਤੇ ਸੰਗੀਤਕ ਪ੍ਰੇਮੀਆਂ ਨੇ ਉਨ੍ਹਾਂ ਨੂੰ ਪਸੰਦ ਵੀ ਕੀਤਾ। ਬਸ ਇੱਥੋਂ ਹੀ ਵਪਾਰੀ ਵਰਗ ਦੀ ਅੱਖ ਸੰਗੀਤਕ ਪਾਸੇ ਪਈ ਤੇ ਫਿਰ ਕੀ ਸੀ ਨਵੇਂ ਗਾਇਕਾਂ ਦੀਆਂ ਧੜਾਧੜ ਕੈਸਿਟਾਂ ਆਦਿ ਸ਼ੁਰੂ ਹੋ ਗਈਆਂ। ਕਈ ਤਾਂ ਇਸ ਪਾਸੇ ਵਧੀਆ ਫਿੱਟ ਹੋ ਕੇ ਕੁਝ ਖੱਟ ਗਏ। ਜਿਨ੍ਹਾਂ ਨੂੰ ਵੇਖ ਅਜੋਕੇ ਮੁੰਡੇ-ਕੁੜੀਆਂ ਇਸ ਪਾਸੇ ਨੂੰ ਅੱਖਾਂ ਬੰਦ ਕਰ ਕੇ ਤੁਰ ਪਏ।

## ਹਰੀ ਕ੍ਰਾਂਤੀ ਖੇਤੀ ਮਾਡਲ ਨੇ ਬਦਲੀ ਤਸਵੀਰ

ਪੰਜਾਬ ਵਿੱਚ ਹਰੀ ਕ੍ਰਾਂਤੀ ਖੇਤੀ ਮਾਡਲ ਨੇ ਇੱਥੋਂ ਦੀ ਰਵਾਇਤੀ ਖੇਤੀ, ਕਿਸਾਨ, ਸਿਹਤ ਅਤੇ ਵਾਤਾਵਰਨ ਨੂੰ ਤਬਾਹ ਕਰ ਕੇ ਰੱਖ ਦਿੱਤਾ ਅਤੇ ਦੂਜੇ ਪਾਸੇ 1991 ਦੀ ਨਵੀਂ ਆਰਥਿਕ ਨੀਤੀ ਤਹਿਤ ਖਪਤ ਸੱਭਿਆਚਾਰ ਨੂੰ ਵਿਸਥਾਰਨ ਲਈ ਕੇਬਲ ਡਿਸ਼ ਟੀਵੀ ਦਾ ਆਗਮਨ ਹੋਇਆ। ਗੀਤਾਂ, ਫਿਲਮਾਂ ਰਾਹੀਂ ਖੇਤੀ ਖੇਤਰ ਵਿਚੋਂ ਵਿਹਲੇ ਅਤੇ ਬੇਰੁਜ਼ਗਾਰ ਨੌਜਵਾਨ ਦੇ ਦਿਮਾਗ ਨੂੰ ਕੰਟਰੋਲ ਕਰਨਾ ਸ਼ੁਰੂ ਕੀਤਾ।

ਸਾਡੀਆਂ ਧਾਰਨਾਵਾਂ ਦੀ ਪੁਨਰ-ਸਿਰਜਨਾ ਹੋਈ। ਮੌਤ ਨੂੰ ਮਖੌਲਾਂ ਕਰਨ ਵਾਲੇ ਪੰਜਾਬੀ ਅੱਜ ਮੌਤ ਨੂੰ ਖ਼ੁਦ ਗਲੇ ਲਾ ਰਹੇ ਹਨ। ਯੋਧੇ, ਮਹਾਨ ਆਗੂ ਬਣਨ ਦੀ ਥਾਂ ਗੁੰਡੇ ਤੇ ਗੈਂਗਸਟਰ ਬਣ ਰਹੇ ਹਨ ਜਾਂ ਭ੍ਰਿਸ਼ਟ ਨੇਤਾਵਾਂ ਦਾ ਹਥਿਆਰ ਬਣ ਰਹੇ ਹਨ।

## ਖ਼ੂਨ-ਖਰਾਬੇ ਦਾ ਕਾਰਨ

ਅਸੀਂ ਤਾਂ ਆਪਣੀਆਂ ਖ਼ੁਸ਼ੀਆਂ ਵਿਆਹਾਂ ਤੇ ਹੋਰਨਾਂ ਸਮਾਗਮਾਂ ਵਿਚ ਵੀ ਲੱਚਰ ਗਾਇਕੀ ਨੂੰ ਅਪਣਾ ਲਿਆ ਹੈ। ਇਸ ਮੌਕੇ ਲੱਚਰ ਡਾਂਸ, ਦਾਰੂ ਦੇ ਦੌਰ, ਗ਼ਲਤ ਖਾਣ-ਪੀਣ ਆਦਿ ਤੋਂ ਲੈ ਕੇ ਹਥਿਆਰਾਂ ਵਾਲੇ ਗੀਤ ਚਲਾ ਕੇ ਗੋਲੀਆਂ ਚਲਾ ਕੇ ਖ਼ੁਸ਼ੀਆਂ ਵਿਚ ਵੀ ਗ਼ਮੀ ਦੇ ਸੱਥਰ ਵਿਛਾ ਰਹੇ ਹਾਂ। ਅਜੋਕੀ ਗਾਇਕੀ ਰਾਹੀਂ ਸ਼ਰੇਆਮ ਨਸ਼ਿਆਂ ਦਾ ਪ੍ਰਚਾਰ ਹੋ ਰਿਹਾ ਹੈ। ਕਾਲਜ ਦੇ ਹੋਸਟਲਾਂ ਵਿਚ ਪੈੱਗ ਚੱਲ ਰਹੇ ਹਨ, ਇਹ ਸਭ ਕੁਝ ਅਸੀਂ ਨਹੀਂ ਸਾਡੇ ਗੀਤ ਖ਼ੁਦ ਕਹਿ ਰਹੇ ਹਨ। ਸਾਡੀ ਬਦਕਿਸਮਤੀ ਤਾਂ ਇਹ ਹੈ ਕਿ ਇਹ ਸਭ ਕੁਝ ਰੁਕਣ ਦੀ ਬਜਾਏ ਦਿਨੋਂ-ਦਿਨ ਵਧ ਰਿਹਾ ਹੈ। ਪੁਰਾਣੀਆਂ ਤੇ ਨਵੀਂਆਂ ਸਰਕਾਰਾਂ ਨੇ ਇਸ ਪਾਸੇ ਕੋਈ ਧਿਆਨ ਨਹੀਂ ਦਿੱਤਾ।

## ਬੱਚਿਆਂ ’ਤੇ ਅਸਰ

ਜਰਾ ਸੋਚੋ ਕਿ ਅਸੀਂ ਕਿੱਧਰ ਨੂੰ ਜਾ ਰਹੇ ਹਾਂ। ਇਹ ਤਸਵੀਰ ਪੰਜਾਬ ਦੇ ਇੱਕ ਪ੍ਰਾਇਮਰੀ ਸਕੂਲ ਦੀ ਹੈ। ਬੱਚੇ ਘਰੋਂ ਖਿਡੌਣਾ ਪਿਸਤੌਲ ਲੈ ਕੇ ਆਉਂਦੇ ਨ ਤੇ ਸਵੇਰ ਦੀ ਸਕੂਲੀ ਸਭਾ ਵਿਚ ਵੀ ਡੱਬ ਵਿਚ ਟੰਗ ਕੇ ਰੱਖਦੇ ਹਨ। ਜਮਾਤ ਵਿਚ ਹਥਿਆਰਾਂ ਵਾਲੇ ਗੀਤ ਗਾ ਕੇ ਇੱਕ-ਦੂਜੇ ’ਤੇ ਗੀਤਾਂ ਵਾਂਗ ਪਿਸਤੌਲ ਤਾਣ ਕੇ ਖੇਡਦੇ ਹਨ। ਇਹ ਗੱਲ ਬਾਲ ਮਨਾਂ ਦੀ ਹੈ, ਅੱਗੋਂ ਵੱਡੇ ਹੋ ਕੇ ਕੀ ਬਣੇਗਾ। ਇਹ ਸਭ ਅੱਜ ਦੇ ਗੀਤਾਂ ਦੀ ਮਿਹਰਬਾਨੀ ਹੈ। ਜਦ ਹੁਣ ਹੀ ਇਹ ਖਿਡੌਣੇ ਪਿਸਤੌਲਾਂ ਨਾਲ ਖੇਡ ਰਹੇ ਹਨ ਫਿਰ ਵੱਡੇ ਹੋ ਕੇ ਕਿਉਂ ਨਹੀਂ...। ਅਜੋਕੇ ਗਾਇਕ ਤਾਂ ਪਿੰਡ ਵਿਚ ਗੈਂਗਲੈਂਡ ਬਣਾ ਰਹੇ ਹਨ।



ਗੈਗਸਟਰਾਂ ਨੂੰ ਉਤਸ਼ਾਹਿਤ ਕਰ ਰਹੇ ਨੇ ਪੰਜਾਬੀ ਗਾਇਕ

## ਲੱਚਰ ਗਾਇਕੀ ਦਾ ਵਧਿਆ ਰੁਝਾਨ

ਬਸ ਇੱਥੇ ਕੁ ਹੀ ਨਵੇਂ ਪੁਰਾਣੇ ਕਲਾਕਾਰਾਂ ਨੇ ਆਪਣੀ ਸਫ਼ਲਤਾ ਲਈ ਗ਼ਲਤ ਭਾਵ ਲੱਚਰ ਤੇ ਅਸ਼ਲੀਲ ਗਾਉਣਾ ਸ਼ੁਰੂ ਕਰ ਦਿੱਤਾ। ਵੇਖੋ-ਵੇਖੀ ਤੇ ਬੇ-ਟੋਕ ਇਹ ਕੰਮ ਵੱਧਦਾ-ਵੱਧਦਾ ਉੱਥੇ ਪੁੱਜ ਗਿਆ ਜਿੱਥੋਂ ਹੁਣ ਪਿੱਛੇ ਮੁੜਨਾ ਬਹੁਤ ਮੁਸ਼ਕਲ ਲੱਗ ਰਿਹਾ ਹੈ। ਉਸ ਤੋਂ ਵੀ ਉੱਪਰ ਕੰਮ ਉਸ ਵੇਲੇ ਹੋ ਗਿਆ ਜਦੋਂ ਗੀਤ ਸੁਣਨ ਵਾਲਾ ਨਾ ਰਹਿ ਕੇ ਵੇਖਣ ਵਾਲਾ ਬਣਾ ਦਿੱਤਾ ਗਿਆ। ਗੀਤਾਂ ਦੇ ਫਿਲਮਾਂਕਣ ਨੇ ਤਾਂ ਸਭ ਸੰਗਾਂ-ਸ਼ਰਮਾਂ ਵਾਲੇ ਪਰਦੇ ਹੀ ਚੁੱਕ ਦਿੱਤੇ ਤੇ ਪੰਜਾਬੀ ਸੱਭਿਆਚਾਰ ਦੇ ਨਾਂ ਹੇਠ ਬਹੁਤ ਕੁਝ ਮਾੜਾ ਸ਼ੁਰੂ ਹੋ ਗਿਆ। ਇਹ ਨਹੀਂ ਹੈ ਕਿ ਸਭ ਗਾਇਕ ਹੀ ਗ਼ਲਤ ਗਾ ਰਹੇ ਹਨ, ਬਹੁਤ ਘੱਟ ਹਨ ਜੋ ਆਪਣੇ ਸੱਭਿਆਚਾਰ ਨੂੰ ਮੁੱਖ ਰੱਖਦੇ ਹੋਏ ਗਾ ਰਹੇ ਹਨ ਪਰ ਉਨ੍ਹਾਂ ਨੂੰ ਲੋਕ ਵੇਖਣਾ ਪਸੰਦ ਵੀ ਘੱਟ ਕਰਦੇ ਹਨ।

## ਵੱਡੇ ਪੰਜਾਬੀ ਗਾਇਕ ਔਜੜੇ ਰਾਹਾਂ ਵਲ

ਬੱਬੂ ਮਾਨ ਤੋਂ ਜੈਜ਼ੀ ਬੈਂਸ, ਹਨੀ ਸਿੰਘ ਤੋਂ ਮਨਕੀਰਤ ਔਲਖ ਤੱਕ ਸਭ ਗਾਇਕਾਂ ਦੇ ਗੀਤਾਂ ਵਿੱਚ ਔਰਤਾਂ ਦੀ ਬੇਤੁਕੀ ਅਤੇ ਭੱਦੀ ਪੇਸ਼ਕਾਰੀ ਹੈ। ਪੰਮੀ ਬਾਈ ਵਰਗੇ ਗਾਇਕ ਜੋ ਸੱਭਿਆਚਾਰ ਵਰਗੇ ਵਿਸ਼ਾਲ ਖੇਤਰ ਨੂੰ ਸਿਰਫ ਘੱਗਰੇ, ਫੁਲਕਾਰੀ ਤੱਕ ਹੀ ਸੀਮਤ ਕਰਦੇ ਹਨ। ਉਹ ਵੀ ਆਪਣੇ ਗੀਤ ਵਿਚਲੇ ਜੱਟ ਨੂੰ ‘ਨਸ਼ੇੜੀ ਤੇ ਡਾਕੂ’ ਹੀ ਦਿਖਾਉਂਦੇ ਹਨ। ਅਖੇ ‘ਦਾਰੂ ਘਰ ਦੀ ਬੰਦੂਕ 12 ਬੋਰ ਦੀ ਦੋ ਚੀਜ਼ਾਂ ਜੱਟ ਮੰਗਦਾ’, ਬੱਬੂ ਮਾਨ ਤੋਂ ਜੈਜ਼ੀ ਬੈਂਸ, ਹਨੀ ਸਿੰਘ ਤੋਂ ਮਨਕੀਰਤ ਔਲਖ ਤੱਕ ਸਭ ਗਾਇਕਾਂ ਦੇ ਗੀਤਾਂ ਵਿੱਚ ਔਰਤਾਂ ਦੀ ਬੇਤੁਕੀ ਅਤੇ ਭੱਦੀ ਪੇਸ਼ਕਾਰੀ ਹੈ। ਨਾਇਕ ਅਤੇ ਗੈਂਗਸਟਰ ਵਿਚਲਾ ਫਰਕ ਮੇਟ ਰਹੇ ਗੀਤ ਇਹ ਸੈਂਕੜੇ ਹੀ ਗਾਇਕ ਸਾਡੇ ਭਗਤ, ਸਰਾਭਿਆਂ ਵਰਗੇ ਨਾਇਕਾਂ ਅਤੇ ਅਜੋਕੇ ਗੈਂਗਸਟਰਾਂ ਵਿਚਲੇ ਫਰਕ ਨੂੰ ਮਿਟਾਉਣ ਦਾ ਕੰਮ ਕਰ ਰਹੇ ਹਨ। ਨੌਜਵਾਨ ਪੀੜ੍ਹੀ ਨੂੰ ਅਜਿਹਾ ਮਿੱਠਾ ਜ਼ਹਿਰ ਦਿੱਤਾ ਜਾ ਰਿਹਾ ਹੈ ਕਿ ਉਹ ਇਸ ਕਾਬਲੀਅਤ ਦੇ ਮਾਲਕ ਹੀ ਨਾ ਰਹਿਣ ਕਿ ਉਹ ਇਹ ਸਮਝਣ ਦੇ ਸਮਰੱਥ ਹੋ ਸਕਣ ਕਿ ਭਗਤ ਸਿੰਘ ਅਤੇ ਗੈਂਗਸਟਰ ਹੋਣ ਦੇ ਮਾਅਨੇ ਕੀ ਹਨ। ਦੋਹਾਂ ਵਿਚ ਕੀ ਫਰਕ ਹੈ ਅਤੇ ਸਾਡਾ ਨਾਇਕ ਕੌਣ ਹੈ ? ਨੌਜਵਾਨ ਇਸ ਕਾਬਲ ਹੀ ਨਾ ਰਹਿਣ ਕਿ ਔਰਤ ਦੀ ਆਜ਼ਾਦੀ ਦਾ ਮਤਲਬ ਸਿਰਫ ਸੈਕਸੂਅਲ ਆਜ਼ਾਦੀ ਨਹੀਂ। ਇਸ ਲਈ ਅਜੋਕਾ ਸਮੁੱਚਾ ਗੀਤ ਸੰਗੀਤ ਹਾਕਮ ਜਮਾਤ ਦੀ ਨੀਤੀ ਦਾ ਹੀ ਸਿੱਟਾ ਹੈ। ਇਹ ਗੀਤ ਸੰਗੀਤ ਸਮੁੱਚੇ ਪੰਜਾਬ ਨੂੰ ਇੱਕ ਡੂੰਘੇ ਸੰਕਟ ਵੱਲ ਧੱਕ ਰਿਹਾ ਹੈ। ਇਸ ਦੇ ਖ਼ਿਲਾਫ਼ ਵੱਡੀ ਲੋਕ ਲਾਮਬੰਦੀ ਦੀ ਲੋੜ ਹੈ। ਇਸ ਸਮੇਂ ਪੰਜਾਬ ਪੁਲਿਸ ਦੀ ਇਸ ਦੇ ਖ਼ਿਲਾਫ਼ ਮੁਹਿੰਮ ਚਲਾ ਰਹੀ ਹੈ ਤਾਂ ਜੋ ਸਮਾਜ ਦੀ ਦਿੱਖ ਸੁਧਾਰੀ ਜਾ ਸਕੇ ਤੇ ਕਰਾਈਮ ਘੱਟ ਕੀਤਾ ਜਾ ਸਕੇ।

## ਸਰਕਾਰ ਸੈਂਸਰ ਬੋਰਡ ਬਿਠਾਏ

ਦੂਜਾ ਅਜਿਹੀ ਗਾਇਕੀ ਸਿਰਫ਼ ਲਾਅ ਐਂਡ ਆਰਡਰ ਦਾ ਮਾਮਲਾ ਨਹੀਂ ਬਲਕਿ ਸਮਾਜਕ ਸੱਭਿਆਚਾਰ ਅਤੇ ਰਾਜਨੀਤਕ ਮੱਸਲਾ ਹੈ। ਸੱਭਿਆਚਾਰਕ ਨੀਤੀ ਦੀ ਲੋੜ ਇਸ ਉੱਪਰ ਸਰਕਾਰ ਨੂੰ ਇੱਕ ਸਮਰੱਥ ਸੱਭਿਆਚਾਰਕ ਨੀਤੀ ਉਸਾਰਦਿਆਂ ਇਨ੍ਹਾਂ ਗੀਤਾਂ ਉੱਪਰ ਇੱਕ ਸੈਂਸਰ ਬੋਰਡ ਵੀ ਬਿਠਾਉਣਾ ਚਾਹੀਦਾ ਹੈ। ਔਰਤਾਂ ਦੀ ਭੱਦੀ ਪੇਸ਼ਕਾਰੀ ਕਰਨ ਵਾਲੇ ਗਾਇਕਾਂ ਉੱਪਰ ਇਨਡੀਸੈਂਟ ਰਿਪ੍ਰੈਜ਼ਨਟੇਸ਼ਨ ਆਫ ਵੂਮੈੱਨ 1984 ਐਕਟ ਦੇ ਤਹਿਤ ਪਰਚਾ ਦਰਜ ਕਰਨਾ ਚਾਹੀਦਾ ਹੈ। ਗੀਤਾਂ ਵਿੱਚ ਹਥਿਆਰਾਂ ਦੀ ਵਰਤੋਂ ਨੂੰ ਉਤਸ਼ਾਹਿਤ ਕਰਨ ਵਾਲੇ ਗਾਇਕਾਂ ਨੂੰ ਸਜ਼ਾਵਾਂ ਦੇਣੀਆਂ ਚਾਹੀਦੀਆਂ ਹਨ। ਇਸ ਤੋਂ ਬਿਨਾਂ ਸਭ ਤੋਂ ਮੂਲ ਇੱਕ ਅਗਾਂਹਵਧੂ ਸੱਭਿਆਚਾਰ ਸਿਰਜਣ ਵਾਲੀ ਲੋਕ ਲਹਿਰ ਦੀ ਜ਼ਰੂਰਤ ਹੈ ਤਾਂ ਹੀ ਅਜਿਹੀ ਗਾਇਕੀ ਨੂੰ ਠੱਲ੍ਹਿਆ ਜਾ ਸਕਦਾ ਹੈ।

ਹੁਣ ਇਹੋ ਬਣਦਾ ਹੈ ਕਿ ਆਓ ਸਾਰੇ ਰਲ ਕੇ ਗ਼ਲਤ ਤੇ ਲੱਚਰ ਗਾਇਕੀ ਜੋ ਪੰਜਾਬ ਨੂੰ ਕਲੰਕਿਤ ਕਰ ਰਹੀ ਹੈ, ਦੇ ਵਿਰੁੱਧ ਉੱਠੀਏ ਤੇ ਨਵੀਂਆਂ ਨਸਲਾਂ ਲਈ ਚੰਗਾ ਕੰਮ ਕਰੀਏ ਤਾਂ ਕਿ ਪੰਜਾਬ ਪੰਜਾਬ ਹੀ ਰਹਿ ਸਕੇ ਨਾ ਕਿ ਗੈਂਗ ਭੂਮੀ ਬਣ ਜਾਵੇ।

## ਸਰੋਤੇ ਵੀ ਨੇ ਬਰਾਬਰ ਦੇ ਕਸੂਰਵਾਰ

ਜੇ ਅਸੀਂ ਇੱਥੇ ਕਸੂਰ ਵੀ ਗੱਲ ਕਰੀਏ ਤਾਂ ਉਹ ਸਰੋਤਾ ਵਰਗ ਦਾ ਹੀ ਜ਼ਿਆਦਾ ਹੈ ਜੋ ਲੱਚਰ ਗਾਇਕੀ ਦਾ ਬਾਈਕਾਟ ਕਰਨ ਦੀ ਥਾਂ ਉਸ ਨੂੰ ਹਾਂ ਪੱਖੀ ਹੁੰਗਾਰਾ ਦੇ ਰਹੇ ਹਨ। ਇਸੇ ਹੁੰਗਾਰੇ ਕਾਰਨ ਹੀ ਬਹੁਤੇ ਗਾਇਕ ਲੱਚਰ ਗਾਇਕੀ ਖੁੱਲ੍ਹ ਕੇ ਪੇਸ਼ ਕਰ ਰਹੇ ਹਨ ਤੇ ਪੰਜਾਬ ਦਾ ਅਕਸ ਵਿਗਾੜ ਰਹੇ ਹਨ। ਸਾਡੇ ਨੌਜਵਾਨ ਬੇਰੁਜ਼ਗਾਰੀ, ਨਸ਼ੇ ਤੇ ਹੋਰ ਅਲਾਮਤਾਂ ਵਿਚ ਬੁਰੀ ਤਰ੍ਹਾਂ ਫਸ ਚੁੱਕੇ ਹਨ ਤੇ ਰਹਿੰਦੀ ਕਸਰ ਅੱਜ ਦੀ ਗਾਇਕੀ ਪੂਰੀ ਕਰ ਰਹੀ ਹੈ। ਜੋ ਗੀਤਾਂ ਵਿਚ ਨਸ਼ਿਆਂ ਤੋਂ ਲੈ ਕੇ ਹਥਿਆਰਾਂ ਤੱਕ ਦੀ ਗੱਲ ਖੁੱਲ੍ਹ ਕੇ ਕਰ ਰਹੀ ਹੈ। ਪੰਜਾਬ ਤੇ ਵਿਦੇਸ਼ੀ ਧਰਤੀ ’ਤੇ ਰਹਿੰਦੇ ਗਾਇਕਾਂ ਨੂੰ ਜੱਟਾਂ ਦੀਆਂ ਖ਼ੁਦਕੁਸ਼ੀਆਂ, ਨਸ਼ਿਆਂ, ਬੇਰੁਜ਼ਗਾਰੀ, ਬਿਮਾਰੀ ਵਿਚ ਜਕੜੇ ਤੇ ਆਰਥਿਕ ਪੱਖੋਂ ਟੁੱਟੇ ਲੋਕ ਨਹੀਂ ਨਜ਼ਰ ਆ ਰਹੇ ਸਿਰਫ਼ ਕੁੜੀਆਂ, ਹਥਿਆਰ, ਨਸ਼ੇ, ਕੁੜੀਆਂ ਪਿੱਛੇ ਲੜਾਈ ਤੇ ਵੱਡੀਆਂ ਗੱਡੀਆਂ ਜਾਂ ਫਿਰ ਮਹਿੰਗੇ ਬ੍ਰਾਂਡ ਦੇ ਕੱਪੜੇ ਆਦਿ ਹੀ ਵਿਖਾਈ ਦਿੰਦੇ ਹਨ।

# ਸਿਆਸੀ ਵਿੰਗ ਬਣ ਕੇ ਰਹਿ ਗਈ ਐਨ ਆਰ ਆਈ ਸਭਾ

***ਰਣਜੀਤ ਸਿੰਘ ਟੁੱਟ ਨਾਲ ਮੁਲਾਕਾਤ***

**ਜਲੰਧਰ/ਬਿਊਰੋ ਨਿਊਜ਼:**
ਪੰਜਾਬੀ ਪਰਵਾਸੀ ਟੁੱਟ ਭਰਾਵਾਂ ਵਿਚੋਂ ਇੱਕ ਰਣਜੀਤ ਸਿੰਘ ਟੁੱਟ ਨੇ ਪੰਜਾਬ ਦੀ ਪਿਛਲੀ ਸਰਕਾਰ ਵੱਲੋਂ ਹੋਂਦ ਵਿਚ ਲਿਆਂਦੀ ਗਈ ਐੱਨ. ਆਰ. ਆਈ. ਸਭਾ ਦੇ ਐੱਨ. ਆਰ. ਆਈ. ਕਮਿਸ਼ਨ ਦੀ ਕਾਰਗੁਜ਼ਾਰੀ 'ਤੇ ਸਵਾਲ ਚੁੱਕਦਿਆਂ ਕਿਹਾ ਕਿ ਪੰਜਾਬ ਦੀ ਐੱਨ. ਆਰ. ਆਈ. ਸਭਾ ਐੱਨ. ਆਰ. ਆਈ. ਥਾਣੇ ਤੇ ਐੱਨ. ਆਰ. ਆਈ. ਅਦਾਲਤਾਂ ਦਾ ਪੀੜਤ ਪਰਵਾਸੀ ਭਾਰਤੀਆਂ ਨੂੰ ਕੋਈ ਲਾਭ ਨਹੀਂ ਪੁੱਜਾ ਹੈ। ਉਨ੍ਹਾਂ ਕਿਹਾ ਕਿ ਐੱਨ. ਆਰ. ਆਈ. ਸਭਾ ਇੱਕ ਸਿਆਸੀ ਵਿੰਗ ਬਣ ਕੇ ਰਹਿ ਗਈ ਹੈ।



ਵਿਦੇਸ਼ਾਂ ਵਿਚ ਜਾ ਕੇ ਆਪਣੇ ਪਰਿਵਾਰਾਂ ਦੀ ਬਿਹਤਰ ਜ਼ਿੰਦਗੀ ਲਈ ਸਾਰੀ ਉਮਰ ਸਖ਼ਤ ਮਿਹਨਤ ਕਰਨ ਵਾਲੇ ਪਰਵਾਸੀ ਪੰਜਾਬੀਆਂ ਨੂੰ ਇੱਥੇ ਕਈ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਰਿਸ਼ਤੇਦਾਰ ਜਾਂ ਹੋਰ ਪਹੁੰਚ ਵਾਲੇ ਲੋਕ ਉਨ੍ਹਾਂ ਦੀਆਂ ਜ਼ਮੀਨਾਂ-ਜਾਇਦਾਦਾਂ ਉੱਪਰ ਕਬਜ਼ੇ ਕਰ ਲੈਂਦੇ ਹਨ ਤੇ ਜਦੋਂ ਐੱਨ. ਆਰ. ਆਈ. ਇੱਥੇ ਆ ਕੇ ਕਾਨੂੰਨੀ ਚਾਰਾਜ਼ੋਈ ਕਰਦੇ ਹਨ, ਤਾਂ ਇੱਥੋਂ ਦੇ 'ਭ੍ਰਿਸ਼ਟਤੰਤਰ' ਕਾਰਨ ਖੱਜਲ-ਖੁਆਰੀ ਤੇ ਬੇਇੱਜ਼ਤੀ ਤੋਂ ਸਿਵਾਏ ਕੁਝ ਪੱਲੇ ਨਹੀਂ ਪੈਂਦਾ, ਜਿਸ ਕਾਰਨ ਉਨ੍ਹਾਂ ਦਾ ਆਪਣੀ ਧਰਤੀ ਨਾਲੋਂ ਮੋਹ ਫਿੱਕਾ ਪੈ ਜਾਂਦਾ ਹੈ।

ਐੱਨ. ਆਰ. ਆਈ. ਧੋਖੇਬਾਜ਼ ਲਾੜੇ ਤੇ ਲਾੜੀਆਂ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਵਿਦੇਸ਼ੋਂ ਆਏ ਪਰਵਾਸੀ ਭਾਰਤੀਆਂ ਦੇ ਠਾਠ-ਬਾਠ ਦੇਖ ਕੇ ਭਰਮ ਜਾਂਦੇ ਹਨ ਤੇ ਠੱਗ ਕਿਸਮ ਦੇ ਲੋਕਾਂ ਦੇ ਝਾਂਸੇ ਵਿਚ ਆ ਕੇ ਆਪਣੇ ਪੁੱਤ ਜਾਂ ਧੀ ਨੂੰ ਵਿਦੇਸ਼ ਵਿਚ ਵਿਆਹੁਣ ਲਈ ਲੱਖਾਂ ਰੁਪਏ ਲਗਾ ਦਿੰਦੇ ਹਨ। ਠੱਗ ਲਾੜੇ-ਲਾੜੀਆਂ ਇੱਥੇ ਮੌਜ-ਮਸਤੀ ਕਰ ਕੇ ਵਿਦੇਸ਼ਾਂ ਨੂੰ ਉਡਾਰੀ ਮਾਰ ਜਾਂਦੇ ਹਨ ਤੇ ਪਿੱਛੋਂ ਵਿਆਂਦੜ ਧੀ ਜਾਂ ਪੁੱਤ ਦੀਆਂ ਉਡੀਕਾਂ ਵਿਚ ਜ਼ਿੰਦਗੀ ਬਰਬਾਦ ਹੋ ਜਾਂਦੀ ਹੈ। ਇਸ ਲਈ ਲੋਕਾਂ ਨੂੰ ਐੱਨ. ਆਰ. ਆਈਜ਼ ਦੀ ਚੰਗੀ ਤਰ੍ਹਾਂ ਛਾਣਬੀਣ ਕਰ ਕੇ ਧੀ ਜਾਂ ਪੁੱਤ ਦਾ ਰਿਸ਼ਤਾ ਕਰਨਾ ਚਾਹੀਦਾ ਹੈ।

**ਸਿੱਖੀ ਦੀ ਪ੍ਰਫੁੱਲਤਾ 'ਚ ਪਰਵਾਸੀ ਸਿੱਖਾਂ ਦਾ ਵਧੇਰੇ ਯੋਗਦਾਨ**

ਸਿੱਖੀ ਦੀ ਪ੍ਰਫੁੱਲਤਾ ਬਾਰੇ ਪੁੱਛੇ ਜਾਣ 'ਤੇ ਰਣਜੀਤ ਸਿੰਘ ਟੁੱਟ ਨੇ ਕਿਹਾ ਕਿ ਅਮਰੀਕਾ ਤੇ ਕੈਨੇਡਾ ਵਿਚ ਵੱਸਦੇ ਪਰਵਾਸੀ ਵੀਰ, ਸਿੱਖੀ ਦੀ ਪ੍ਰਫੁੱਲਤਾ ਲਈ ਭਾਰਤ ਤੇ ਖ਼ਾਸ ਕਰਕੇ ਪੰਜਾਬ ਦੇ ਸਿੱਖਾਂ ਨਾਲੋਂ ਵਧੇਰੇ ਯੋਗਦਾਨ ਪਾ ਰਹੇ ਹਨ। ਪਰਵਾਸੀ ਸਿੱਖੀ ਗੁਰੂ ਸਾਹਿਬਾਨ ਦੇ ਫਲਸਫੇ ਕਿਰਤ ਕਰੋ, ਵੰਡ ਕੇ ਛਕੋ ਤੇ ਨਾਮ ਜਪੋ ਦੇ ਮੂਲ ਮੰਤਰ 'ਤੇ ਪਹਿਰਾ ਦੇ ਰਹੇ ਹਨ। ਉਹ ਦਿਨ-ਰਾਤ ਕਿਰਤ ਕਰਦੇ ਹਨ ਤੇ ਆਪਣੀ ਕਮਾਈ ਵਿਚੋਂ ਦਸਵੰਧ ਕੱਢਦੇ ਹਨ ਤੇ ਲੋੜਵੰਦ ਤੇ ਗ਼ਰੀਬ ਦੀ ਮਦਦ ਕਰਦਿਆਂ ਸਿੱਖੀ ਸਰੂਪ ਵਿਚ ਰਹਿੰਦੇ ਹਨ। ਸਿੱਖਾਂ ਵੱਲੋਂ ਸਮਾਜ ਤੇ ਆਮ ਲੋਕਾਂ ਲਈ ਕੀਤੇ ਜਾਂਦੇ ਕੰਮਾਂ ਦੀ ਚਰਚਾ ਵਿਸ਼ਵ ਪੱਧਰ 'ਤੇ ਹੁੰਦੀ ਰਹਿੰਦੀ ਹੈ, ਚਾਹੇ ਉਹ ਲੰਗਰ ਲਗਾਉਣ ਦੀ ਹੋਵੇ ਤਾਂ ਫੇਰ ਕਿਸੇ ਆਫ਼ਤ ਵੇਲੇ ਪੀੜਤ ਲੋਕਾਂ ਦੀ ਮਦਦ ਕਰਨ ਦੀ ਹੋਵੇ। ਉਨ੍ਹਾਂ ਦੱਸਿਆ ਕਿ ਅਮਰੀਕਾ ਤੇ ਕੈਨੇਡਾ ਵਿਚਲੇ ਗੁਰੂ ਘਰਾਂ ਵਿਚ ਲੋਕਾਂ ਨੂੰ ਗੁਰੂ ਸਾਹਿਬਾਨ ਦੇ ਫਲਸਫੇ ਤੋਂ ਜਾਣੂ ਕਰਵਾਉਣ ਲਈ ਪ੍ਰੋਗਰਾਮ ਕਰਵਾਏ ਜਾਂਦੇ ਹਨ ਤੇ ਨਵੀਂ ਪੀੜ੍ਹੀ ਨੂੰ ਵਿਰਾਸਤ ਨਾਲ ਜੋੜੀ ਰੱਖਣ ਲਈ ਗੁਰਦੁਆਰਿਆਂ ਵਿਚ ਸਕੂਲ ਖੋਲ੍ਹੇ ਗਏ ਹਨ, ਜਿੱਥੇ ਪੰਜਾਬੀ ਤੇ ਗੁਰਬਾਣੀ ਦਾ ਗਿਆਨ ਦਿੱਤਾ ਜਾਂਦਾ ਹੈ।

**ਪੈਨ ਕਾਰਡ ਲੈਣ ਦੀ ਸ਼ਰਤ ਨੇ ਸਾਹ ਸੂਤੇ**

ਟੁੱਟ ਨੇ ਦੱਸਿਆ ਕਿ ਕੇਂਦਰ ਸਰਕਾਰ ਵੱਲੋਂ ਪਰਵਾਸੀ ਭਾਰਤੀਆਂ ਦੇ ਐੱਨਆਰਆਈ ਖਾਤਿਆਂ ਵਿਚੋਂ ਰਾਸ਼ੀ ਕਢਵਾਉਣ ਲਈ ਪੈਨ ਕਾਰਡ ਦੀ ਸ਼ਰਤ ਨੇ ਪਰਵਾਸੀ ਪੰਜਾਬੀਆਂ ਦੇ ਸਾਹ-ਸੂਤੇ ਹੋਏ ਹਨ। ਪਰਵਾਸੀ ਭਾਰਤੀਆਂ ਵਿਚ ਚਰਚਾ ਹੈ ਕਿ ਇਸ ਸ਼ਰਤ ਕਾਰਨ ਉਨ੍ਹਾਂ ਦੀ ਭਾਰਤੀ ਬੈਂਕਾਂ ਵਿਚ ਰਾਸ਼ੀ ਡੁੱਬ ਜਾਵੇਗੀ। ਕਈ ਪਰਵਾਸੀ ਭਾਰਤੀਆਂ ਨੇ ਆਪਣੇ ਬੈਂਕ ਖਾਤੇ ਬੰਦ ਕਰਵਾਉਣੇ ਸ਼ੁਰੂ ਕਰ ਦਿੱਤੇ ਹਨ। ਅਜਿਹੀਆਂ ਨੀਤੀਆਂ ਕਾਰਨ ਪਰਵਾਸੀ ਭਾਰਤੀ ਇੱਥੇ ਨਿਵੇਸ਼ ਕਰਨ ਤੋਂ ਝਿਜਕਦੇ ਹਨ, ਕਿਉਂਕਿ ਉਨ੍ਹਾਂ ਨੂੰ ਕਈ ਤਰ੍ਹਾਂ ਦੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

# ਪਿੰਡ ਬੱਸੀਆਂ ਹਰੇਕ ਜੀਅ ਵਿਦੇਸ਼ ਜਾ ਵਸਿਆ

**• ਕੈਨੇਡਾ ਜਾਣ ਦਾ ਰੁਝਾਨ ਵਧਿਆ • ਬੇਰੁਜ਼ਗਾਰੀ ਨੇ ਪੰਜਾਬੀ ਯੂਥ ਨੂੰ ਪ੍ਰਵਾਸ ਲਈ ਕੀਤਾ ਮਜ਼ਬੂਰ**

ਜਗਰਾਓਂ/ਬਿਊਰੋ ਨਿਊਜ਼:
ਰਾਏਕੋਟ ਮਾਰਗ ਉੱਤੇ ਸਥਿਤ ਕਸਬਾਨੁਮਾ ਪਿੰਡ ਬੱਸੀਆਂ ਵਿਚੋਂ ਵੱਡੀ ਗਿਣਤੀ ਵਿੱਚ ਪਰਵਾਸ ਹੋਇਆ ਹੈ। ਪਿੰਡ ਵਿਚ ਵੋਟ-ਆਬਾਦੀ 6500 ਹੈ, ਸ਼ਾਇਦ ਹੀ ਕੋਈ ਅਜਿਹਾ ਘਰ ਹੋਵੇ ਜਿਨ੍ਹਾਂ ਦਾ ਕੋਈ ਜੀਅ ਵਿਦੇਸ਼ ਵਿੱਚ ਨਾ ਗਿਆ ਹੋਵੇ। ਪਹਿਲਾਂ ਵਿਆਹ ਵਿਦੇਸ਼ ਜਾਣ ਦਾ ਜ਼ਰੀਆ ਬਣੇ। ਵਿਆਹ ਵਾਲੇ ਮੁੰਡੇ ਕੁੜੀ ਦੇ ਮਗਰ ਹੀ ਬਾਕੀ ਟੱਬਰ ਵਿਦੇਸ਼ ਪਹੁੰਚ ਜਾਂਦਾ ਸੀ। ਬਾਅਦ ਵਿੱਚ ਪਰਮਾਨੈਂਟ ਰੈਸੀਡੈਂਸੀ ਰਾਹੀਂ ਇਸ ਰੁਝਾਨ ਨੇ ਤੇਜ਼ੀ ਫੜੀ ਅਤੇ ਹੁਣ ਆਈਲੈੱਟਸ ਕਰ ਕੇ ਪੜ੍ਹਾਈ ਲਈ ਵਿਦੇਸ਼ ਜਾਣ ਵਾਲਿਆਂ ਨੇ ਇਸ ਰੁਝਾਨ ਨੂੰ ਖੰਭ ਲਗਾ ਦਿੱਤੇ। ਪਿੰਡ ਬੱਸੀਆਂ ਵਿੱਚੋਂ ਪਿਛਲੇ ਜਨਵਰੀ ਮਹੀਨੇ ਦੇ ਸੈਸ਼ਨ ਵਿੱਚ ਸੱਤ ਕੁੜੀਆਂ ਸਮੇਤ 48 ਜੀਅ ਕੈਨੇਡਾ ਸਮੇਤ ਹੋਰਨਾਂ ਮੁਲਕਾਂ ਲਈ ਆਈਲੈੱਟਸ ਕਰ ਕੇ ਪੜ੍ਹਾਈ ਲਈ ਜਹਾਜ਼ ਚੜ੍ਹੇ ਹਨ। ਇਨ੍ਹਾਂ ਵਿੱਚੋਂ ਕੈਨੇਡਾ ਵੀਹ ਅਤੇ ਬਾਕੀ ਯੂਰਪੀ ਮੁਲਕਾਂ ਵਿੱਚ ਗਏ ਹਨ। ਮੋਹਿਤ ਕੁਮਾਰ ਆਸਟਰੇਲੀਆ ਦੇ ਸ਼ਹਿਰ ਸਿਡਨੀ ਗਿਆ ਹੈ। ਦਿਲਦੀਪ ਰਾਏ ਨੌਰਵੇ ਦੇ ਸ਼ਹਿਰ ਓਸਲੋ ਗਿਆ ਹੈ। ਮਨਪ੍ਰੀਤ ਕੌਰ ਕੈਨੇਡਾ ਵਿੱਚ ਨਿਆਗਰਾ ਫਾਲਜ਼ ਦੇ ਲਾਗੇ ਕਿਸੇ ਕਾਲਜ ਵਿੱਚ ਪੜ੍ਹਾਈ ਲਈ ਗਈ ਹੈ। ਬੱਚਿਆਂ ਨੂੰ ਆਈਲੈੱਟਸ ਕਰਵਾ ਕੇ ਕੈਨੇਡਾ ਭੇਜਣ ਵਾਲੇ ਪ੍ਰੀਤਮ ਸਿੰਘ, ਹਾਕਮ ਸਿੰਘ, ਕੰਵਲਜੀਤ ਸਿੰਘ, ਭੁਪਿੰਦਰ ਸਿੰਘ ਸਮੇਤ ਹੋਰਨਾਂ ਮਾਪਿਆਂ ਨੇ ਬੇਬਾਕੀ ਨਾਲ ਆਖਿਆ ਕਿ ਵੀਹ ਲੱਖ ਰੁਪਏ ਖਰਚ ਕੇ ਉਹ ਕਈ ਜ਼ਿੰਮੇਵਾਰੀਆਂ ਤੋਂ ਸੁਰਖਰੂ ਹੋ ਗਏ ਹਨ। ਬਾਰ੍ਹਵੀਂ ਤੋਂ ਬਾਅਦ ਬੱਚਿਆਂ ਨੂੰ ਇਥੇ ਪੜ੍ਹਾਉਣ ਉੱਤੇ ਆਉਣ ਵਾਲੇ ਖਰਚ ਨਾਲੋਂ ਵੱਡੀ ਚਿੰਤਾ ਉਨ੍ਹਾਂ ਦੇ ਨਸ਼ਿਆਂ ਵਿੱਚ ਗ੍ਰਸਿਤ ਹੋਣ ਦੇ ਖ਼ਤਰੇ ਦੀ ਹੁੰਦੀ ਹੈ। ਇਥੇ ਬੱਚਿਆਂ ਦੇ ਨਸ਼ਿਆਂ ਤੋਂ ਇਲਾਵਾ ਗੈਂਗਸਟਰਪੁਣੇ ਅਤੇ ਖ਼ਰਾਬ ਸਿਸਟਮ ਵਿੱਚ ਨਪੀੜੇ ਜਾਣ ਦਾ ਖ਼ਦਸ਼ਾ ਹਮੇਸ਼ਾ ਸਤਾਉਂਦਾ ਰਹਿੰਦਾ ਹੈ। ਇਨ੍ਹਾਂ ਨੇ ਬੈਂਕ ਵਿੱਚੋਂ ਕਰਜ਼ਾ ਲੈ ਕੇ, ਸਰਕਾਰੀ ਨੌਕਰੀ ਵਾਲਿਆਂ ਨੇ ਫੰਡ ਵਿੱਚੋਂ ਪੈਸੇ ਕੱਢਵਾ ਕੇ, ਕਿਸੇ ਨੇ ਜ਼ਮੀਨ ਵਿੱਚੋਂ ਅਤੇ ਹੋਰ ਓਹੜ-ਪੋਹੜ ਕਰ ਕੇ ਬੱਚੇ ਕੈਨੇਡਾ ਭੇਜੇ ਹਨ। ਉਨ੍ਹਾਂ ਨੂੰ ਤਸੱਲੀ ਹੈ ਕਿ ਜੁਆਕ ਉਥੇ ਪੜ੍ਹਾਈ ਕਰ ਕੇ ਕਿਸੇ ਨਾ ਕਿਸੇ ਤਰ੍ਹਾਂ ਸੈੱਟ ਹੋ ਜਾਣਗੇ। ਇਹ ਸਾਰਾ ਕੁਝ ਕੁ ਸ਼ਬਦਾਂ ਦੇ ਹੇਰ-ਫੇਰ ਨਾਲ ਇੱਕੋ ਗੱਲ ਕਹਿੰਦੇ ਹਨ ਕਿ ਜੇ ਜੁਆਕਾਂ ਨੂੰ ਇਥੇ ਆਪਣੇ ਕੋਲ ਰੱਖਦੇ ਤਾਂ ਨੌਕਰੀ ਜਾਂ ਕਾਰੋਬਾਰ ਕਰਵਾਉਣ ਤੋਂ ਲੈ ਕੇ ਘਰ ਬਣਾਉਣ ਉਪਰ ਲੱਖਾਂ ਦਾ ਖਰਚਾ ਕਰਨਾ ਪੈਣਾ ਸੀ। ਇਸ ਤੋਂ ਚੰਗਾ ਵੀਹ ਲੱਖ ਲਾ ਕੇ ਜੁਆਕਾਂ ਦੀ ਜ਼ਿੰਦਗੀ ਬਣਾ ਦਿਓ। ਤਰਲੋਚਨ ਸਿੰਘ ਨੇ ਆਖਿਆ, "ਇੰਜੀਨੀਰਿੰਗ ਕਰਵਾ ਕੇ ਇਥੇ ਦਸ ਹਜ਼ਾਰ ਦੀ ਨੌਕਰੀ ਮਿਲਣੀ ਸੀ, ਉਥੇ ਕਾਕਾ ਪੇਪਰਾਂ ਵਿੱਚੋਂ 90-90 ਨੰਬਰ ਲੈ ਰਿਹਾ ਅਤੇ ਨਾਲ ਲੋੜ ਮੁਤਾਬਕ ਕੰਮ ਵੀ ਕਰ ਲੈਂਦਾ ਹੈ। ਸਾਲ ਦੀ ਫ਼ੀਸ ਭਰੀ ਹੋਈ ਹੈ ਅਤੇ ਉਦੋਂ ਤੱਕ ਉਸ ਨੇ ਪੈਰਾਂ ਸਿਰ ਹੋ ਕੇ ਕੰਮ ਕਰਨਾ ਅਤੇ ਖਰਚਾ ਕੱਢਣਾ ਸ਼ੁਰੂ ਕਰ ਦੇਣਾ।"

ਇੰਝ ਹੀ ਰਜਿੰਦਰ ਸਿੰਘ ਨੇ ਕਿਹਾ, "ਇਥੇ ਜੁਆਕ ਨੂੰ ਬਾਰ੍ਹਵੀਂ ਵਿੱਚ ਸਸਤਾ ਜਿਹਾ ਮੋਬਾਈਲ ਲੈ ਕੇ ਦਿੱਤਾ ਸੀ। ਉਥੇ ਉਸ ਨੇ ਤੀਜੇ ਮਹੀਨੇ ਹੀ ਆਈ-ਫੋਨ ਲੈ ਲਿਆ ਅਤੇ ਨਾਲੇ ਲੈਪਟਾਪ ਵੀ।"

ਮਾਸਟਰ ਰਵਿੰਦਰ ਸਿੰਘ ਧਾਲੀਵਾਲ ਦਾ ਕਹਿਣਾ ਸੀ ਕਿ ਉਨ੍ਹਾਂ ਦਾ ਲੜਕਾ ਕ੍ਰਿਕਟ ਦਾ ਖਿਡਾਰੀ ਹੈ ਅਤੇ ਦੇਸ਼ ਲਈ ਖੇਡਣਾ ਚਾਹੁੰਦਾ ਸੀ। ਇਥੇ ਉਸ ਨੂੰ ਜ਼ਿਲ੍ਹਾ ਪੱਧਰ ਤੋਂ ਅੱਗੇ ਜਾਣ ਦਾ ਮੌਕਾ ਨਹੀਂ ਮਿਲਿਆ ਪਰ ਕੈਨੇਡਾ ਜਾ ਕੇ ਉਸ ਨੇ ਕਲੱਬ ਕ੍ਰਿਕਟ ਖੇਡਣੀ ਸ਼ੁਰੂ ਕਰ ਦਿੱਤੀ ਹੈ।

ਉਹ ਕਹਿੰਦੇ ਹਨ ਕਿ ਪੰਜਾਬ ਦੇ ਪਿੰਡਾਂ ਵਿੱਚ 'ਹਵਾ' ਹੀ ਅਜਿਹੀ ਚੱਲ ਪਈ ਹੈ ਕਿ ਹਰੇਕ ਨੌਜਵਾਨ ਆਪਣੇ ਸਹਿਪਾਠੀਆਂ ਨੂੰ ਵਿਦੇਸ਼ ਜਾਂਦਾ ਦੇਖ ਕੇ ਖ਼ੁਦ ਵਿਦੇਸ਼ ਜਾਣ ਦੇ ਸੁਫ਼ਨੇ ਦੇਖਣ ਲੱਗਦਾ ਹੈ।



**ਜਗਰਾਓਂ-ਰਾਏਕੋਟ ਮਾਰਗ ਉੱਤੇ ਸਥਿਤ ਕਸਬਾਨੁਮਾ ਪਿੰਡ ਬੱਸੀਆਂ**

## ਟਿਮ ਉੱਪਲ ਦਾ ਪਿੰਡ ਹੈ ਬੱਸੀਆਂ

ਕੈਨੇਡਾ ਵਿੱਚ ਕੰਜ਼ਰਵੇਟਿਵ ਪਾਰਟੀ ਦੀ ਪਿਛਲੀ ਸਟੀਫਨ ਹਾਰਪਰ ਸਰਕਾਰ ਵਿਚ ਮੰਤਰੀ ਰਹੇ ਟਿਮ ਉੱਪਲ ਮੂਲ ਰੂਪ ਵਿੱਚ ਬੱਸੀਆਂ ਨਾਲ ਹੀ ਸਬੰਧਿਤ ਹਨ। ਉਹ ਵੀ ਇਥੋਂ ਦੇ ਨੌਜਵਾਨਾਂ ਲਈ ਵਿਦੇਸ਼ਾਂ ਵਿੱਚ ਰੋਲ ਮਾਡਲ ਹਨ। ਪੰਜਾਬੀ ਅਧਿਆਪਕ ਰਵਿੰਦਰ ਧਾਲੀਵਾਲ ਦੇ ਦਾਦਾ ਕਰਤਾਰ ਸਿੰਘ ਧਾਲੀਵਾਲ ਪਿੰਡ ਦੇ ਸਰਪੰਚ ਰਹਿ ਚੁੱਕੇ ਹਨ। ਸਤਾਰਾਂ ਕਿੱਲੇ ਜ਼ਮੀਨ ਦੇ ਮਾਲਕ ਸਰਕਾਰੀ ਅਧਿਆਪਕ ਦੇ ਪਿਤਾ ਏਅਰ ਫੋਰਸ ਵਿੱਚੋਂ ਸੇਵਾਮੁਕਤ ਹੋਏ ਹਨ। ਪਿੰਡ ਵਿੱਚ ਨਵੀਂ ਕੋਠੀ ਪਾਈ ਹੈ ਅਤੇ ਭੈਣ ਤੋਂ ਇਲਾਵਾ ਚਾਚੇ-ਤਾਏ ਸਭ ਵਿਦੇਸ਼ਾਂ ਵਿੱਚ ਹਨ। ਇੱਕ ਵੱਡੀ ਅਤੇ ਇੱਕ ਛੋਟੀ ਕਾਰ ਕੋਠੀ ਦਾ ਸ਼ਿੰਗਾਰ ਹੈ। ਵੱਡੇ ਅੱਖਰਾਂ ਵਿੱਚ ਅੰਗਰੇਜ਼ੀ ਵਿੱਚ 'ਹਮਰ' ਦੇ ਬੋਰਡ ਵਾਲਾ ਟਰੈਕਟਰ ਵੀ ਵਿਹੜੇ ਵਿੱਚ ਖੜ੍ਹਾ ਹੈ। ਸੌਖੀ ਜ਼ਿੰਦਗੀ ਦੇ ਬਾਵਜੂਦ ਉਨ੍ਹਾਂ ਬੱਚਿਆਂ ਨੂੰ ਵਿਦੇਸ਼ ਭੇਜਣ ਦਾ 'ਔਖਾ' ਫ਼ੈਸਲਾ ਲਿਆ। ਤਿੰਨ ਮਹੀਨੇ ਪਹਿਲਾਂ ਆਪਣੇ ਬੇਟੇ ਗੁਰਦੀਪ ਸਿੰਘ ਨੂੰ +2 ਤੋਂ ਬਾਅਦ 6.5 ਬੈਂਡ ਨਾਲ ਆਈਲੈੱਟਸ ਕਰਵਾ ਕੇ ਬਰੈਂਪਟਨ (ਕੈਨੇਡਾ) ਭੇਜਣ ਤੋਂ ਬਾਅਦ ਡਿਪਲੋਮਾ ਕਰ ਰਹੇ ਦੂਜੇ ਬੇਟੇ ਗਗਨਦੀਪ ਸਿੰਘ ਨੂੰ ਵੀ ਉਹ ਕੈਨੇਡਾ ਹੀ ਭੇਜਣ ਦੀ ਤਿਆਰੀ ਕਰ ਰਹੇ ਹਨ। ਉਹ ਖ਼ੁਦ ਪੱਕੇ ਤੌਰ 'ਤੇ ਕੈਨੇਡਾ ਜਾ ਕੇ ਵਸਣ ਦੇ ਹਾਮੀ ਨਹੀਂ ਹਨ। ਪੰਜਾਬ ਸਰਕਾਰ ਦੇ ਖੁਫ਼ੀਆ ਵਿਭਾਗ ਵਿੱਚ ਤਾਇਨਾਤ ਇਸੇ ਪਿੰਡ ਦੇ ਮਹਿੰਦਰ ਸਿੰਘ ਦੇ ਦੋ ਲੜਕੇ ਹਨ। ਪਰਮਜੀਤ ਸਿੰਘ ਨੂੰ ਬਾਰ੍ਹਵੀਂ ਤੋਂ ਬਾਅਦ ਕੈਨੇਡਾ ਭੇਜਣ ਦਾ ਯਤਨ ਨਾਕਾਮ ਹੋਇਆ ਤਾਂ ਹੁਣ ਬੀ.ਟੈੱਕ ਕਰਵਾ ਕੇ ਪਿਛਲੇ ਮਹੀਨੇ ਹੀ ਉਸ ਨੂੰ ਟੋਰਾਂਟੋ ਭੇਜਿਆ ਹੈ। ਮਹਿੰਦਰ ਸਿੰਘ ਨੇ ਦੱਸਿਆ ਕਿ ਆਈਲੈੱਟਸ ਕਰਕੇ ਬੱਚਿਆਂ ਦਾ ਵਿਦੇਸ਼ ਜਾਣਾ ਆਮ ਗੱਲ ਹੈ। ਲੋਕ ਬੱਚੇ ਵਿਦੇਸ਼ ਭੇਜਣ ਸਮੇਂ ਦੱਸਦੇ ਵੀ ਨਹੀਂ ਅਤੇ ਕਈ ਵਾਰ ਪਿੰਡ ਵਿੱਚ ਬਾਅਦ ਵਿੱਚ ਹੀ ਪਤਾ ਲੱਗਦਾ ਹੈ। ਉਹ ਜਦ ਪਿੰਡ ਵਿਚਲੀ ਦੁਕਾਨ ਤੋਂ ਵਿਦੇਸ਼ ਜਾ ਰਹੇ ਪੁੱਤ ਦੇ ਅਟੈਚੀ ਬੰਨ੍ਹਣ ਲਈ ਰੱਸੀ ਲੈਣ ਗਏ ਤਾਂ ਦੁਕਾਨਦਾਰ ਤੋਂ ਇਹ ਗੱਲ ਪਤਾ ਲੱਗੀ ਕਿ ਹਫ਼ਤੇ ਅੰਦਰ ਤਿੰਨ ਜਣੇ ਹੋਰ ਇਹੋ ਰੱਸੀ ਲੈ ਕੇ ਗਏ ਹਨ ਕਿਉਂਕਿ ਉਨ੍ਹਾਂ ਦੇ ਕਾਕੇ ਵੀ ਆਈਲੈੱਟਸ ਕਰਕੇ ਵਿਦੇਸ਼ ਜਾਣੇ ਸਨ।

## ਪੰਜਾਬ ਸਰਕਾਰ ਨੇ ਬਿਜਲੀ ਉੱਤੇ ਅਗਾਊਂ ਸਬਸਿਡੀ ਦੇਣ ਤੋਂ ਹੱਥ ਖੜ੍ਹੇ ਕੀਤੇ

**ਪਟਿਆਲਾ/ਬਿਊਰੋ ਨਿਊਜ਼:** ਪੰਜਾਬ ਸਰਕਾਰ ਪਾਵਰਕੌਮ (ਪੀਐਸਪੀਸੀਐਲ) ਨੂੰ ਅਗਾਊਂ ਸਬਸਿਡੀ ਦੇਣ ਤੋਂ ਭੱਜ ਗਈ ਹੈ। ਸਰਕਾਰ ਨੇ ਮੰਨਿਆ ਹੈ ਕਿ ਮਾੜੀ ਵਿੱਤੀ ਹਾਲਤ ਦੇ ਚਲਦਿਆਂ ਸਾਲ 2017-18 ਲਈ ਬਿਜਲੀ ਦੀ ਅਗਾਊਂ ਸਬਸਿਡੀ ਦੇ ਨਾਲ ਨਾਲ ਸਰਕਾਰ ਵੱਲੋਂ ਇੰਡਸਟੀ ਲਈ ਐਲਾਨੇ ਪੰਜ ਰੁਪਏ ਪ੍ਰਤੀ ਯੂਨਿਟ ਦੇ ਹਿਸਾਬ ਪਾਬੰਦਸ਼ੁਦਾ ਸਬਸਿਡੀ ਦੇਣੀ ਔਖੀ ਹੈ। ਸਰਕਾਰ ਦੇ ਇਸ ਐਲਾਨ ਦੇ ਨਾਲ ਬਿਜਲੀ ਮਹਿਕਮੇ ਨੂੰ ਅਦਾਇਗੀਯੋਗ ਰਕਮ 11542 ਕਰੋੜ ਰੁਪਏ ਬਣ ਗਈ ਹੈ ਜਿਸ ਦੀ ਅਦਾਇਗੀ ਨਾ ਹੋਣ ਕਾਰਨ ਬਿਜਲੀ ਮਹਿਕਮੇ ਦਾ ਚੱਲਣਾ ਹੁਣ ਔਖਾ ਹੋ ਗਿਆ ਹੈ। ਇਸ ਦਾ ਵੱਡਾ ਕਾਰਨ ਸਰਕਾਰ ਵੱਲੋਂ ਇਹ ਦੱਸਿਆ ਜਾ ਰਿਹਾ ਹੈ ਆਟਾ ਦਾਲ ਸਕੀਮ ਸਮੇਤ ਹੋਰ ਰਾਸ਼ਨ ਸਬਸਿਡੀ ਦੇ ਖਾਤੇ 3000 ਕਰੋੜ ਰੁਪਏ ਜਾਣ ਨਾਲ ਉਹ ਬਿਜਲੀ ਦੀ ਸਬਸਿਡੀ ਦੇਣ ਤੋਂ ਨਾਕਾਮ ਰਹੀ ਹੈ। ਇਸ ਸਬੰਧੀ ਅਪਰੈਲ 2017 ਵਿੱਚ ਸੇਵਾਮੁਕਤ ਇੰਜਨੀਅਰ ਪਦਮਜੀਤ ਸਿੰਘ ਨੇ ਪਟੀਸ਼ਨ ਦਾਖ਼ਲ ਕੀਤੀ ਸੀ ਕਿ ਸਰਕਾਰ ਵੱਲੋਂ ਵੱਖ ਵੱਖ ਵਰਗਾਂ ਨੂੰ ਐਲਾਨੀਆਂ ਸਬਸਿਡੀਆਂ ਬਿਜਲੀ ਮਹਿਕਮੇ ਦੇ ਖਾਤੇ ਵਿੱਚ ਪਹੁੰਚਣੀਆਂ ਚਾਹੀਦੀਆਂ ਹਨ ਜਿਸ ਦੇ ਜਵਾਬ ਵਿੱਚ ਸਰਕਾਰ ਨੇ ਕਿਹਾ ਸੀ ਕਿ ਸਰਕਾਰ ਦੀ ਮਾੜੀ ਮਾਲੀ ਹਾਲਤ ਕਾਰਨ ਉਹ ਪੰਜਾਬ ਸਟੇਟ ਰੈਗੂਲੇਟਰੀ ਕਮਿਸ਼ਨ (ਪੀਐਸਈਆਰਸੀ) ਨੂੰ ਅਗਾਊਂ ਸਬਸਿਡੀ ਦੇਣ ਤੋਂ ਅਸਮਰੱਥ ਹੈ।

# ਕੈਪਟਨ ਸਰਕਾਰ ਦੀ ਮਾਲੀ ਹਾਲਤ 'ਚ ਨਹੀਂ ਕੋਈ ਸੁਧਾਰ

**ਚੰਡੀਗੜ੍ਹ/ਬਿਊਰੋ ਨਿਊਜ਼ :**
ਪੰਜਾਬ ਨੂੰ ਗੰਭੀਰ ਵਿੱਤੀ ਸੰਕਟ ਵਿੱਚੋਂ ਕੱਢਣ ਲਈ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠਲੀ ਕਾਂਗਰਸ ਸਰਕਾਰ ਵੱਲੋਂ ਠੋਸ ਕਦਮ ਨਾ ਚੁੱਕਣ ਕਾਰਨ ਸਰਕਾਰ ਦੀ ਕਾਰਗੁਜ਼ਾਰੀ 'ਤੇ ਕਾਫ਼ੀ ਅਸਰ ਪੈ ਰਿਹਾ ਹੈ। ਵਿੱਤੀ ਪੱਖੋਂ ਸਰਕਾਰ ਵੱਲੋਂ ਲਏ ਗਏ ਫ਼ੈਸਲਿਆਂ ਦੀ ਪੜਚੋਲ ਕਰਨ 'ਤੇ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਸਰਕਾਰ ਆਪਣੇ ਪਹਿਲੇ ਸਾਲ ਦੌਰਾਨ 'ਰਾਜਸੀ ਇੱਛਾ ਸ਼ਕਤੀ' ਦਾ ਪ੍ਰਗਟਾਵਾ ਕਰਨ ਵਿੱਚ ਕਾਮਯਾਬ ਨਹੀਂ ਹੋਈ ਤੇ ਡੰਗ ਟਪਾਈ ਤੋਂ ਅੱਗੇ ਨਹੀਂ ਵਧ ਸਕੀ। ਅਹਿਮ ਸਵਾਲ ਇਹ ਵੀ ਖੜ੍ਹਾ ਹੁੰਦਾ ਹੈ ਕਿ ਵਿੱਤ ਮੰਤਰੀ ਮਨਪ੍ਰੀਤ ਬਾਦਲ ਨੇ ਪਲੇਠਾ ਬਜਟ ਪੇਸ਼ ਕਰਦਿਆਂ ਪਹਿਲਾਂ ਤੋਂ ਚੱਲ ਰਹੀਆਂ ਸਕੀਮਾਂ ਅਤੇ ਕੇਂਦਰੀ ਯੋਜਨਾਵਾਂ ਅਧੀਨ ਜੋ ਪੈਸਾ ਦੇਣ ਦਾ ਵਾਅਦਾ ਕੀਤਾ ਸੀ, ਵਿੱਤ ਵਿਭਾਗ ਉਸ 'ਤੇ ਵੀ ਖ਼ਰਾ ਨਹੀਂ ਉਤਰ ਸਕਿਆ। ਹਾਲਤ ਇਹ ਹੈ ਕਿ ਸਰਕਾਰ ਵੱਲੋਂ ਤਨਖ਼ਾਹਾਂ ਅਤੇ ਹੋਰ ਬੱਝਵੇਂ ਖ਼ਰਚ ਦਾ ਜੁਗਾੜ ਕਰਨ 'ਚ ਹੀ ਸ਼ਕਤੀ ਲਗਾ ਦਿੱਤੀ ਗਈ। ਪੰਜਾਬ ਸਰਕਾਰ ਦੀ ਵਿੱਤੀ ਫਰੰਟ 'ਤੇ ਹਾਲਤ ਏਨੀ ਮਾੜੀ ਬਣੀ ਹੋਈ ਹੈ ਕਿ ਸਾਲਾਨਾ ਆਮਦਨ ਨਾਲੋਂ ਖ਼ਰਚੇ ਜ਼ਿਆਦਾ ਹਨ। ਚਲੰਤ ਮਾਲੀ ਸਾਲ ਦੇ ਬਜਟ ਦਾ ਲੇਖਾ ਜੋਖਾ ਕਰਦਿਆਂ ਇਹ ਤੱਥ ਸਾਹਮਣੇ ਆਉਂਦੇ ਹਨ ਕਿ ਖ਼ਰਚਾ 107 ਫ਼ੀਸਦੀ ਤੱਕ ਪਹੁੰਚ ਗਿਆ ਹੈ ਤੇ ਬੱਝਵੇਂ ਖ਼ਰਚੇ ਵੀ ਕਰਜ਼ਾ ਚੁੱਕ ਕੇ ਕੀਤੇ ਜਾਂਦੇ ਹਨ।

ਸਰਕਾਰ ਦੀ ਸਾਰੇ ਸਰੋਤਾਂ ਤੋਂ ਆਮਦਨ ਸਾਲ ਵਿੱਚ 60 ਹਜ਼ਾਰ ਕਰੋੜ ਰੁਪਏ ਦੇ ਕਰੀਬ ਹੈ, ਜਿਸ ਵਿੱਚੋਂ 24 ਹਜ਼ਾਰ ਕਰੋੜ ਰੁਪਏ ਦੇ ਕਰੀਬ ਸਾਲ ਵਿੱਚ ਤਨਖ਼ਾਹਾਂ ਦੇ ਭੁਗਤਾਨ 'ਤੇ ਖ਼ਰਚਿਆ ਜਾਂਦਾ ਹੈ। ਇਸੇ ਤਰ੍ਹਾਂ 10 ਹਜ਼ਾਰ ਕਰੋੜ ਰੁਪਏ ਤੋਂ ਜ਼ਿਆਦਾ ਪੈਨਸ਼ਨਾਂ ਦੇ ਭੁਗਤਾਨ 'ਤੇ ਖ਼ਰਚ ਹੋ ਜਾਂਦਾ ਹੈ। ਸਰਕਾਰ ਵੱਲੋਂ ਲਏ ਗਏ ਕਰਜ਼ੇ ਦੀਆਂ ਕਿਸ਼ਤਾਂ ਦੇ ਰੂਪ ਵਿੱਚ ਸਾਲਾਨਾ 14 ਹਜ਼ਾਰ ਕਰੋੜ ਰੁਪਏ ਅਦਾ ਕੀਤੇ ਜਾਂਦੇ ਹਨ। ਇਸੇ ਤਰ੍ਹਾਂ 11 ਹਜ਼ਾਰ ਕਰੋੜ ਰੁਪਏ ਦੇ ਕਰੀਬ ਸਬਸਿਡੀਆਂ ਦਾ ਅਦਾ ਕਰਨਾ ਸੀ। ਸਪੱਸ਼ਟ ਹੈ ਕਿ ਸਰਕਾਰ ਕੋਲ ਵਿਕਾਸ ਕਾਰਜਾਂ ਜਾਂ ਕੇਂਦਰੀ ਸਕੀਮਾਂ ਵਿੱਚ ਪੈਸਾ ਪਾਉਣ ਲਈ ਧੇਲਾ ਵੀ ਨਹੀਂ। ਸਰਕਾਰ ਵੱਲੋਂ ਵਿੱਤੀ ਹਾਲਤ ਸੁਧਾਰਨ ਅਤੇ ਇਸ ਦਿਸ਼ਾ ਵਿੱਚ ਅਹਿਮ ਫ਼ੈਸਲੇ ਲੈਣ ਲਈ ਸਿਹਤ ਮੰਤਰੀ ਬ੍ਰਹਮ ਮਹਿੰਦਰਾ ਅਤੇ ਵਿੱਤ ਮੰਤਰੀ ਮਨਪ੍ਰੀਤ ਬਾਦਲ 'ਤੇ ਅਧਾਰਿਤ ਇੱਕ ਵਿਸ਼ੇਸ਼ ਕਮੇਟੀ ਬਣਾਈ ਗਈ ਸੀ, ਪਰ ਅਜੇ ਤੱਕ ਸਾਰਥਿਕ ਨਤੀਜੇ ਸਾਹਮਣੇ ਨਹੀਂ ਆਏ। ਹਾਲਾਂਕਿ ਉੱਚ ਅਧਿਕਾਰੀਆਂ ਦਾ ਕਹਿਣਾ ਹੈ ਕਿ ਮਾਰਕੀਟ ਫ਼ੀਸ ਅਤੇ ਦਿਹਾਤੀ ਵਿਕਾਸ ਫੰਡ ਵਿੱਚ ਇੱਕ-ਇੱਕ ਫ਼ੀਸਦੀ ਦਾ ਵਾਧਾ ਵਿੱਤੀ ਹਾਲਤ ਸੁਧਾਰਨ ਲਈ ਚੁੱਕਿਆ ਗਿਆ ਹੀ ਕਦਮ ਹੈ। ਉਂਜ, ਅਧਿਕਾਰੀਆਂ ਦਾ ਮੰਨਣਾ ਹੈ ਕਿ ਵਿੱਤੀ ਹਾਲਤ ਸੁਧਾਰਨ ਦੀ ਦਿਸ਼ਾ ਵਿੱਚ ਵੱਡੇ ਸੁਧਾਰਾਂ ਅਤੇ ਸਖ਼ਤ ਫ਼ੈਸਲੇ ਲੈਣ ਦੀ ਜ਼ਰੂਰਤ ਹੈ। ਕੈਪਟਨ ਸਰਕਾਰ ਨੇ ਹਾਲ ਹੀ 'ਚ ਮੁੱਖ ਮੰਤਰੀ ਅਤੇ ਮੰਤਰੀਆਂ ਦਾ ਆਮਦਨ ਕਰ ਸਰਕਾਰੀ ਖ਼ਜ਼ਾਨੇ ਵਿੱਚੋਂ ਅਦਾ ਕਰਨ ਦੇ ਫ਼ੈਸਲੇ ਨੂੰ ਵਾਪਸ ਲੈ ਕੇ ਚੰਗਾ ਸੰਕੇਤ ਤਾਂ ਦਿੱਤਾ ਹੈ ਪਰ ਸਰਕਾਰ ਨੂੰ ਸਿਆਸੀ ਮੁਲਾਹਜ਼ੇਦਾਰੀਆਂ ਪੁਗਾਉਣ ਲਈ ਕੀਤੀਆਂ ਬੇਲੋੜੀਆਂ ਤੇ ਥੋਕ 'ਚ ਨਿਯੁਕਤੀਆਂ ਰੱਦ ਕਰ ਕੇ ਮਿਸਾਲੀ ਫ਼ੈਸਲਾ ਲੈਣਾ ਚਾਹੀਦਾ ਹੈ। ਦੋ ਮੰਤਰੀਆਂ 'ਤੇ ਅਧਾਰਿਤ ਕਮੇਟੀ ਦੀ ਵਿਚਾਰ ਚਰਚਾ ਤੋਂ ਬਾਅਦ ਸਾਰੇ ਵਿਭਾਗਾਂ ਨੂੰ ਯੂਜ਼ਰ ਚਾਰਜਿਜ਼ ਵਧਾਉਣ ਲਈ ਵੀ ਕਿਹਾ ਗਿਆ ਹੈ। ਪੰਜਾਬ ਸਰਕਾਰ ਵੱਲੋਂ ਪਿਛਲੇ ਕਈ ਸਾਲਾਂ ਤੋਂ ਪੇਸ਼ੇਵਰ ਟੈਕਸ ਲਾਉਣ ਦਾ ਫ਼ੈਸਲਾ ਨਹੀਂ ਲਿਆ ਜਾ ਰਿਹਾ। ਅਧਿਕਾਰੀਆਂ ਦਾ ਕਹਿਣਾ ਹੈ ਕਿ ਜੇਕਰ ਇਸ ਟੈਕਸ ਨੂੰ ਲਾਉਣ ਸਬੰਧੀ ਸੂਬਾਈ ਕੈਬਨਿਟ ਮਨਜ਼ੂਰੀ ਦੇ ਦਿੰਦੀ ਹੈ ਤਾਂ ਏਸ਼ੀਆ ਵਿਕਾਸ ਬੈਂਕ ਤੋਂ ਮਾਮੂਲੀ ਵਿਆਜ਼ ਦਰ 'ਤੇ ਤਕਰੀਬਨ 1 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਮਿਲ ਜਾਵੇਗਾ। ਇਸ ਕਮੇਟੀ ਵੱਲੋਂ ਕਈ ਨਿਗਮਾਂ ਅਤੇ ਅਕਾਲੀ-ਭਾਜਪਾ ਸਰਕਾਰ ਵੱਲੋਂ ਵੱਖ-ਵੱਖ ਵਰਗਾਂ ਨੂੰ ਖ਼ੁਸ਼ ਕਰਨ ਲਈ ਬਣਾਏ ਵਿਕਾਸ ਬੋਰਡਾਂ ਨੂੰ ਵੀ ਭੰਗ ਕਰਨ 'ਤੇ ਵਿਚਾਰ ਕੀਤਾ ਗਿਆ ਹੈ।

### ਦੋ ਵਿਭਾਗਾਂ ਦੇ ਸਿੰਗ ਫਸੇ

ਪੰਜਾਬ ਵਿੱਚ ਗੈਰਕਾਨੂੰਨੀ ਕਲੋਨੀਆਂ ਨੂੰ ਰੈਗੂਲਰ (ਕਾਨੂੰਨੀ ਦਾਇਰੇ ਹੇਠ ਲਿਆਉਣ) ਕਰਨਾ ਵੱਡੀ ਚੁਣੌਤੀ ਹੈ। ਇਸ ਮਾਮਲੇ 'ਤੇ ਸ਼ਹਿਰੀ ਵਿਕਾਸ ਤੇ ਮਕਾਨ ਉਸਾਰੀ ਵਿਭਾਗ ਅਤੇ ਸਥਾਨਕ ਸਰਕਾਰਾਂ ਵਿਭਾਗ ਦੇ ਸਿੰਗ ਫਸੇ ਹੋਏ ਹਨ। ਸਰਕਾਰ ਨੇ ਇਸ ਮਾਮਲੇ ਦੇ ਹੱਲ ਲਈ ਕੈਬਨਿਟ ਸਬ-ਕਮੇਟੀ ਬਣਾਈ ਸੀ। ਸੂਤਰਾਂ ਮੁਤਾਬਕ ਸਿਹਤ ਮੰਤਰੀ ਬ੍ਰਹਮ ਮਹਿੰਦਰਾ ਦੀ ਅਗਵਾਈ ਹੇਠ ਬਣੀ ਕਮੇਟੀ ਅਜੇ ਤੱਕ ਕਿਸੇ ਸਿੱਟੇ 'ਤੇ ਨਹੀਂ ਪਹੁੰਚੀ। ਸ਼ਹਿਰੀ ਵਿਕਾਸ ਤੇ ਮਕਾਨ ਉਸਾਰੀ ਵਿਭਾਗ ਦੇ ਪ੍ਰਸਤਾਵ ਮੁਤਾਬਕ ਗ਼ੈਰਕਾਨੂੰਨੀ ਕਲੋਨੀਆਂ ਸ਼ਹਿਰੀ ਖੇਤਰਾਂ ਦੇ ਤਕਰੀਬਨ 40 ਹਜ਼ਾਰ ਏਕੜ ਰਕਬੇ ਵਿੱਚ ਫੈਲੀਆਂ ਹੋਈਆਂ ਹਨ। ਸਥਾਨਕ ਸਰਕਾਰਾਂ ਵਿਭਾਗ ਦਾ ਦਾਅਵਾ ਹੈ ਕਿ ਇਨ੍ਹਾਂ ਕਲੋਨੀਆਂ ਦਾ ਵਿਕਾਸ ਕਰਨ ਲਈ ਸਥਾਨਕ ਸਰਕਾਰਾਂ ਵਿਭਾਗ ਨੂੰ ਤਕਰੀਬਨ 25 ਹਜ਼ਾਰ ਕਰੋੜ ਰੁਪਏ ਦੇ ਫੰਡ ਲੋੜੀਂਦੇ ਹਨ। ਹਾਲ ਹੀ 'ਚ ਹੋਈ ਮੀਟਿੰਗ ਦੌਰਾਨ ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਸਪੱਸ਼ਟ ਕੀਤਾ ਸੀ ਕਿ ਮੌਜੂਦਾ ਹਾਲਤਾਂ ਵਿੱਚ ਮਿਉਂਸਿਪਲ ਕਮੇਟੀਆਂ ਏਡਾ ਵੱਡਾ ਵਿੱਤੀ ਭਾਰ ਝੱਲਣ ਦੇ ਸਮਰੱਥ ਨਹੀਂ ਹੈ।

# Sir Speedy® Tustin

*Printers to the Community*

## Outdoor 3'x11' Promo Flag
**Only $29/-**
Pole & Spike $55/-

## Outdoor 3'x6' Durable Banner
All weather, durable to sunlight, rain and wear & tear. Text only.
**Only $69/-**

## Receipt Books
Customized with your information and design. 2 part carbonless with numbering and perforation.
**Call for Price**

## Retractable 33"x 80" Banner
Includes stand and carry bag. Hi-res imaging, durable and Brilliant colors!
**Only $225/-**

## All Weather 18"x24" Yard Signs
Includes H-stakes. Single sided, durable to sunlight and rain. Reusable!
**$49/- for 4**

## 11" Printed Balloons
Printed with your logo and info. One color, one location. Min. qty 1000
**19¢ each**

## Your Printed T-Shirts
White T-Shirts, 1 color screen printing in 1 position. Min Qty. 100
**Only $4.99**

## Your Printed Caps
1 color in 1 position. Min Qty. 100
**Only $4.99**

## Trip Envelopes Qty 1000
**Only $199/-**

**What we can do for you today?**

- Printing & Copying
- Creative Services
- Mailing Services
- Mailing List Aquisition
- Signs Posters & Banners
- Promotional Product
- Website design and development

1045 East Main Street, Tustin, CA 92780

**Call 562-881-7430**

Fax: 714-731-8931

E-mail: sirspeedy_tustin@yahoo.com

www.sirspeedy.com/tustin


Jagjit Singh Bains

**CUSTOMIZED SWEET BOXES**

*South Asian Wedding Cards*

**CALL NOW**

# ਗਲੋਬਲ ਪ੍ਰਸੰਗ 'ਚ ਪੰਜਾਬੀ ਸੱਭਿਆਚਾਰ ਦੀ ਭੂਮਿਕਾ

**ਗੁਰਭਗਤ ਸਿੰਘ**

ਇਹ ਕਹਿਣਾ ਨਾ ਤਾਂ ਨਾ-ਇਨਸਾਫੀ ਹੈ ਅਤੇ ਨਾ ਹੀ ਅਤਿਕਥਨੀ ਕਿ ਪੰਜਾਬ ਦਾ ਬੁੱਧੀਵਾਨ ਵਰਗ ਪੰਜਾਬੀ ਸਭਿਆਚਾਰ ਨੂੰ ਵਿਸ਼ਵ ਪੱਧਰ ਉੱਤੇ ਤੋਹਫੇ



ਵਜੋਂ ਪੇਸ਼ ਕਰਨ ਵਿਚ ਹੁਣ ਤਕ ਬੁਰੀ ਤਰ੍ਹਾਂ ਅਸਫਲ ਰਿਹਾ ਹੈ। ਕੁਝ ਪੌਪ ਸੰਗੀਤਕਾਰਾਂ ਨੇ ਇਹ ਜ਼ਿੰਮੇਵਾਰੀ ਨਿਭਾਈ ਹੈ। ਉਨ੍ਹਾਂ ਦੀ ਸਿਰਜਨਾਤਮਕਤਾ ਕਾਰਨ ਪੰਜਾਬੀਆਈ ਪੌਪ ਪੱਛਮ ਦੇ ਰੈਸਟੋਰੈਂਟਾਂ ਵਿਚ ਅਤੇ ਭਾਰਤ ਦੇ ਦੱਖਣੀ ਘਰਾਂ ਵਿਚ ਵੀ ਧੜਕਦਾ ਹੈ, ਪਰ ਇਹ ਸੀਮਿਤ ਪਾਪਤੀ ਹੈ। ਕੁਝ ਪਰਵਾਸੀ ਪੰਜਾਬਣਾਂ ਨੇ ਭੋਜਨ-ਅਭਿਆਸਾਂ ਵਿਚ ਅਤੇ ਡੀਜ਼ਾਈਨਾਂ ਵਿਚ ਮਿਸ਼੍ਰਿਤ ਰੂਪ ਸਿਰਜ ਕੇ ਪ੍ਰਸ਼ੰਸਾਯੋਗ ਯਤਨ ਕੀਤੇ ਹਨ।

ਪੰਜਾਬੀ ਕਲਚਰ ਵਿਸ਼ਵ ਪੱਧਰ ਉੱਤੇ ਮਹੱਤਵ ਧਾਰਨ ਕਰਨ ਲਈ ਤੋਹਫਾ ਤਾਂ ਹੀ ਬਣ ਸਕਦਾ ਹੈ ਜੇ ਇਹ ਵਿਸ਼ਵ ਸਭਿਆਚਾਰਾਂ ਦੀਆਂ ਵਿਸ਼ੇਸ਼ਤਾਵਾਂ ਨੂੰ ਜੀ ਆਇਆਂ ਆਖ ਸਕੇ, ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਸੁਲਝਾਉਣ ਵਿਚ ਕੋਈ ਯੋਗਦਾਨ ਪਾ ਸਕੇ। ਦੂਜਾ ਪੱਖ ਇਹ ਹੈ ਕਿ ਪੰਜਾਬੀ ਕਲਚਰ ਆਪਣੀ ਹਸਤੀ ਪ੍ਰਤੀ ਲਚਕੀਲਾ ਰਹੇ। ਆਪਣੀਆਂ ਕੁਝ ਮੂਲ ਵਿਸ਼ੇਸ਼ਤਾਵਾਂ ਨੂੰ ਸਾਂਭਣ ਦੇ ਨਾਲ ਨਵੇਂ ਸੰਯੋਗਾਂ ਲਈ ਤਿਆਰ ਰਹੇ। ਇਸ ਕਾਰਜ ਲਈ ਸਭ ਤੋਂ ਜ਼ਰੂਰੀ ਉੱਤਮ ਸਭਿਆਚਾਰ ਦੀ ਹਸਤੀ ਬਾਰੇ ਨਿਸ਼ਾਨਦੇਹੀ ਹੈ। ਪੰਜਾਬੀ ਸਭਿਆਚਾਰ ਦੀ ਕੀ ਹਸਤੀ ਹੈ? ਇਸ ਦੀਆਂ ਵਿਸ਼ੇਸ਼ਤਾਵਾਂ ਕੀ ਹਨ? ਇਨ੍ਹਾਂ ਗੱਲਾਂ ਦਾ ਨਿਰਣਾ ਕਰਨ ਤੋਂ ਬਿਨਾਂ ਇਹ ਤਹਿ ਨਹੀਂ ਹੋ ਸਕਦਾ ਕਿ ਇਹ ਵਿਸ਼ਵ ਸਭਿਆਚਾਰਾਂ ਨੂੰ ਕਿਵੇਂ ਜੀ ਆਇਆਂ ਆਖੇ। ਹੋ ਰਹੇ ਸੰਵਾਦ ਵਿਚ ਪੰਜਾਬੀ ਕਲਚਰ ਦਾ ਕੀ ਭਾਗ ਹੋਵੇ। ਇਸ ਯੋਗਦਾਨ ਲਈ ਇਹ ਆਪਣੇ ਵਿਚ ਕੀ ਤਬਦੀਲੀ ਲਿਆਵੇ। ਇਸ ਤਬਦੀਲੀ ਨਾਲ ਇਹ ਆਪ ਵੀ ਅੱਗੇ ਤੋਰੇ, ਬਾਕੀਆਂ ਨੂੰ ਵੀ ਅੱਗੇ ਤੋਰਨ ਵਿਚ ਸਹਾਇਤਾ ਕਰੇ।

ਪੰਜਾਬੀ ਸਭਿਆਚਾਰ ਇਸ ਵੇਲੇ ਖੰਡਿਤ ਹੈ। ਇਸ ਵਿਚ ਇਕ ਵਰਗ ਅਜਿਹਾ ਹੈ ਜੋ ਪੰਜਾਬੀ ਸਭਿਆਚਾਰ ਦੇ ਪ੍ਰਮੁੱਖ ਅੰਗ ਪੰਜਾਬੀ ਭਾਸ਼ਾ ਜਾਂ ਬੋਲੀ ਨੂੰ ਹੀ ਸਵੀਕਾਰ ਕਰਨ ਲਈ ਤਿਆਰ ਨਹੀਂ। ਇਕ ਵਰਗ ਅਜਿਹਾ ਵੀ ਹੈ (ਪਾਕਿਸਤਾਨ ਦੇ ਪੱਛਮੀ ਪੰਜਾਬ ਵਿਚ) ਜੋ ਪੰਜਾਬੀ ਸਭਿਆਚਾਰ ਦੇ ਇਤਿਹਾਸ ਵਿਚੋਂ ਗੁਰੂ ਕਾਲ ਅਤੇ ਗੁਰਬਾਣੀ ਦੀ ਦੇਣ ਨੂੰ ਮਨਫੀ ਕਰਕੇ ਇਸ ਦੇ ਇਤਿਹਾਸ ਅਤੇ ਪਛਾਣ ਨੂੰ ਸੀਮਿਤ ਕਰਕੇ ਦੇਖਦਾ ਹੈ। ਇਸ ਖੰਡਿਤ ਦਸ਼ਾ ਵਿਚ ਪੰਜਾਬੀ ਸਭਿਆਚਾਰ ਦੀ ਨਿਸ਼ਾਨਦੇਹੀ ਬੜਾ ਔਖਾ ਕੰਮ ਹੈ। ਪਰ ਇਸ ਨਿਸ਼ਾਨਦੇਹੀ ਤੋਂ ਬਿਨਾਂ ਪੰਜਾਬੀ ਸਭਿਆਚਾਰ ਨੂੰ ਗਲੋਬਲ ਸਮਰੱਥਾ ਨਹੀਂ ਦਿੱਤੀ ਜਾ ਸਕਦੀ।

ਕਿਸੇ ਵੀ ਸਭਿਆਚਾਰ ਦੀ ਨਿਸ਼ਾਨਦੇਹੀ ਉਸ ਦੇ ਪ੍ਰਾਪਤ ਸਿਖਰ ਅਨੁਭਵਾਂ ਤੋਂ ਹੀ ਹੋ ਸਕਦੀ ਹੈ। ਸਿਖਰ ਅਨੁਭਵ, ਜਾਂ ਅੰਗਰੇਜ਼ੀ ਦਾ ਸ਼ਬਦ ਵਰਤ ਲਈਏ "ਪੀਕ ਐਕਸਪੀਰਿਅੰਸਸ" ਕੀ ਹਨ? ਇਨ੍ਹਾਂ ਦਾ ਪ੍ਰਮੁੱਖ ਸਿਧਾਂਤਕਾਰ ਇਕ ਮਨੁੱਖਵਾਦੀ ਮਨੋਵਿਗਿਆਨੀ ਐਬਰਾਹਮ ਮੈਸਲੋਅ ਹੈ। ਮੈਸਲੋਅ ਨੇ ਆਪਣਾ ਸਿਧਾਂਤ ਮਨੁੱਖੀ ਮਨ ਦੇ ਸੰਬੰਧ ਵਿਚ ਉਸਾਰਿਆ ਹੈ। ਉਸ ਲਈ ਸਿਖਰ ਅਨੁਭਵ ਉਹ ਹੈ ਜੋ ਪਰਿਵਰਤਨ ਲਿਆਏ। ਮਨੁੱਖ ਦੇ ਮਨ ਨੂੰ ਇਸ ਤਰ੍ਹਾਂ ਬਦਲੇ ਕਿ ਉਸ ਵਿਚ ਕੋਈ ਗੁਣਾਤਮਕ ਤਬਦੀਲੀ ਆ ਜਾਵੇ। ਮੈਸਲੋਅ ਨੇ ਆਪਣਾ ਇਹ ਸਿਧਾਂਤ ਉਸਾਰਨ ਲਈ ਪੂਰਬੀ ਵਿਰਸੇ ਦੀ ਵੀ ਸਹਾਇਤਾ ਲਈ। ਪੂਰਵ-ਵੇਦਿਕ, ਪੂਰਵ-ਆਰੀਆਈ ਰਿਸ਼ੀਆਂ ਤੋਂ ਲੈ ਕੇ ਵੇਦਿਕ-ਆਰੀਆਈ, ਬੋਧੀ ਰਿਸ਼ੀਆਂ ਤੱਕ ਅਤੇ ਉਸ ਤੋਂ ਪਿੱਛੋਂ ਭਗਤਾਂ ਤਕ ਇਹ ਮੁੱਦਾ ਬਹੁਤ ਸ਼ਕਤੀਸ਼ਾਲੀ ਰਿਹਾ ਹੈ ਕਿ ਮਨੁੱਖ ਦੇ ਮਨ ਨੂੰ ਕਿਵੇਂ ਤਬਦੀਲ ਕੀਤਾ ਜਾਵੇ।

ਪੂਰਬੀ ਰਿਸ਼ੀਆਂ ਅਤੇ ਬਾਕੀ ਚਿੰਤਕਾਂ ਨੇ ਇੱਥੇ ਮਨ ਅਤੇ ਦੇਹ ਨੂੰ ਕਦੇ ਇਕ ਦੂਜੇ ਨਾਲੋਂ ਤੋੜਿਆ ਨਹੀਂ। ਇਹ ਵਿਛੋੜਾ ਪੱਛਮੀ ਚਿੰਤਨ ਦਾ ਅਹਿਮ



ਮੱਸਲਾ ਹੈ ਅਤੇ ਉਸ ਨੇ ਉੱਥੋਂ ਦੇ ਚਿੰਤਨ ਅਤੇ ਸਭਿਆਚਾਰਕ ਸੰਰਚਨਾਵਾਂ ਨੂੰ ਬਹੁਤ ਪ੍ਰਭਾਵਿਤ ਕੀਤਾ ਹੈ। ਕਈ ਉਲਾਰ ਲਿਆਂਦੇ ਹਨ। ਉੱਥੋਂ ਦਾ ਸੌਂਦਰਯ-ਸ਼ਾਸਤਰ ਅਤੇ ਕਾਵਿ-ਸ਼ਾਸਤਰ ਵੀ ਇਸ ਉਲਾਰ ਤੋਂ ਬਚ ਨਹੀਂ ਸਕੇ। ਇਸ ਉਲਾਰ ਨੂੰ ਸੰਤੁਲਿਤ ਕਰਨ ਲਈ ਉੱਥੋਂ ਦੇ ਸਭਿਆਚਾਰ ਇੰਦਰਿਆਵੀ ਅਸੰਤੁਲਨ ਦਾ ਵੀ ਸ਼ਿਕਾਰ ਹੋਏ ਹਨ। ਵਸਤ ਅਤੇ ਉਪਭੋਗ ਬਿਰਤੀਆਂ ਨਾਲ ਆਈ ਅੰਤਿਮ ਪੱਧਤਾ ਵੀ ਇਸੇ ਅਸੰਤੁਲਨ ਦਾ ਨਤੀਜਾ ਹੈ ਜਿਸ ਦਾ ਅਸਰ ਨਵ-ਉਪਭੋਗਵਾਦੀ ਪੂਰਬੀ ਸਭਿਆਚਾਰਾਂ ਉੱਤੇ ਪੈ ਰਿਹਾ ਹੈ। ਦਮਨ ਅਤੇ ਇੰਦਰਿਆਵੀ ਉਲਾਰ ਇਕੋ ਗੱਲ ਦੇ ਦੋ ਪੱਖ ਹਨ। ਪੂਰਬੀ ਵਿਰਾਸਤ ਦੀ ਇਹ ਵੱਡੀ ਵਿਸ਼ੇਸ਼ਤਾ ਹੈ ਕਿ ਇੱਥੇ ਮਨ ਨੂੰ ਬਦਲਣ ਲਈ ਦੇਹ ਨੂੰ ਬਦਲਣਾ ਵੀ ਜ਼ਰੂਰੀ ਸਮਝਿਆ ਗਿਆ ਹੈ। ਦੇਹ ਨੂੰ ਬਦਲਣ ਲਈ ਯੋਗਿਕ ਅਤੇ ਚੇਤਨਤਾ ਅਭਿਆਸ ਕੀਤੇ ਗਏ ਹਨ।

ਮੈਸਲੋਅ ਨੇ ਪੂਰਬੀ ਵਿਰਾਸਤ ਤੋਂ ਇਹ ਸਿੱਖਿਆ ਕਿ ਮਨੁੱਖ ਦੇ ਵਿਕਸਿਤ ਹੋਣ ਦਾ ਅਰਥ ਉਸ ਦੀ ਪਰਿਵਰਤਨਕਾਰੀ ਚੇਤਨਤਾ ਹੈ। ਅਜਿਹੇ ਸਿਖਰ ਅਨੁਭਵ ਪ੍ਰਾਪਤ ਕਰਨਾ ਹੈ ਜਿੱਥੇ ਇਹ ਪਰਿਵਰਤਨ ਜਾਂ ਪੁਲਾਂਘ ਸਾਕਾਰ ਹੋ ਜਾਵੇ। ਜਿੰਨੇ ਕਿਸੇ ਮਨੁੱਖ ਦੇ ਸਿਖਰ ਅਨੁਭਵ ਓਨਾ ਹੀ ਉਹ ਵਿਕਸਿਤ ਹੋਵੇਗਾ। ਕਿਸੇ ਮਨੁੱਖ ਦਾ ਵਿਕਾਸ ਉਸ ਦੇ ਸਿਖਰ ਅਨੁਭਵਾਂ ਤੋਂ ਹੀ ਜਾਣਿਆ ਜਾ ਸਕਦਾ ਹੈ। ਇਹ ਵੀ ਕਿਹਾ ਜਾ ਸਕਦਾ ਹੈ ਕਿ ਮੈਸਲੋਅ ਨੇ ਵਿਕਸਿਤ ਮਨੁੱਖ ਦੀ ਪਛਾਣ ਹੀ ਸਿਖਰ ਅਨੁਭਵਾਂ ਨਾਲ ਜੋੜ ਦਿੱਤੀ।

ਮੈਸਲੋਅ ਦੇ ਇਸ ਸਿਧਾਂਤ ਦੀ ਲੋਅ ਵਿਚ ਇਹ ਵੀ ਕਿਹਾ ਜਾ ਸਕਦਾ ਹੈ ਕਿ ਕਿਸੇ ਸਭਿਆਚਾਰ ਦੀ ਪਛਾਣ ਵੀ ਉਸ ਦੇ ਸਿਖਰ ਅਨੁਭਵਾਂ ਨੂੰ ਮੁੱਖ ਰੱਖ ਕੇ ਉਸਾਰੀ ਜਾ ਸਕਦੀ ਹੈ। ਇਨ੍ਹਾਂ ਸਿਖਰ ਅਨੁਭਵਾਂ ਵਿਚ ਨਿਰੰਤਰ ਵਾਧਾ ਕਰਨ ਨਾਲ ਹੀ ਸਭਿਆਚਾਰ ਦੀ ਸਮਰੱਥਾ ਵਧਦੀ ਹੈ। ਇਨ੍ਹਾਂ ਸਿਖਰ ਅਨੁਭਵਾਂ ਵਿੱਚ ਵਾਧਾ ਕਰਨ ਨਾਲ ਹੀ ਪੰਜਾਬੀ ਸਭਿਆਚਾਰ ਦੀ ਗਲੋਬਲ ਸਮਰੱਥਾ ਬਣਾਈ ਜਾ ਸਕਦੀ ਹੈ।

ਪੰਜਾਬੀ ਸਭਿਆਚਾਰ ਕੀ ਹੈ? ਇਸ ਦੀ ਨਿਸ਼ਾਨਦੇਹੀ ਵੀ ਇਸ ਸਭਿਆਚਾਰ ਦੇ ਸਿਖਰ-ਅਨੁਭਵਾਂ ਨੂੰ ਸਮਝਣ ਨਾਲ ਹੀ ਹੋ ਸਕਦੀ ਹੈ। ਸਪੱਸ਼ਟ ਹੈ ਕਿ ਪਹਿਲੇ ਅਨੁਭਵਾਂ ਦੇ ਸਿਧਾਂਤਕਰਨ ਤੋਂ ਬਿਨਾਂ ਨਵੇਂ ਸਿਖਰ-ਅਨੁਭਵਾਂ ਵੱਲ ਨਹੀਂ ਵਧਿਆ ਜਾ ਸਕਦਾ। ਇਨ੍ਹਾਂ ਅਨੁਭਵਾਂ ਦੀ ਜਾਣਕਾਰੀ ਦੋ ਸਰੋਤਾਂ ਤੋਂ ਹੀ ਹੋ ਸਕਦੀ ਹੈ। ਇਕ ਹੈ ਸਿਰਜਨਾਤਮਕ ਰੂਪ, ਜਿਵੇਂ ਸਾਹਿਤ, ਕਲਾਵਾਂ ਆਦਿ ਅਤੇ ਦੂਜਾ ਸਮਾਜ ਦਾ ਸੰਗਠਨ। ਪੰਜਾਬੀ ਸਭਿਆਚਾਰ ਦਾ ਇਤਿਹਾਸ ਵਿਚ ਉਪਲਬੱਧ ਪਹਿਲਾ ਸਿਖਰ ਅਨੁਭਵ ਆਰੀਆ ਦੇ ਆਉਣ ਨਾਲ ਹੀ ਉਸਰਿਆ। ਜਿਵੇਂ ਉਨ੍ਹਾਂ ਦੇ ਸਥਾਪਿਤ ਹੋਣ ਪਿੱਛੋਂ ਰਚੇ ਸਾਹਿਤ ਰਿੱਗ ਵੇਦ, ਉਪਨਿਸ਼ਦਾਂ ਆਦਿ ਤੋਂ ਅਤੇ ਮਿਲੇ ਪੁਰਾਣੇ ਨਗਰਾਂ ਅਤੇ ਨਿਸ਼ਾਨਾਂ ਤੋਂ ਪਤਾ ਲੱਗਦਾ ਹੈ।

ਆਰੀਆ ਤੋਂ ਪਹਿਲਾਂ ਦਾ ਸਭਿਆਚਾਰ ਵੀ ਹੋ ਸਕਦਾ ਹੈ ਕਿਸੇ ਸਿਖਰ ਅਨੁਭਵ ਨੂੰ ਪਹੁੰਚਿਆ ਹੋਵੇ, ਆਦਿਮ ਕਬੀਲਿਆਂ ਦੇ ਹਾਵਾਂ-ਭਾਵਾਂ ਅਤੇ ਦ੍ਰਿਸ਼ਟੀ ਨੂੰ ਸੰਗਠਿਤ ਕਰਕੇ ਮਹੱਤਵਪੂਰਨ ਪ੍ਰਾਪਤੀਆਂ ਕੀਤੀਆਂ ਹੋਣ। ਵਿਸ਼ੇਸ਼ ਕਰਕੇ ਪਿੰਡ ਜਾਂ ਨਗਰ ਵਸਾਉਣ ਵਿਚ। ਜਦੋਂ ਤਕ ਪੂਰਵ-ਆਰੀਆਈ ਸਕਰਿਪਟ ਨਹੀਂ ਪੜ੍ਹੀ ਜਾਂਦੀ ਅਤੇ ਉਨ੍ਹਾਂ ਪੂਰਵ-ਆਰੀਆਈ ਪੰਜਾਬ ਵਿਚ ਰਹਿਣ ਵਾਲੇ ਲੋਕਾਂ ਦੇ ਸਿਖਰ ਅਨੁਭਵ ਬਾਰੇ ਨਿਸ਼ਚਿਤ ਤੌਰ 'ਤੇ ਕੁਝ ਨਹੀਂ ਕਿਹਾ ਜਾ ਸਕਦਾ। ਪਰ ਇਹ ਗੱਲ ਮੰਨਣਯੋਗ ਹੈ ਕਿ ਪੂਰਵ-ਆਰੀਆਈ ਪੰਜਾਬ ਦੇ ਵਸਨੀਕ ਬਿਨਾਂ ਸਭਿਆਚਾਰ ਤੋਂ ਨਹੀਂ ਰਹਿੰਦੇ ਸਨ। ਸ਼ਿਵ ਅਤੇ ਕ੍ਰਿਸ਼ਨ ਬਾਰੇ ਤਾਂ ਇਹ ਕਿਆਸਰਾਈਆਂ ਕੀਤੀਆਂ ਗਈਆਂ ਹਨ ਕਿ ਉਹ ਪੂਰਵ-ਆਰੀਆਈ ਵਿਰਸੇ ਤੋਂ ਵਿਕਸਿਤ ਹੋ ਕੇ ਹੀ ਆਰੀਆਈ ਚਿੰਨ੍ਹ ਬਣੇ।

ਆਰੀਆਈ ਅਤੇ ਪੂਰਵ-ਆਰੀਆਈ ਲੋਕਾਂ ਦੀ ਟੱਕਰ ਅਤੇ ਮੇਲ ਤੋਂ ਹੀ ਉੱਤਰ -ਆਰੀਆਈ ਗ੍ਰੰਥ ਰਚੇ ਗਏ। ਇਹ ਟੱਕਰ ਭਿਆਨਕ ਸੀ। ਇਸ ਵਿਚ ਆਰੀਆ ਦੀ ਜਿੱਤ ਹੋਈ। ਪੂਰਵ-ਆਰੀਆਈ ਲੋਕ ਆਪਣੀ ਸੁਤੰਤਰਤਾ ਕਾਇਮ ਰੱਖਣ ਲਈ ਦੱਖਣ ਵੱਲ ਚਲੇ ਗਏ। ਕੁਝ ਲੋਕਾਂ ਦਾ ਕਹਿਣਾ ਹੈ ਕਿ ਆਰੀਆ ਤੋਂ ਬਾਗੀ ਅਤੇ ਆਜ਼ਾਦੀ ਪਸੰਦ ਕਬੀਲੇ ਜੰਗਲਾਂ ਵਿੱਚ ਜਾ ਵਸੇ। ਭਾਰਤ ਦੇ ਅਜੋਕੇ ਆਦਿਮ ਕਬੀਲਿਆਂ ਦਾ ਪਿੱਛਾ ਵੀ ਇਸ ਭਿਆਨਕ ਟੱਕਰ ਨਾਲ ਜੋੜਿਆ ਜਾ ਸਕਦਾ ਹੈ। ਸੁਤੰਤਰਤਾ ਲਈ ਇਹ ਵਿਦਰੋਹ ਅੱਜ ਤਕ ਜਾਰੀ ਹੈ। ਇਸ ਵਿਦਰੋਹ ਪਿੱਛੇ ਆਰੀਆ ਦੇ ਪੰਜਾਬ ਵਿੱਚ ਆਉਣ ਉੱਤੇ ਲੱਗੇ ਜ਼ਖਮ ਹੀ ਹਨ।

ਆਰੀਆਈ ਅਤੇ ਪੂਰਵ-ਆਰੀਆਈ ਲੋਕਾਂ ਦੀ

ਬਾਕੀ ਸਫ਼ਾ 29 'ਤੇ

# ਜੇ ਤੂੰ ਚਾਹੇਂ ਘਰ ਖੁਸ਼ਹਾਲ ਪੰਜਾਬੀ ਦਾ

**ਦੀਪ ਦੇਵਿੰਦਰ ਸਿੰਘ**
(ਸੰਪਰਕ: 98721-65707)

ਇੱਕ ਅੰਦਾਜ਼ੇ ਮੁਤਾਬਿਕ ਪੂਰੀ ਦੁਨੀਆਂ ਵਿੱਚ ਲੋਕ ਛੇ ਹਜ਼ਾਰ ਤੋਂ ਵੀ ਵਧੇਰੇ ਵੱਖ ਵੱਖ ਜ਼ੁਬਾਨਾਂ ਬੋਲਦੇ ਹਨ। ਪੰਜਾਬੀ ਬੋਲੀ ਇਨ੍ਹਾਂ ਵਿੱਚੋਂ ਬਾਰ੍ਹਵੇਂ ਸਥਾਨ 'ਤੇ ਬੋਲੀ ਜਾਣ ਵਾਲੀ ਵੱਡੀ ਭਾਸ਼ਾ ਹੈ। ਯੂਨੈਸਕੋ ਵੱਲੋਂ ਤੈਅ ਕੀਤੇ 21 ਫਰਵਰੀ ਨੂੰ ਮਾਤ ਭਾਸ਼ਾ ਦਿਵਸ ਮੌਕੇ ਦੁਨੀਆਂ ਭਰ ਦੇ ਲੋਕ ਆਪੋ ਆਪਣੇ ਖਿੱਤਿਆਂ ਵਿੱਚ ਇਕੱਤਰ ਹੁੰਦੇ ਹਨ। ਆਪਣੀ ਭਾਸ਼ਾ 'ਚ ਕੀਤੀਆਂ ਪ੍ਰਾਪਤੀਆਂ ਦੀ ਗੱਲ ਕਰਦੇ ਹਨ। ਭਾਸ਼ਾ ਦੀ ਤਰੱਕੀ ਲਈ ਨਵੀਆਂ ਯੋਜਨਾਵਾਂ ਉਲੀਕਦੇ ਹਨ। ਮਾਤ ਭਾਸ਼ਾ ਨਾਲ ਖ਼ਾਸ ਮੋਹ ਰੱਖਣ ਵਾਲੇ ਕਈ ਨੌਜਵਾਨ ਇਸ ਦਿਨ ਆਪਣੇ ਵਿਆਹ ਕਰਵਾ ਕੇ ਇਸ ਨੂੰ ਹੋਰ ਵੀ ਯਾਦਗਾਰੀ ਬਣਾਉਂਦੇ ਹਨ।

ਇਸ ਦੇ ਉਲਟ ਜਦੋਂ ਪੰਜਾਬੀ ਮਾਂ ਬੋਲੀ ਦੇ ਹਮਸਾਏ ਇਨ੍ਹਾਂ ਦਿਨਾਂ ਵਿੱਚ ਰਲ ਕੇ ਬੈਠਦੇ ਹਨ ਤਾਂ ਆਪਣੀ ਮਾਂ ਬੋਲੀ ਦੇ ਦਿਨੋਂ-ਦਿਨ ਹੋ ਰਹੇ ਨਿਘਾਰ ਦੀ ਚਰਚਾ ਕਰਦਿਆਂ ਹੈਰਾਨੀ ਜ਼ਾਹਿਰ ਕਰਦੇ ਹਨ ਕਿ ਮਾਰਸ਼ਲ ਕੌਮ ਅਖਵਾਉਣ ਵਾਲੇ ਪੰਜਾਬੀ ਆਪਣੀ ਮਾਂ ਬੋਲੀ ਤੋਂ ਪਾਸਾ ਵੱਟ ਕੇ ਹੋਰ ਭਾਸ਼ਾਵਾਂ ਨਾਲ ਮੋਹ ਜਤਾ ਕੇ ਕੀ ਦਰਸਾਉਣਾ ਚਾਹੁੰਦੇ ਹਨ। ਇਨ੍ਹਾਂ ਹੀ ਦਿਨਾਂ ਵਿੱਚ ਪੰਜਾਬੀ ਲੇਖਕ ਤੇ ਪੰਜਾਬੀ ਹਿਤੈਸ਼ੀ ਲੋਕ ਮਾਂ ਬੋਲੀ ਦੇ ਹੱਕ ਵਿੱਚ ਧਰਨੇ ਲਾਉਂਦੇ, ਮਾਰਚ ਕੱਢਦੇ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਯਾਦ-ਪੱਤਰ ਦਿੰਦੇ ਹਨ ਤਾਂ ਜੋ ਪੰਜਾਬੀ ਭਾਸ਼ਾ ਨੂੰ ਸਰਕਾਰੇ ਦਰਬਾਰੇ ਅਤੇ ਹੋਰ ਕੰਮਕਾਜੀ ਥਾਵਾਂ 'ਤੇ ਬਣਦਾ ਮਾਣ ਸਤਿਕਾਰ ਦਿਵਾਇਆ ਜਾ ਸਕੇ।

ਮਾਤ ਭਾਸ਼ਾ ਦੀ ਅਜੋਕੀ ਸਥਿਤੀ ਬਾਰੇ ਗੱਲ ਤੁਰਦੀ ਹੈ ਤਾਂ ਆਮ ਆਦਮੀ ਸੋਚਦਾ ਹੈ ਕਿ ਕੀ ਬੱਚੇ ਨੂੰ ਮੁੱਢਲੀ ਤਾਲੀਮ ਉਹਦੀ ਮਾਤ ਭਾਸ਼ਾ 'ਚ ਦਿਵਾਏ ਜਾਂ ਕਿਸੇ ਹੋਰ ਭਾਸ਼ਾ 'ਚ? ਕੀ ਬੱਚੇ ਦੀ ਕਾਨੂੰਨੀ, ਤਕਨੀਕੀ ਤੇ ਹੋਰ ਉਚੇਰੀ ਸਿੱਖਿਆ ਦੀ ਪੜ੍ਹਾਈ ਦਾ ਮਾਧਿਅਮ ਮਾਤ-ਭਾਸ਼ਾ ਹੋ ਸਕਦੀ ਹੈ? ਜਾਂ ਮਾਤ ਭਾਸ਼ਾ 'ਚ ਕੀਤੀ ਗਈ ਪੜ੍ਹਾਈ ਰੁਜ਼ਗਾਰ ਦਾ ਸਾਧਨ ਬਣ ਸਕਦੀ ਹੈ? ਜਾਂ ਫਿਰ ਮਾਤ ਭਾਸ਼ਾ ਰਾਹੀਂ ਹੀ ਉਸ ਖਿੱਤੇ ਦੀ ਤਰੱਕੀ ਦੀਆਂ ਕਿੰਨੀਆਂ ਕੁ ਸੰਭਾਵਨਾਵਾਂ ਬਣ ਸਕਦੀਆਂ ਹਨ। ਦੁਨੀਆਂ ਭਰ ਦੇ ਭਾਸ਼ਾ ਵਿਗਿਆਨੀ ਇਹ ਮੰਨਦੇ ਹਨ ਕਿ ਬੱਚੇ ਦਾ ਮਾਨਸਿਕ ਤੇ ਬੌਧਿਕ ਵਿਕਾਸ ਮੁੱਢਲੀ ਸਿੱਖਿਆ ਉਸ ਦੀ ਮਾਤ ਭਾਸ਼ਾ ਵਿੱਚ ਦੇਣ ਨਾਲ ਹੀ ਹੁੰਦਾ ਹੈ। ਉਹੀ ਭਾਸ਼ਾ ਤਰੱਕੀ ਕਰਦੀ ਹੈ ਜਿਹੜੀ ਗਿਆਨ ਅਤੇ ਵਿਗਿਆਨ ਨਾਲ ਜੁੜੀ ਹੋਵੇ। ਜਪਾਨ, ਫਰਾਂਸ, ਰੂਸ, ਜਰਮਨੀ ਤੇ ਚੀਨ ਵਰਗੇ ਕਈ ਮੁਲਕਾਂ ਨੇ ਮਾਤ ਭਾਸ਼ਾ ਦੀ ਵਰਤੋਂ ਕਰਦਿਆਂ ਰਹਿ ਕੇ ਹੀ ਤਰੱਕੀ ਦੀਆਂ ਮੰਜ਼ਿਲਾਂ ਨੂੰ ਛੂਹਿਆ ਹੈ।

ਯੂਨੈਸਕੋ ਦੇ ਤੱਥਾਂ ਮੁਤਾਬਿਕ ਉਹ ਹੀ ਭਾਸ਼ਾ ਖ਼ਤਰੇ




ਵਿੱਚ ਹੁੰਦੀ ਹੈ ਜਿਸ ਨੂੰ ਬੱਚੇ ਨਾ ਬੋਲਣ ਤੇ ਬੁੱਢੇ ਬੋਲਣ ਲਈ ਰਹਿ ਜਾਵਣ। ਕਿਸੇ ਪਾਰਕ ਜਾਂ ਹੋਰ ਥਾਵਾਂ 'ਤੇ ਇਕੱਠੇ ਹੋਏ ਬਜ਼ੁਰਗ ਜਾਂ ਕਿਸੇ ਭਾਸ਼ਾ ਸੈਮੀਨਾਰ ਵਿੱਚ ਬੁੱਧੀਜੀਵੀ ਅਕਸਰ ਇਹ ਚਿੰਤਾ ਜ਼ਾਹਿਰ ਕਰਦੇ ਹਨ ਕਿ ਅੱਜ ਦੇ ਬੱਚੇ ਆਪਣੀ ਮਾਤ ਭਾਸ਼ਾ ਵਿੱਚ ਗੱਲ ਕਰਨ ਦੀ ਬਜਾਏ ਹੋਰਨਾਂ ਭਾਸ਼ਾਵਾਂ ਵਿੱਚ ਗੱਲ ਕਰਨ ਨੂੰ ਤਰਜੀਹ ਦਿੰਦੇ ਹਨ। ਕੀ ਸੱਚਮੁੱਚ ਹੀ ਅਗਲੀ ਪੀੜ੍ਹੀ ਇਸ ਤੋਂ ਮੂੰਹ ਮੋੜ ਰਹੀ ਹੈ।

ਇਸ ਵੇਲੇ ਪੰਜਾਬ ਵਿੱਚ ਤਕਰੀਬਨ 24,000 ਤੋਂ ਵੱਧ ਪ੍ਰਾਈਵੇਟ ਪਬਲਿਕ ਇੰਗਲਿਸ਼ ਮਾਧਿਅਮ ਸਕੂਲ ਹਨ ਜਿਨ੍ਹਾਂ 'ਚ ਪੰਜਾਬੀ ਬੋਲਣ 'ਤੇ ਪਾਬੰਦੀ ਹੈ। ਸਿਰਫ਼ ਖਾਨਾਪੂਰਤੀ ਲਈ ਪੰਜਾਬੀ ਪੜ੍ਹਾਈ ਜਾਂਦੀ ਹੈ। ਇਨ੍ਹਾਂ ਵਿੱਚੋਂ ਬਹੁਤੇ ਸਕੂਲਾਂ ਵਿੱਚ ਬੱਚਿਆਂ ਨੂੰ ਪੰਜਾਬੀ ਬੋਲਣ 'ਤੇ ਜੁਰਮਾਨੇ ਕੀਤੇ ਜਾਂਦੇ ਹਨ, ਸਜ਼ਾਵਾਂ ਦਿੱਤੀਆਂ ਜਾਂਦੀਆਂ ਹਨ ਤੇ ਦੂਜੇ ਬੱਚਿਆਂ ਸਾਹਮਣੇ ਜ਼ਲੀਲ ਕੀਤਾ ਜਾਂਦਾ ਹੈ।

ਇਸ ਦੇ ਉਲਟ ਤਾਮਿਲਨਾਡੂ ਅਤੇ ਕਰਨਾਟਕ ਵਿੱਚ ਸਾਰੇ ਪਬਲਿਕ ਸਕੂਲਾਂ ਵਿੱਚ ਤਾਮਿਲ ਅਤੇ ਕੰਨੜ ਪਹਿਲੀ ਤੋਂ ਦਸਵੀਂ ਤਕ ਲਾਜ਼ਮੀ ਤੌਰ 'ਤੇ ਪੜ੍ਹਾਈ ਜਾਂਦੀ ਹੈ। ਕੀ ਇਹ ਨਿਯਮ ਪੰਜਾਬ ਵਿੱਚ ਲਾਗੂ ਨਹੀਂ ਹੋ ਸਕਦਾ?

ਇਸੇ ਤਰ੍ਹਾਂ ਵਿਆਹ ਸ਼ਾਦੀਆਂ ਦੇ ਛਪੇ ਕਾਰਡ ਪੜ੍ਹ ਕੇ ਇਉਂ ਮਹਿਸੂਸ ਹੁੰਦਾ ਹੈ ਜਿਵੇਂ ਵਿਆਹ ਸਮਾਗਮਾਂ ਵਿੱਚ ਪੰਜਾਬੀਆਂ ਨੇ ਘੱਟ ਤੇ ਗੋਰਿਆਂ ਨੇ ਵੱਧ ਸ਼ਿਰਕਤ ਕਰਨੀ ਹੁੰਦੀ ਹੈ। ਅਜਿਹਾ ਕਰਕੇ ਪਤਾ ਨਹੀਂ ਅਸੀਂ ਕਿਹੜੇ ਅੰਗਰੇਜ਼ੀ ਭਾਸ਼ਾਈ ਮੁਲਕਾਂ ਦਾ ਕਰਜ਼ਾ ਲਾਹ ਰਹੇ ਹਾਂ। ਪੜ੍ਹੇ ਲਿਖੇ ਘਰਾਂ ਵਿੱਚ ਤ੍ਰੈ-ਭਾਸ਼ੀ ਫਾਰਮੂਲਾ ਚਲਦਾ ਹੈ। ਉਹ ਆਪਣੇ ਬਜ਼ੁਰਗਾਂ ਨਾਲ ਪੰਜਾਬੀ ਵਿੱਚ ਗੱਲ ਕਰਦੇ ਹਨ, ਬੱਚਿਆਂ ਨਾਲ ਹਿੰਦੀ ਬੋਲਦੇ ਹਨ ਅਤੇ ਕੁੱਤੇ ਨਾਲ ਅੰਗਰੇਜ਼ੀ ਭਾਸ਼ਾ ਵਿੱਚ ਬਚਨ ਬਿਲਾਸ ਕਰਦੇ ਹਨ।

ਕਦੇ ਗੁਰੂ ਕੀ ਨਗਰੀ ਅੰਮ੍ਰਿਤਸਰ ਵਿੱਚ ਹਾਲ ਗੇਟ ਤੋਂ ਸ਼ੁਰੂ ਕਰਕੇ ਜਲ੍ਹਿਆਂਵਾਲਾ ਬਾਗ਼ ਤਕ ਜਾਂਦੀ ਸੜਕ ਦੇ ਦੋਵਾਂ ਪਾਸਿਆਂ ਦੀਆਂ ਦੁਕਾਨਾਂ 'ਤੇ ਲੱਗੇ ਬੋਰਡਾਂ ਉੱਤੇ ਝਾਤੀ ਮਾਰੀਏ ਤਾਂ ਹੈਰਾਨ ਹੀ ਨਹੀਂ, ਪ੍ਰੇਸ਼ਾਨ ਵੀ ਹੋ ਜਾਈਦਾ ਹੈ। ਨਿੱਕੀਆਂ ਵੱਡੀਆਂ ਤਕਰੀਬਨ 280 ਦੁਕਾਨਾਂ ਵਿੱਚੋਂ ਸਿਰਫ਼ 42 ਦੁਕਾਨਾਂ ਦੇ ਬੋਰਡ ਪੰਜਾਬੀ ਵਿੱਚ ਹਨ। ਉਨ੍ਹਾਂ ਵਿੱਚੋਂ ਵੀ ਚਾਰ ਬੋਰਡ ਗੁਰਦੁਆਰਿਆਂ ਦੇ, ਛੇ ਬੈਂਕਾਂ ਦੇ ਅਤੇ ਅੱਠ ਵੱਖ ਵੱਖ ਪੱਗਾਂ ਦੀਆਂ ਦੁਕਾਨਾਂ ਦੇ ਹਨ। ਅਜਿਹਾ ਹੀ ਮਾਤ-ਭਾਸ਼ਾ ਦਾ ਪ੍ਰਚਾਰ ਤੇ ਪਸਾਰ ਥੋੜ੍ਹੇ ਬਹੁਤੇ ਫ਼ਰਕ ਨਾਲ ਪੰਜਾਬ ਦੇ ਬਾਕੀ ਸ਼ਹਿਰਾਂ ਵਿੱਚ ਹੈ।

ਅਜਿਹਾ ਹੀ ਚਲਦਾ ਰਿਹਾ ਤਾਂ ਨਾਥਾਂ, ਜੋਗੀਆਂ, ਗੁਰੂਆਂ, ਪੀਰਾਂ, ਫ਼ਕੀਰਾਂ ਤੇ ਦਾਨਿਸ਼ਵਰਾਂ ਦੀ ਇਸ ਮਹਾਨ ਬੋਲੀ ਦਾ ਆਉਣ ਵਾਲੇ ਸਮੇਂ ਵਿੱਚ

ਬਾਕੀ ਸਫ਼ਾ 29 'ਤੇ

# ਸਾਹਿਤ ਤੋਂ ਮੂੰਹ ਮੋੜ ਰਹੇ ਪੰਜਾਬੀ

**ਡਾ. ਨਿਸ਼ਾਨ ਸਿੰਘ ਰਾਠੌਰ,** (ਸੰਪਰਕ: 075892-33437)

ਪੰਜਾਬ ਦੀ ਧਰਤੀ 'ਤੇ ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਦੀ ਪਾਵਨ ਬਾਣੀ ਨੂੰ ਸੰਪਾਦਿਤ ਕੀਤਾ। ਦੁਨੀਆਂ ਭਰ ਵਿੱਚ ਗਾਈ ਜਾਣ ਵਾਲੀ ਆਰਤੀ 'ਓਮ ਜੈ ਜਗਦੀਸ਼ ਹਰੇ' ਪੰਜਾਬ ਦੇ ਰਹਿਣ ਵਾਲੇ ਪੰਡਿਤ ਸ਼ਰਧਾ ਰਾਮ ਫਿਲੌਰੀ ਦੀ ਰਚਨਾ ਹੈ। ਗੁਰੂ ਨਾਨਕ ਦੇਵ, ਬਾਬਾ ਫ਼ਰੀਦ, ਸ਼ਾਹ ਹੁਸੈਨ, ਬੁੱਲ੍ਹੇ ਸ਼ਾਹ, ਵਾਰਿਸ ਸ਼ਾਹ, ਦਮੋਦਰ, ਭਾਈ ਵੀਰ ਸਿੰਘ, ਪ੍ਰੋ. ਪੂਰਨ ਸਿੰਘ, ਧਨੀ ਰਾਮ ਚਾਤ੍ਰਿਕ, ਸ਼ਿਵ ਕੁਮਾਰ ਬਟਾਲਵੀ, ਅੰਮ੍ਰਿਤਾ ਪ੍ਰੀਤਮ ਅਤੇ ਸੁਰਜੀਤ ਪਾਤਰ ਤਕ ਪੰਜਾਬ ਦੀ ਧਰਤੀ ਦੇ ਉਹ ਕਲਮਕਾਰ ਹਨ ਜਿਨ੍ਹਾਂ ਨੇ ਆਪਣੀ ਕਲਮ ਰਾਹੀਂ ਸਭ ਨੂੰ ਜਾਗ੍ਰਿਤ ਕੀਤਾ ਹੈ। ਅਫ਼ਸੋਸ ਦੀ ਗੱਲ ਇਹ ਹੈ ਕਿ ਅਜੋਕੇ ਸਮੇਂ ਵਿੱਚ ਇਸੇ ਧਰਤੀ ਦੇ ਬਾਸ਼ਿੰਦਿਆਂ ਵਿੱਚੋਂ ਸਾਹਿਤ ਪੜ੍ਹਨ-ਪੜ੍ਹਾਉਣ ਦਾ ਰੁਝਾਨ ਲਗਭਗ ਅਲੋਪ ਹੁੰਦਾ ਜਾ ਰਿਹਾ ਹੈ। ਪੰਜਾਬੀ ਦੀਆਂ ਪੁਸਤਕਾਂ ਬਾਜ਼ਾਰ 'ਚ ਵਿਕਦੀਆਂ ਨਹੀਂ। ਸਾਡਾ ਪੜ੍ਹਿਆ-ਲਿਖਿਆ ਤਬਕਾ ਪੁਸਤਕਾਂ ਖਰੀਦਣ 'ਤੇ ਪੈਸੇ ਖ਼ਰਚ ਨਹੀਂ ਕਰਦਾ। ਪੰਜਾਬ ਦੇ ਤਕਰੀਬਨ ਸਾਰੇ ਪੁਸਤਕ ਪ੍ਰਕਾਸ਼ਕ ਆਖਦੇ ਹਨ ਕਿ ਪੰਜਾਬੀ ਪੁਸਤਕਾਂ ਨੂੰ ਖ਼ਰੀਦ ਕੇ ਪੜ੍ਹਨ ਦਾ ਜ਼ਮਾਨਾ ਹੁਣ ਖ਼ਤਮ ਹੋ ਚੁੱਕਿਆ ਹੈ। ਇਸ ਲਈ ਉਹ ਲੇਖਕ ਦੁਆਰਾ ਦਿੱਤੇ ਗਏ ਪੈਸਿਆਂ ਮੁਤਾਬਿਕ ਹੀ ਪੁਸਤਕਾਂ ਪ੍ਰਕਾਸ਼ਿਤ ਕਰਦੇ ਹਨ ਤਾਂ ਕਿ ਲੇਖਕ ਤੋਂ ਹੀ ਖ਼ਰਚ ਅਤੇ ਮੁਨਾਫ਼ਾ ਕੱਢਿਆ ਜਾ ਸਕੇ। ਇਸ ਤੋਂ ਇਲਾਵਾ ਆਮ ਕਰਕੇ ਪੰਜਾਬੀ ਪ੍ਰਕਾਸ਼ਕ ਇੱਕ ਵੀ ਕਾਪੀ ਵਾਧੂ ਨਹੀਂ ਛਾਪਦੇ ਜਿਸ ਨਾਲ ਉਨ੍ਹਾਂ ਨੂੰ ਨੁਕਸਾਨ ਹੋਵੇ। ਨਵੇਂ ਲੇਖਕ ਹੀ ਨਹੀਂ ਸਗੋਂ ਪੰਜਾਬੀ ਦੇ ਨਾਮਵਰ ਲੇਖਕ ਤਕ ਆਪਣੀਆਂ ਕਿਤਾਬਾਂ ਆਪਣੇ ਖ਼ਰਚੇ 'ਤੇ ਛਪਵਾ ਕੇ ਮੁਫ਼ਤ ਵੰਡਦੇ ਆਮ ਨਜ਼ਰੀਂ ਪੈ ਜਾਂਦੇ ਹਨ, ਪਰ ਖ਼ਰੀਦ ਕੇ ਪੜ੍ਹਨ ਵਾਲਾ ਪਾਠਕ ਛੇਤੀ ਕੀਤਿਆਂ ਨਜ਼ਰ ਨਹੀਂ ਆਉਂਦਾ। ਇਸ ਤੋਂ ਵੀ ਵਧੇਰੇ ਹੈਰਾਨੀ ਉਦੋਂ ਹੁੰਦੀ ਹੈ ਜਦੋਂ ਸਾਡੀਆਂ ਯੂਨੀਵਰਸਿਟੀਆਂ/ ਕਾਲਜਾਂ ਵਿੱਚ ਸਾਹਿਤ 'ਤੇ ਖੋਜ ਕਾਰਜ ਕਰਨ ਵਾਲੇ ਵਿਦਿਆਰਥੀ ਵੀ ਕਿਤਾਬਾਂ ਨੂੰ ਖ਼ਰੀਦ ਕੇ ਨਹੀਂ ਪੜ੍ਹਦੇ। ਉਂਜ, ਇਸ ਗੱਲ ਨੂੰ ਆਰਥਿਕ ਤੰਗੀ ਦਾ ਬਹਾਨਾ ਬਣਾ ਕੇ ਝੁਠਲਾਇਆ ਵੀ ਜਾ ਸਕਦਾ ਹੈ, ਪਰ ਪੰਜਾਬੀਆਂ ਦੇ ਵਿਆਹਾਂ-ਸ਼ਾਦੀਆਂ 'ਤੇ ਹੁੰਦੇ ਖ਼ਰਚ ਨੂੰ ਦੇਖ ਕੇ ਇਹ ਦਾਅਵਾ ਵੀ ਗ਼ਲਤ ਹੀ ਜਾਪਦਾ ਹੈ। ਪ੍ਰਕਾਸ਼ਕਾਂ ਨੇ ਤਾਂ ਵਪਾਰਕ ਦ੍ਰਿਸ਼ਟੀ ਨਾਲ ਕਿਤਾਬਾਂ ਨੂੰ ਛਾਪਣਾ ਹੁੰਦਾ ਹੈ, ਪਰ ਜਦੋਂ ਪੰਜਾਬੀ ਪਾਠਕ, ਪੁਸਤਕ ਖ਼ਰੀਦਣ ਤੋਂ ਹੀ ਮੁਨਕਰ ਹਨ ਤਾਂ ਉਹ ਵੀ ਆਪਣਾ ਪੂਰਾ ਖਰਚ/ਮੁਨਾਫ਼ਾ ਲੇਖਕ ਤੋਂ ਹੀ ਵਸੂਲ ਕਰਦੇ ਹਨ। ਇਸ ਨਾਲ ਵੱਡਾ ਨੁਕਸਾਨ ਇਹ ਹੁੰਦਾ ਹੈ ਕਿ ਆਰਥਿਕ ਪੱਖੋਂ ਕਮਜ਼ੋਰ ਲੇਖਕ ਆਪਣੇ ਜੀਵਨ ਵਿੱਚ ਪੁਸਤਕ ਪ੍ਰਕਾਸ਼ਿਤ ਕਰਵਾਉਣ ਦਾ ਹੌਸਲਾ ਹੀ ਨਹੀਂ ਕਰ ਸਕਦੇ। ਇਸ ਨਾਲ ਪੰਜਾਬੀ ਸਾਹਿਤ ਵਿੱਚ ਮਿਆਰੀ ਪੁਸਤਕਾਂ ਦੀ ਆਮਦ ਨਹੀਂ ਹੁੰਦੀ। ਇਹ ਬਹੁਤ ਮੰਦਭਾਗਾ ਰੁਝਾਨ ਹੈ। ਪੰਜਾਬੀ ਸਾਹਿਤਕ ਹਲਕਿਆਂ 'ਚ ਇਹ ਗੱਲ ਆਮ ਆਖੀ ਜਾਂਦੀ ਹੈ ਕਿ ਤੁਸੀਂ ਲਿਖਾਰੀ ਭਾਵੇਂ ਕਿੰਨੇ ਵੀ ਵੱਡੇ ਹੋ, ਪਰ ਜਦੋਂ ਤਕ ਤੁਹਾਡੀ ਜੇਬ੍ਹ ਵਿੱਚ ਪੈਸੇ ਨਹੀਂ, ਤੁਹਾਡੀ ਪੁਸਤਕ ਪ੍ਰਕਾਸ਼ਿਤ ਨਹੀਂ ਹੋ ਸਕਦੀ। ਇਸ ਦਾ ਕਾਰਨ ਵੀ ਪੰਜਾਬੀਆਂ 'ਚ ਸਾਹਿਤ ਪੜ੍ਹਨ ਦੇ ਘਟਦੇ ਰੁਝਾਨ ਨੂੰ ਹੀ ਮੰਨਿਆ ਜਾ ਸਕਦਾ ਹੈ। ਪੰਜਾਬੀ ਸਮਾਜ ਜੇਕਰ ਪੰਜਾਬੀ ਪੁਸਤਕਾਂ ਨੂੰ ਖ਼ਰੀਦ ਕੇ ਪੜ੍ਹਨ ਦਾ ਹੀਲਾ ਕਰੇ ਤਾਂ ਪੰਜਾਬੀ ਦੇ ਤਕਰੀਬਨ ਸਾਰੇ ਹੀ ਪ੍ਰਕਾਸ਼ਕ, ਲੇਖਕ ਤੋਂ ਖ਼ਰਚਾ/ਮੁਨਾਫ਼ਾ ਲੈਣਾ ਘੱਟ/ਬੰਦ ਕਰ ਦੇਣਗੇ ਅਤੇ ਆਰਥਿਕ ਪੱਖੋਂ ਕਮਜ਼ੋਰ ਲੇਖਕ ਵੀ ਚੰਗੇ ਸਾਹਿਤ ਨਾਲ ਪੰਜਾਬੀ ਮਾਂ ਬੋਲੀ ਦੀ ਸੇਵਾ ਕਰ ਸਕਣਗੇ। ਅਜਿਹਾ ਕਦੋਂ ਹੋਵੇਗਾ, ਇਸ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ।

## ਪਾਠਕਾਂ ਦੀ ਸੱਥ

# 'ਖਾਲਸਾ ਪੰਥ' ਦੇ ਚਰਨਾਂ ਵਿਚ ਸਨਿਮਰ ਬੇਨਤੀ

ਮੈਂ ਅੱਜ ਤੱਕ ਤਕਰੀਬਨ ਦਸ ਕੁ ਵਾਰ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਦਰਸ਼ਨਾਂ ਵਾਸਤੇ ਗਿਆ ਹੋਵਾਂਗਾ। ਸੰਨ 1984 ਤੋਂ ਬਾਅਦ ਇੱਕ ਦਿਨ ਮੈਂ (ਪੰਜਾਬੀ ਟ੍ਰਿਬਿਊਨ ਅਖ਼ਬਾਰ) ਵਿੱਚ ਰਾਮਗੜ੍ਹੀਆ ਬੁੰਗਾ ਬਾਰੇ ਕਿਸੇ ਵਿਦਵਾਨ ਦਾ ਲੇਖ ਪੜ੍ਹਿਆ। ਜਿਸ ਵਿੱਚ ਉਸਨੇ ਲਿਖਿਆ ਸੀ ਕਿ ਜਦੋਂ ਮਿਸਲ ਕਾਲ ਸਮੇ ਜਥੇਦਾਰ ਬਘੇਲ ਸਿੰਘ ਤੇ ਜ: ਜੱਸਾ ਸਿੰਘ ਆਹਲੂਵਾਲੀਆ ਆਦਿਕਾਂ ਦੀ ਰਹਿਨੁਮਾਈ ਵਿੱਚ ਸਿੰਘਾਂ ਨੇ 'ਦਿੱਲੀ" ਫ਼ਤਿਹ ਕੀਤੀ ਸੀ, ਉਸ ਵੇਲੇ ਸਿੰਘਾਂ ਨੇ ਦਿੱਲੀ ਦੇ ਇਤਿਹਾਸਕ ਗੁਰਧਾਮਾਂ ਦੀ ਨਿਸ਼ਾਨਦੇਹੀ ਕਢ ਕੇ ਸਾਰੇ ਗੁਰਧਾਮਾਂ ਦੀ ਉਸਾਰੀ ਕਰੁਵਾਈ ਸੀ। ਜਥੇਦਾਰ ਜੱਸਾ ਸਿੰਘ ਰਾਮਗੜ੍ਹੀਆ ਨੇ ਜਿਹੜੀ ਸਿੱਲ ਉਤੇ ਬੈਠ ਕੇ ਮੁਗਲ ਬਾਦਸ਼ਾਹ ਰਾਜ ਕਰਦੇ ਸਨ, ਤੇ ਸਿੰਘਾਂ ਉਤੇ ਜ਼ੁਲਮ ਕਰਦੇ ਸਨ, ਉਹ ਸਿਲ ਉਥੋਂ (ਦਿੱਲੀ) ਤੋਂ ਚੁੱਕ ਕੇ ਸ੍ਰੀ ਅੰਮ੍ਰਿਤਸਰ ਲਿਆ ਕੇ ਸ੍ਰੀ ਗੁਰੂ ਰਾਮਦਾਸ ਜੀ ਦੇ ਚਰਨਾਂ ਵਿੱਚ ਸੁੱਟੀ ਸੀ। ਇਸ ਤਰਾਂ ਉਸ ਜਥੇਦਾਰ ਨੇ ਮੁਗਲਾਂ ਦੇ ਹੰਕਾਰ ਨੂੰ ਚਕਨਾਂ-ਚੂਰ ਕੀਤਾ ਸੀ।

ਉਪਰੋਕਤ ਲੇਖ ਪੜ੍ਹ ਕੇ ਮੇਰੇ ਮਨ ਵਿੱਚ ਖਿਆਲ ਆਇਆ, ਕਿ ਹੁਣ ਜਦੋਂ ਵੀ ਸ੍ਰੀ ਦਰਬਾਰ ਸਾਹਿਬ ਜਾਣ ਦਾ ਮੌਕਾ ਮਿਲਿਆ, ਉਹ ਸਿੱਲ ਜਰੂਰ ਦੇਖ ਕੇ ਆਉਣੀ ਹੈ। ਉਸ ਤੋਂ ਬਾਅਦ ਕਈ ਵਾਰ ਸ੍ਰੀ ਦਰਬਾਰ ਸਾਹਿਬ ਜਾਣ ਦਾ ਮੌਕਾ ਮਿਲਿਆ ਪਰ ਜਦੋਂ ਵੀ ਰਾਮਗੜ੍ਹੀਆ ਬੁੰਗੇ ਦੇ ਅੰਦਰ ਜਾਣ ਦੀ ਕੋਸ਼ਿਸ਼ ਕੀਤੀ ਤਾਂ ਬੁੰਗੇ ਦੇ ਗੇਟ ਮੂਹਰੇ ਡਿਊਟੀ ਤੇ ਬੈਠੇ ਸਿੰਘ ਨੇ ਕਹਿ ਦੇਣਾ ਕਿ ਬਾਬਾ ਜੀ ਅੰਦਰ ਨਹੀਂ ਜਾਣ ਦਿੰਦੇ। ਮੈਨੂੰ ਅੱਜ ਤੱਕ ਸਮਝ ਨਹੀਂ ਲੱਗੀ ਕਿ ਬਾਬਾ ਜੀ ਨੂੰ ਕੀ ਖਤਰਾ ਸੀ। ਖ਼ੈਰ। ਹੁਣ 11 ਫ਼ਰਵਰੀ ਨੂੰ ਫਿਰ ਸ੍ਰੀ ਦਰਬਾਰ ਸਾਹਿਬ ਜਾਣ ਦਾ ਸਬੱਬ ਬਣਿਆ ਤੇ ਮੈਂ ਰਾਮਗੜ੍ਹੀਆ ਬੁੰਗੇ ਦੇ ਅੰਦਰ ਗਿਆ। ਉਪਰਲੇ ਅਤੇ ਥੱਲੇ ਵਾਲੇ ਪਹਿਲੇ ਹਿੱਸੇ ਦੇ ਦਰਸ਼ਨ ਤਾਂ ਹੋ ਗਏ ਪਰ ਹੋਰ ਥੱਲੇ ਜਾ ਕੇ ਫਿਰ ਵੀ ਦਰਸ਼ਨ ਨਾ ਹੋ ਸਕੇ, ਕਿਉਂਕਿ ਥੱਲੇ ਜੰਦਾ ਲੱਗਾ ਹੋਇਆ ਸੀ। ਮੈਂ ਲੇਖ ਵਿੱਚ ਪੜ੍ਹਿਆ ਸੀ ਕਿ ਥੱਲੇ ਇੱਕ ਕੌਲਾ (ਪਿਲਰ) ਹੈ ਜੋ ਕਿ ਥੱਲਿਓਂ ਖਾਲੀ ਹੈ। ਉਹ ਮੈਂ ਜਰੂਰ ਦੇਖਣਾ ਚਾਹੁੰਦਾ ਸਾਂ ਪਰ ਜੰਦੇ ਕਰਕੇ ਨਹੀਂ ਦੇਖ ਸਕਿਆ। ਖ਼ੈਰ।

ਬੁੰਗੇ ਵਿੱਚ ਇੱਕ ਗੱਲ ਦੇਖ ਕੇ ਬਹੁਤ ਨਿਰਾਸਤਾ ਹੋਈ। ਕਿਉਂਕਿ ਇਤਿਹਾਸ ਵਿੱਚ ਅਸੀਂ ਕਈ ਵਾਰ ਪੜ੍ਹਿਆ ਸੁਣਿਆਂ ਹੈ ਕਿ ਜਦੋਂ ਛੇਵੇਂ ਪਾਤਿਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਦਰਬਾਰ ਸਾਹਿਬ ਦੇ ਸਾਹਮਣੇ ਸ੍ਰੀ ਅਕਾਲ ਤਖਤ ਸਾਹਿਬ ਦੀ ਉਸਾਰੀ ਕੀਤੀ ਸੀ ਤਾਂ ਆਪਣੇ ਬਿਰਾਜਣ ਵਾਸਤੇ ਜੋ ਥੜ੍ਹਾ ਬਣਾਇਆ, ਉਹ ਦਰਬਾਰ ਸਾਹਿਬ ਦੇ ਫ਼ਰਸ਼ ਨਾਲੋਂ ਨੀਂਵਾਂ ਰੱਖਿਆ ਸੀ। ਗੁਰੂ ਸਾਹਿਬ ਜੀ ਨੇ ਭਗਤੀ ਨੂੰ ਉਚਾ ਦਰਜਾ ਦਿਤਾ, ਅਤੇ ਰਾਜਨੀਤੀ ਨੂੰ ਨੀਵਾਂ ਹੀ ਰੱਖਿਆ ਸੀ। ਪਰ ਮੁਗਲਾਂ ਦੀ ਸਿੱਲ ਜੋ ਕਿ ਰਾਮਗੜ੍ਹੀਆ ਬੁੰਗਾ ਵਿੱਚ ਪਰਕਰਮਾ ਵਾਲੀ ਕੰਧ ਦੇ ਅੰਦਰ ਰੱਖੀ ਹੋਈ ਹੈ, ਉਹ ਪਰਕਰਮਾ ਦੇ ਫ਼ਰਸ਼ ਨਾਲੋਂ ਤਕਰੀਬਨ 5,6 ਫ਼ੁੱਟ ਉੱਚੀ ਹੈ। ਇਹ ਗੱਲ ਦੇਖ ਕੇ ਮੈਨੂੰ ਹੈਰਾਨੀ ਅਤੇ ਦੁੱਖ ਹੋਇਆ ਕਿ 'ਪੰਥ ਇਸ ਪਾਸੇ ਅਣਗਹਿਲੀ ਕਰ ਰਿਹਾ ਹੈ। ਇਸ ਸੰਬੰਧ ਵਿੱਚ ਮੈਂ ਪਿਆਰ ਅਤੇ ਸਤਿਕਾਰ ਨਾਲ ਖਾਲਸਾ ਪੰਥ ਅਤੇ ਪੰਜੇ ਜਥੇਦਾਰ ਸਾਹਿਬਾਨ ਜੀ ਦੀ ਸੇਵਾ ਵਿੱਚ ਨਿਮਰਤਾ ਸਹਿਤ ਬੇਨਤੀ ਕਰਦਾ ਹਾਂ।

ਇਸ ਸੰਬੰਧ ਵਿੱਚ ਮੈਂ ਤਿੰਨ ਵਿਚਾਰ ਪੇਸ਼ ਕਰਦਾ ਹਾਂ ਸਮੂਹ ਪੰਥ ਨੂੰ ਜਿਹੜਾ ਸਹੀ ਲਗੇ ਉਸ ਨੂੰ ਪ੍ਰਵਾਨ ਕਰਨ ਦੀ ਕ੍ਰਿਪਾਲਤਾ ਕਰਨੀ ਜੀ।

1-ਪਹਿਲੀ ਗੱਲ ਕਿ ਰਾਮਗੜ੍ਹੀਆ ਬੁੰਗਾ ਦੇ ਪ੍ਰਬੰਧਕ ਵੀਰਾਂ ਨਾਲ ਪੰਜੇ ਜਥੇਦਾਰ ਸਾਹਿਬਾਨ ਅਤੇ ਪੰਥ ਦੇ ਹੋਰ ਮੁਖੀ ਸਲਾਹ ਕਰ ਲੈਣ। ਉਹ ਸਿੱਲ ਉਸ ਜਗ੍ਹਾ ਤੋਂ ਚੱਕ ਕੇ ਦਰਸ਼ਨੀ ਡਿਉੜੀ ਦੇ ਮੂਹਰੇ (ਬਾਹਰਵਾਰ) ਜਿਥੋਂ ਸੰਗਤਾਂ ਲੰਘ ਕੇ ਦਰਸ਼ਨੀ ਡਿਉੜੀਵਿੱਚ ਦਾਖਲ ਹੁੰਦੀਆਂ ਹਨ, ਉਥੇ ਫ਼ਰਸ਼ ਵਿੱਚ ਰਖ ਦੇਣੀ ਚਾਹੀਦੀ ਹੈ, ਤਾਂ ਕਿ ਸਾਰੀਆਂ ਸੰਗਤਾਂ ਉਸ ਉਤੇ ਪੈਰ ਰਖ -ਰਖ ਕੇ ਅੰਦਰ ਜਾਣ। ਉਸ ਦੇ ਨੇੜੇ ਕਿਸੇ ਪੱਥਰ ਉਤੇ ਸੰਬੰਧਤ' ਇਤਿਹਾਸ ਲਿਖ ਦੇਣਾ ਚਾਹੀਦਾ ਹੈ। ਜਥੇਦਾਰ ਜੱਸਾ ਸਿੰਘ ਦੀ ਭਾਵਨਾ ਪੂਰੀ ਹੋ ਸਕੇ।

2-ਜੇ ਇਹ ਗੱਲ ਪੰਥ ਨੂੰ ਸਹੀ ਨਾ ਲਗੇ ਤਾਂ ਜਿਸ ਜਗ੍ਹਾ ਉਹ ਸਿੱਲ ਪਈ ਹੈ ਉਸੇ ਜਗ੍ਹਾ ਨੂੰ ਪਰਕਰਮਾ ਦੇ ਫ਼ਰਸ਼ ਨਾਲੋਂ 4-5 ਇੰਚੀ ਨੀਂਵੀਂ ਕਰਕੇ ਉਥੇ ਹੀ ਉਹ ਸਿੱਲ ਰਖ ਦੇਣੀ ਚਾਹੀਦੀ ਹੈ ਤੇ ਪਰਕਰਮਾ ਵਾਲੇ ਪਾਸੇ ਸ਼ੀਸ਼ਾ ਲਗਾ ਦੇਣਾ ਚਾਹੀਦਾ ਹੈ ,ਤਾਂ ਕਿ ਪਰਕਰਮਾ ਕਰਨ ਵਾਲੀਆਂ ਸੰਗਤਾਂ ਪਰਕਰਮਾ ਕਰਦੀਆਂ ਕਰਦੀਆਂ ਉਸ ਸਿੱਲ ਨੂੰ ਦੇਖ ਸਕਣ।

3-ਜੇ ਇਹ ਵੀ ਸਲਾਹ ਪਾਸ ਨਾ ਹੋਵੇ ਤਾਂ ਉਹ ਸਿੱਲ ਰਾਮਗੜ੍ਹੀਆ ਬੁੰਗੇ ਦੀ ਬੇਸਮੈਂਟ ਵਿੱਚ ਕਿਸੇ ਵੀ ਉਚਿਤ ਥਾਂ ਤੇ ਰਖ ਦੇਣੀ ਚਾਹੀਦੀ ਹੈ। ਮੁਕਦੀ ਗੱਲ ਸਿੱਲ ਨੂੰ ਪੰਥ ਜਿਥੇ ਮਰਜੀ ਰਖੇ ਪਰ ਉਹ ਦਰਬਾਰ ਸਾਹਿਬ ਦੇ ਫ਼ਰਸ਼ ਨਾਲੋਂ ਭਾਵੇਂ ਦੋ ਇੰਚ ਹੀ ਨੀਵੀਂ ਹੋਵੇ ਪਰ ਉਹ ਹਰ ਹਾਲਤ ਦਰਬਾਰ ਸਾਹਿਬ ਦੇ ਫ਼ਰਸ਼ ਨਾਲੋਂ ਨੀਵੀਂ ਹੋਣੀ ਚਾਹੀਦੀ ਹੈ ਉੱਚੀ ਨਹੀਂ। ਜਿਹੜੀ ਵੀ ਸਲਾਹ ਪੰਥ ਨੂੰ ਸਹੀ ਲਗੇ ਉਸ ਨੂੰ ਮੰਨ ਕੇ ਪੰਥ ਸਿਸਲ ਨੂੰ ਯੋਗ ਥਾਂ ਤੇ ਰਖਣ ਦੀ ਕ੍ਰਿਪਾਲਤਾ ਕਰੇ।

ਦੂਜੀ ਬੇਨਤੀ:ਦਮਦਮੀ ਟਕਸਾਲ ਜਥਾ ਭਿੰਡਰਾਂ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧਕ ਵੀਰਾਂ ਨੇ ਜੂਨ 1984 ਦੇ ਘੱਲੂਘਾਰੇ ਦੇ ਸ਼ਹੀਦਾਂ ਯਾਦ ਵਿੱਚ ਸ਼ਹੀਦੀ ਯਾਦਗਾਰ' ਸਥਾਪਤ ਕੀਤੀ ਹੈ, ਉਸ ਦੇ ਵੀ ਦਰਸ਼ਨ ਕਰਨ ਦੀ ਮੇਰੇ ਮਨ ਵਿੱਚ ਚਾਹਤ ਸੀ। ਉਸ ਦੇ ਵੀ ਦਰਸ਼ਨ ਕੀਤੇ। ਮੇਰੇ ਮਨ ਵਿੱਚ ਖਿਆਲ ਸੀ ਕਿ ਉਥੇ ਮਹਾਨ ਸ਼ਹੀਦ ਸੰਤ ਜਰਨੈਲ ਸਿੰਘ ਜੀ ਭਿੰਡਰਾਂ ਵਾਲੇ, ਜਥੇਦਾਰ ਸੁਬੇਗ ਸਿੰਘ, ਭਾਈ ਅਮਰੀਕ ਸਿੰਘ, ਬਾਬਾ ਥ੍ਹਾਰਾ ਸਿੰਘ ਜੀਆਂ ਤੋਂ ਬਿਨਾ ਓਸ ਵਹਿਸ਼ੀ ਘੱਲੂਘਾਰੇ ਵਿੱਚ ਸ਼ਹੀਦ ਹੋਣ ਵਾਲੇ ਸਾਰੇ ਬੱਚੇ ਬੱਚੀਆਂ, ਨੌਜਵਾਨ, ਬਾਬੇ ਅਤੇ ਬੀਬੀਆਂ, ਮਾਤਾਵਾਂ ਸਾਰਿਆਂ ਦੇ ਨਾਮ ਲਿਖੇ ਹੋਣਗੇ, ਪਰ ਉਥੇ ਸੰਤ ਜੀ ਅਤੇ ਉਨ੍ਹਾਂ ਦੇ 4-5 ਸਾਥੀਆਂ ਦੇ ਨਾਮ ਹੀ ਪੜ੍ਹਨ ਨੂੰ ਮਿਲੇ। ਇਹ ਦੇਖ ਕੇ ਵੀ ਮਨ ਵਿੱਚ ਬੜੀ ਨਿਰਾਸ਼ਾ ਆਈ। ਕਿਉਂਕਿ ਉਸ ਘੱਲੂਘਾਰੇ ਨਾਲ ਸੰਬੰਧਤ ਇਤਿਹਾਸ ਬਾਰੇ ਜਿਨ੍ਹਾਂ ਜਿਨ੍ਹਾਂ ਵੀ ਵਿਦਵਾਨਾਂ ਨੇ ਕਿਤਾਬਾਂ ਲਿਖੀਆਂ ਹੋਈਆਂ ਹਨ, ਤਕਰੀਬਨ ਸਾਰੇ ਵਿਦਵਾਨਾਂ ਨੇ ਹੀ ਇਹ ਗੱਲਾਂ ਲਿਖੀਆਂ ਹੋਈਆਂ ਹਨ। ਕਿਉਂਕਿ ਇਹ ਘੱਲੂਘਾਰਾ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਨ ਨੂੰ ਚੁਣ ਕੇ ਵਰਤਾਇਆ ਗਿਆ ਸੀ, ਉਸ ਦਿਨ ਸੰਗਤਾਂ ਆਮ ਦਿਨਾਂ ਨਾਲੋਂ ਬਹੁਤ ਜਿਆਦਾ ਗਿਣਤੀ ਵਿੱਚ ਪਹੁੰਚਦੀਆਂ ਹਨ। ਉਨ੍ਹਾਂ ਕਿਤਾਬਾਂ ਵਿੱਚ ਸਾਫ਼ ਲਿਖਿਆ ਮਿਲਦਾ ਹੈ ਕਿ ਓਦੋਂ ਸਾਰੇ ਸਰੋਵਰ ਦਾ ਪਾਣੀ ਲਾਲ ਸੁਰਖ਼ ਹੋਇਆ ਪਿਆ ਸੀ। ਸਾਰੀ ਪਰਕਰਮਾਂ ਵਿੱਚ ਲਹੂ ਹੀ ਲਹੂ ਦਿਸਦਾ ਸੀ। ਇਹ ਸਾਰਾ ਵਰਤਾਰਾ 10-15 ਜਾਂ 20 ਬੰਦਿਆਂ ਦੀ ਹਾਜ਼ਰੀ ਕਰਕੇ ਨਹੀਂ ਵਾਪਰ ਸਕਦਾ। ਭਲਾਂ ਜਿਹੜੀਆਂ ਬੇਕਸੂਰ ਸੰਗਤਾਂ ਇਸ ਹੋਣੀ ਦਾ ਸ਼ਿਕਾਰ ਹੋ ਗਈਆਂ, ਉਨ੍ਹਾਂ ਦੀਆਂ ਸ਼ਹੀਦੀਆਂ ਦਾ ਕੋਈ ਮੁੱਲ ਨਹੀਂ? ਵੈਸੇ ਵੀ ਉਥੇ ਲਿਖੇ ਹੋਏ 5-7 ਨਾਮ ਪੜ੍ਹ ਕੇ ਕੋਈ ਸਾਨੂੰ ਪੁਛੇ, ਕਿ ਇਨ੍ਹਾਂ 5-7 ਜਾਂ 10 ਬੰਦਿਆਂ ਵਾਸਤੇ ਹੀ ਐਨੀਆਂ ਫ਼ੌਜਾਂ ਚੜ੍ਹ ਕੇ ਆ ਗਈਆਂ ਸਨ? ਤਾਂ ਸਾਡੇ ਕੋਲ ਕੀ ਜਵਾਬ ਹੋਵੇਗਾ।

ਮੈਂ 'ਗੁਰੂ ਪੰਥ' ਅਗੇ ਬੜੀ ਨਿਮਰਤਾ ਸਹਿਤ ਬੇਨਤੀ ਕਰਦਾ ਹਾਂ ਕਿ ਉਸ ਘੱਲੂਘਾਰੇ ਵਿੱਚ ਜਿਹੜੇ ਜਿਹੜੇ ਬੱਚੇ, ਬਜ਼ੁਰਗ, ਨੌਜਵਾਨ ਬੀਬੀਆਂ ਸ਼ਹੀਦ ਹੋ ਗਏ ਸਨ, ਉਨ੍ਹਾਂ ਸਾਰਿਆਂ ਦੇ ਨਾਮ ਪਤੇ ਲੱਭ ਲੱਭ ਕੇ ਬੋਰਡਾਂ ਜਾਂ ਸਿੱਲ ਪੱਥਰਾਂ ਉਤੇ ਲਿਖ ਕੇ ਕੰਧਾਂ ਵਿੱਚ ਜੜਨੇ ਚਾਹੀਦੇ ਹਨ। ਤਾਂ ਕਿ ਅਸੀਂ ਸਮੇ ਸਮੇਂ ਤੇ ਉਨ੍ਹਾਂ ਸ਼ਹੀਦਾਂ ਨੂੰ ਯਾਦ ਕਰ ਸਕੀਏ। ਉਨ੍ਹਾਂ ਸ਼ਹੀਦਾਂ ਦੀਆਂ ਮਹਾਨ ਸ਼ਹੀਦੀਆਂ ਨੂੰ ਭੁਲਾ ਕੇ ਅਕ੍ਰਿਤਘਣ ਬਣਨ ਦੀ ਗਲਤੀ ਨਾ ਕਰੀਏ। ਮਹਿਜ ਕੰਧਾਂ ਕਿਸੇ ਨੂੰ ਕੀ ਦੱਸ ਸਕਦੀਆਂ ਹਨ ਜੇ ਉੱਥੇ ਹੋਣ ਵਾਲੇ ਸ਼ਹੀਦਾਂ ਦੇ ਨਾਮ ਹੀ ਨਾ ਹੋਣ। ਮੈਂ ਤਾਂ ਇਹ ਵੀ ਮਹਿਸੂਸ ਕਰਦਾ ਹਾਂ ਕਿ ਇੱਕ ਬੋਰਡ ਉਤੇ ਇਹ ਵੀ ਲਿਖ ਕੇ ਲਾਉਣਾ ਚਾਹੀਦਾ ਹੈ ਕਿ ਆਪਣੇ ਹੀ ਦੇਸ਼ ਦੀ ਸੈਕੂਲਰਇਜਮ ਦਾ ਚੀਕ ਚਿਹਾੜਾ ਪਾਉਣ ਵਾਲੀ ਸਰਕਾਰ ਨੇ ਕਿਵੇਂ ਇੱਕ ਘੱਟਗਿਣਤੀ,ਅਤੇ ਉਸ ਦੇ ਧਾਰਮਿਕ ਅਸਥਾਨ ਉਤੇ ਫ਼ੌਜਾਂ ਚੜ੍ਹਾ ਕੇ ਇਹ ਵਹਿਸ਼ੀ ਕਾਰਾ ਕੀਤਾ।

ਪੰਥ ਇਨਾਂ ਬੇਨਤੀਆਂ ਉਤੇ ਵਿਚਾਰ ਕਰੇ ਤੇ ਜੇ ਇਹ ਸਹੀ ਹੋਣ ਤਾਂ ਇਨ੍ਹਾਂ ਨੂੰ ਪੂਰਾ ਕਰਨ ਦੀ ਕ੍ਰਿਪਾਲਤਾ ਕਰੇ। ਅਗਰ ਮੈਂ ਕੋਈ ਗੱਲ ਗ਼ਲਤ ਲਿਖੀ ਹੋਵੇ ਤਾਂ 'ਗੁਰੂ ਪੰਥ' ਕੋਲੋਂ ਨਿਮਰਤਾ ਸਹਿਤ ਖਿਮਾਂ ਮੰਗਦਾ ਹਾਂ।

ਗੁਰੂ ਪੰਥ ਦਾ ਨਿਮਾਣਾ ਜਿਹਾ ਸੇਵਕ:-

**ਭਾਈ ਮਨਮੋਹਣ ਸਿੰਘ ਦੋਪਾਲ ਪੁਰ**

(ਫੋਨ: 91 75891-681330)

# ਆਦਮੀ ਦੇ ਜ਼ਿਆਦਾਤਰ ਕੰਮ ਰੋਬੋਟ ਕਰਨਗੇ

**ਅਮਨਦੀਪ ਕੌਰ ਹਾਂਸ**

ਮੰਨਿਆ ਜਾਂਦਾ ਹੈ ਕਿ ਇਸ ਸਦੀ ਦੇ ਵਿਚਲੇ ਪੜਾਅ ਤੱਕ ਪੁੱਜਦੇ-ਪੁੱਜਦੇ ਦੁਨੀਆਂ 'ਚ ਰੋਬੋਟਸ ਦੀ ਭਰਮਾਰ ਹੋਵੇਗੀ। ਉਹ ਵੱਖ-ਵੱਖ ਤਰ੍ਹਾਂ ਦੇ ਹੋਣਗੇ, ਵੱਖ ਆਕਾਰ-ਪ੍ਰਕਾਰ ਦੇ।



ਵੱਖ-ਵੱਖ ਕੰਮਾਂ 'ਚ ਇਸਤੇਮਾਲ ਹੋਣਗੇ। ਹਸਪਤਾਲ 'ਚ ਸਰਜਰੀ ਤੋਂ ਲੈ ਕੇ ਤੁਹਾਡੀ ਰਸੋਈ 'ਚ ਰਸੋਈਏ ਤੱਕ ਦੇ ਰੂਪ 'ਚ। ਉਹ ਸੰਗੀਤਕਾਰ ਵੀ ਹੋ ਸਕਦੇ ਹਨ ਤੇ ਤੇਜ਼ ਦੌੜਾਕ ਵੀ। ਉਨ੍ਹਾਂ ਤੋਂ ਇਨਫਰਾਸਟਰੱਕਚਰ ਦਾ ਵੀ ਕੰਮ ਲਿਆ ਜਾ ਸਕੇਗਾ ਅਤੇ ਘਰ 'ਚ ਵੀ। ਹੋ ਸਕਦਾ ਹੈ ਤੁਸੀਂ ਹੈਰਾਨ ਨਾ ਹੋਵੋ ਕਿ ਇੱਕ ਰੋਬੋਟ ਕਿਵੇਂ ਚੰਗਾ ਸਰਜਨ ਹੋ ਸਕਦਾ ਹੈ ਜਾਂ ਕਿਵੇਂ ਲਜੀਜ਼ ਖਾਣਾ ਬਣਾ ਕੇ ਖੁਆ ਸਕਦਾ ਹੈ ਜਾਂ ਫਿਰ ਕਿਸ ਤਰ੍ਹਾਂ ਸੰਗੀਤ ਦੀ ਮੰਤਰ-ਮੁਗਧ ਕਰਨ ਵਾਲੀਆਂ ਡੂੰਘਾਈਆਂ 'ਚ ਉਤਾਰ ਸਕਦਾ ਹੈ। ਆਉਣ ਵਾਲੇ ਦਹਾਕਿਆਂ 'ਚ ਇਹ ਬਿਲਕੁਲ ਸੰਭਵ ਹੈ। ਉਦੋਂ ਆਦਮੀ ਦੇ ਜ਼ਿਆਦਾਤਰ ਕੰਮ ਰੋਬੋਟ ਕਰਨਗੇ। ਦੁਨੀਆਂ ਦੇ ਕਿਸੇ ਵੀ ਤਰ੍ਹਾਂ ਦੇ ਕੰਮ 'ਚ ਉਹ ਸਭ ਤੋਂ ਵੱਧ ਮਾਹਿਰ ਹੋਣਗੇ।

ਮਸ਼ਹੂਰ ਭੌਤਿਕ ਵਿਗਿਆਨੀ ਮਿਚਿਓ ਕਾਕੂ ਆਪਣੀ ਬੈਸਟ ਸੈੱਲਰ ਕਿਤਾਬ 'ਫਿਜੀਕਸ ਆਫ ਦਿ ਫਿਊਚਰ' 'ਚ ਕਹਿੰਦੇ ਹਨ ਕਿ ਅਜਿਹੇ ਰੋਬੋਟਸ ਆ ਜਾਣਗੇ, ਜੋ ਮਨੁੱਖਾਂ ਨਾਲ ਸਾਮਾਜਿਕ ਤੌਰ 'ਤੇ ਜੁੜਨਗੇ। ਉਨ੍ਹਾਂ ਨਾਲ ਗੱਲਾਂ ਕਰਨਗੇ, ਦੁੱਖ-ਦਰਦ ਜਾਣਨਗੇ, ਹਦਾਇਤ ਦੇਣਗੇ, ਘਰ 'ਚ ਨੌਕਰ ਦੀ ਤਰ੍ਹਾਂ ਕੰਮ ਕਰਨਗੇ ਤੇ ਨਾਲ ਘੁੰਮਣ-ਫਿਰਨ ਵੀ ਨਿਕਲ ਪੈਣਗੇ। ਤੁਹਾਡੀ ਹਰ ਗੱਲ ਉਨ੍ਹਾਂ ਦੀ ਸਮਝ 'ਚ ਆਵੇਗੀ। ਇਹ ਸਭ ਉਹ ਕਰਨਗੇ ਆਪਣੀ ਆਰਟੀਫੀਸ਼ੀਅਲ ਇੰਟੈਲੀਜੈਂਸ ਨਾਲ। ਉਹ ਸਾਡੀਆਂ ਸਾਰੀਆਂ ਮੌਜੂਦਾ ਮਸ਼ੀਨਾਂ ਜਾਂ ਕੰਪਿਊਟਰਸ ਤੋਂ ਬਹੁਤ ਅੱਗੇ ਹੋਣਗੇ। ਅਗਲੀ ਸਦੀ ਤੱਕ ਤਾਂ ਰੋਬੋਟ ਹੀ ਚਾਰੇ ਪਾਸੇ ਦਿੱਸਣਗੇ-ਏਅਰਪੋਰਟ ਤੋਂ ਲੈ ਕੇ ਦਫ਼ਤਰਾਂ ਤੱਕ। ਇਹ ਪੁਲੀਸ ਦੀ ਭੂਮਿਕਾ ਸੰਭਾਲਣਗੇ। ਰੇਲ ਗੱਡੀਆਂ ਚਲਾਉਣਗੇ। ਕਾਰਾਂ ਦੇ ਡਰਾਈਵਰ ਹੋਣਗੇ। ਦੁਕਾਨਾਂ ਦੇ ਕਾਊਂਟਰ 'ਤੇ ਹੋਣਗੇ। ਇਹ ਇੰਨੀਆਂ ਜ਼ਿਆਦਾ ਭੂਮਿਕਾਵਾਂ 'ਚ ਹੋਣਗੇ ਕਿ ਅੰਦਾਜ਼ਾ ਵੀ ਨਹੀਂ ਲਾਇਆ ਜਾ ਸਕਦਾ।

ਜਾਪਾਨ ਦੇ ਨਾਗੋਆ 'ਚ ਇੱਕ ਅਜਿਹਾ ਰੋਬੋਟ ਸ਼ੈੱਫ ਹੈ, ਜੋ ਕੁਝ ਮਿੰਟਾਂ 'ਚ ਸ਼ਾਨਦਾਰ ਫਾਸਟ ਫੂਡ ਡਿਨਰ ਤਿਆਰ ਕਰ ਸਕਦਾ ਹੈ। ਮੈਨਯੂ ਵੇਖ ਕੇ ਸਿਰਫ਼ ਉਸ 'ਚ ਫੀਡ ਕਰੋ। ਡਿਸ਼ ਪਲਕ ਝਪਕਦਿਆਂ ਤਿਆਰ ਮਿਲੇਗੀ। ਏਈਸੀ, ਇੰਡਸਟਰੀਅਲ ਰੋਬੋਟਿਕਸ ਨਾਮ ਦੀ ਕੰਪਨੀ ਅਜਿਹੇ ਰੋਬੋਟ ਤਿਆਰ ਕਰ ਰਹੀ ਹੈ, ਜੋ ਇੱਕ ਮਿੰਟ ਜਾਂ 40 ਸਕਿੰਟ 'ਚ ਨੂਡਲਜ਼ ਤਿਆਰ ਕਰ ਸਕਣ। ਇਹ ਰੋਬੋਟ ਇੱਕ ਦਿਨ 'ਚ ਢੇਰ ਸਾਰੀ ਪਲੇਟਾਂ ਸਰਵ ਕਰ ਸਕਦਾ ਹੈ। ਆਪਣੇ ਦੋ ਮੈਕੇਨੀਕਲ ਹੱਥਾਂ ਨਾਲ ਇਹ ਸੈਂਡਵਿਚ, ਸਲਾਦ, ਸੂਪ ਤਿਆਰ ਕਰ ਸਕਦਾ ਹੈ। ਅਜੇ ਇਹ ਆਦਮੀ ਵਾਂਗ ਨਹੀਂ ਹੈ, ਪਰ ਇਸ ਨੂੰ ਉਹੋ ਜਿਹੀ ਸ਼ਕਲ ਦੇਣ ਦੀ ਕੋਸ਼ਿਸ਼ ਹੋ ਰਹੀ ਹੈ। ਜਾਪਾਨ 'ਚ ਟੋਯੋਟਾ ਨੇ ਅਜਿਹਾ ਰੋਬੋਟ ਤਿਆਰ ਕੀਤਾ ਹੈ, ਜੋ ਵਾਇਲਨ ਵਜਾ ਸਕਦਾ ਹੈ। ਦੱਖਣੀ ਕੋਰੀਆ 'ਚ ਇੱਕ ਰੋਬੋਟ ਸਕੂਲ ਵਿੱਚ ਅਧਿਆਪਕਾਂ ਦੀ ਮਦਦ ਕਰਦਾ ਹੈ ਤੇ ਜਮਾਤ 'ਚ ਬੱਚਿਆਂ ਦੇ ਸਵਾਲਾਂ ਦੇ ਜਵਾਬ ਦਿੰਦਾ ਹੈ। ਅਮਰੀਕੀ ਅਤੇ ਯੂਰਪੀ ਦੇਸ਼ਾਂ 'ਚ ਰੋਬੋਟਸ ਦਾ ਇਸਤੇਮਾਲ ਫਿਲਹਾਲ ਇੰਡਸਟਰੀਅਲ ਕੰਮਾਂ, ਜਿਵੇਂ ਵੱਡੇ ਕਾਰਖਾਨਿਆਂ ਅਤੇ ਫੈਕਟਰੀ 'ਚ ਹੋ ਰਿਹਾ ਹੈ।



ਅਗਲੇ ਦੋ ਦਹਾਕਿਆਂ 'ਚ ਰੋਬੋਟਸ 'ਤੇ ਖੋਜ ਅਤੇ ਉਤਪਾਦਨ 'ਤੇ ਜ਼ਿਆਦਾ ਪੈਸਾ ਲਾਇਆ ਜਾਵੇਗਾ। ਜਾਪਾਨ 'ਚ ਤਾਂ ਹੁਣ ਤੋਂ ਰੋਬੋਟਸ ਨੂੰ ਮਾਨਵ ਫਰੈਂਡਲੀ ਬਣਾਉਣ ਲਈ ਵੱਡੇ ਪੱਧਰ 'ਤੇ ਕੰਮ ਕੀਤਾ ਜਾ ਰਿਹਾ ਹੈ। ਦੁਨੀਆਂ ਦੇ ਹੋਰ ਵਿਕਸਿਤ ਦੇਸ਼ਾਂ ਦਾ ਧਿਆਨ ਇਸ ਵੱਲ ਨਹੀਂ ਗਿਆ, ਪਰ ਇਹ ਤੈਅ ਹੈ ਕਿ ਘੱਟ ਤੋਂ ਘੱਟ ਤਿੰਨ ਤੋਂ ਚਾਰ ਦਹਾਕਿਆਂ ਬਾਅਦ ਦੁਨੀਆਂ 'ਚ ਹੋ ਰਹੇ ਮੌਸਮ ਤੋਂ ਲੈ ਕੇ ਮਜ਼ਦੂਰੀ, ਊਰਜਾ ਦੇ ਬਦਲਾਅ ਕਾਰਨ ਸਾਨੂੰ ਜੀਵਨ ਦੇ ਬਹੁਤ ਸਾਰੇ ਖੇਤਰਾਂ 'ਚ ਮਨੁੱਖ ਦੀ ਥਾਂ ਮਦਦਗਾਰ ਮਸ਼ੀਨਾਂ ਦੀ ਲੋੜ ਪਵੇਗੀ ਤੇ ਉਦੋਂ ਅਚਾਨਕ ਰੋਬੋਟਸ 'ਤੇ ਕੰਮ ਅਤੇ ਸੋਧ ਸ਼ੁਰੂ ਹੋਵੇਗੀ। ਇੱਕ ਮੰਨੇ-ਪ੍ਰਮੰਨੇ ਅਰਥਸ਼ਾਸਤਰੀ ਕਹਿੰਦੇ ਹਨ ਕਿ ਜੇਕਰ ਮਨੁੱਖ ਦੀ ਥਾਂ ਰੋਬੋਟਸ ਨੇ ਲੈ ਲਈ, ਤਾਂ ਅਰਥਵਿਵਸਥਾ ਦਾ ਢਾਂਚਾ ਹੀ ਬਦਲ ਜਾਵੇਗਾ, ਕਿਉਂਕਿ ਸਰਵਿਸ, ਮਾਰਕਿਟ ਅਤੇ ਕੰਜ਼ਿਊਮਰ ਸੈਕਟਰ 'ਚ ਨਵੀਂ ਤਕਨੀਕ ਤੇ ਸੁਧਾਰਾਂ ਲਈ ਇਨ੍ਹਾਂ ਦਾ ਸਹਾਰਾ ਲਿਆ ਜਾਵੇਗਾ, ਤਾਂ ਭ੍ਰਿਸ਼ਟਾਚਾਰ ਵੀ ਕਾਫ਼ੀ ਹੱਦ ਤੱਕ ਖ਼ਤਮ ਹੋ ਜਾਵੇਗਾ।

**ਹੋਵੇਗੀ ਸੰਵੇਦਨਸ਼ੀਲਤਾ ਵੀ**

ਭਵਿੱਖ 'ਚ ਜਿਵੇਂ-ਜਿਵੇਂ ਰੋਬੋਟਸ 'ਚ ਆਰਟੀਫੀਸ਼ੀਅਲ ਇੰਟੈਲੀਜੈਂਸ ਵਧੇਗਾ, ਉਹ ਉੱਨੇ ਹੀ ਕਰਾਮਾਤੀ ਅਤੇ ਸਮਾਰਟ ਹੁੰਦੇ ਜਾਣਗੇ। ਇਹ ਭਾਵਨਾਵਾਂ ਨੂੰ ਸਮਝਣਗੇ। ਉਨ੍ਹਾਂ ਨੂੰ ਪਤਾ ਹੋਵੇਗਾ ਕਿ ਕਿਨ੍ਹਾਂ ਗੱਲਾਂ 'ਤੇ ਕਿਸ ਤਰ੍ਹਾਂ ਨਾਲ ਪ੍ਰਤੀਕਰਮ ਦੇਣਾ ਹੈ, ਕਦੋਂ ਖ਼ੁਸ਼ ਹੋਣਾ ਹੈ, ਕਦੋਂ ਦੁੱਖ ਜ਼ਾਹਿਰ ਕਰਨਾ ਹੈ। ਆਉਣ ਵਾਲੇ ਸਾਲਾਂ 'ਚ ਇਕੱਲੇਪਣ ਨੂੰ ਦੂਰ ਕਰਨ 'ਚ ਇਹ ਰੋਬੋਟਸ ਸ਼ਾਇਦ ਬਿਹਤਰ ਸਾਥੀ ਸਾਬਤ ਹੋਣ। ਮੰਨਿਆ ਜਾ ਰਿਹਾ ਹੈ ਕਿ 2050 ਤੱਕ ਇਮੋਸ਼ਨਲ ਰੋਬੋਟ ਵੱਡੇ ਪੈਮਾਨੇ 'ਤੇ ਬਣਨ ਲੱਗਣਗੇ। ਕੀ ਤੁਹਾਨੂੰ 'ਸਟਾਰ ਟਰੈਕ' ਫਿਲਮ ਦਾ ਐਂਡਰਾਇਡ ਰੋਬੋਟ ਯਾਦ ਹੈ, ਜਿਸ 'ਚ ਆਪਣੀ ਇੰਟੈਲੀਜੈਂਸੀ ਹੈ ਤੇ ਜੋ ਪਲਕ ਝਪਕਦਿਆਂ ਹੀ ਕਿਸੇ ਵੀ ਸਮੱਸਿਆ ਦਾ ਹੱਲ ਦੱਸ ਸਕਦਾ ਹੈ। ਜਾਣਕਾਰੀਆਂ ਦਾ ਖ਼ਜ਼ਾਨਾ ਹੈ ਉਹ, ਪਰ ਫਿਲਹਾਲ ਉਸ ਦਾ ਚਿਹਰਾ ਸਪਾਟ ਰਹਿੰਦਾ ਹੈ, ਉਸ 'ਤੇ ਕੋਈ ਭਾਵ ਨਹੀਂ ਉੱਭਰਦੇ।

**ਬੇਲਗਾਮ ਤਾਂ ਨਹੀਂ ਹੋਣਗੀਆਂ ਮਸ਼ੀਨਾਂ**

ਇਹ ਸਵਾਲ ਹਮੇਸ਼ਾਂ ਉੱਠਦਾ ਰਿਹਾ ਹੈ ਕਿ ਕੀ ਹੋਵੇਗਾ ਜੇਕਰ ਰੋਬੋਟਸ ਜਾਂ ਮਸ਼ੀਨਾਂ ਜ਼ਿਆਦਾ ਸਮਾਰਟ ਹੋ ਜਾਣਗੀਆਂ? ਕੀ ਹੋਵੇਗਾ ਜੇਕਰ ਉਨ੍ਹਾਂ 'ਚ ਚੇਤਨਾ ਆ ਜਾਵੇਗੀ? ਅਗਲੀ ਸਦੀ ਤੱਕ ਅਜਿਹੇ ਰੋਬੋਟਸ ਬਣਨ ਹੀ ਲੱਗਣਗੇ, ਜੋ ਮਨੁੱਖ ਦੀ ਇੰਟੈਲੀਜੈਂਸੀ ਨੂੰ ਟੱਕਰ ਦੇਣਗੇ, ਬਲਕਿ ਇਹ ਵੀ ਹੋ ਸਕਦਾ ਹੈ ਕਿ ਅੱਗੇ ਵੀ ਨਿਕਲ ਜਾਣ। ਉਦੋਂ ਵਾਕਈ ਮਨੁੱਖ ਜਾਤੀ 'ਤੇ ਖ਼ਤਰਾ ਆ ਸਕਦਾ ਹੈ। ਸਾਲ 1993 'ਚ ਵਿਗਿਆਨ ਨਾਵਲਕਾਰ ਵੇਰਨੋਟ ਵਿੰਗ ਨੇ ਕਿਹਾ ਸੀ-ਜਦੋਂ ਤਕਨੀਕ ਸੁਪਰ ਹਿਊਮਨ ਇੰਟੈਲੀਜੈਂਸ ਤਿਆਰ ਕਰ ਲਵੇਗੀ, ਉਸੇ ਦਿਨ ਮਨੁੱਖੀ ਯੁੱਗ ਦਾ ਵੀ ਅੰਤ ਹੋ ਜਾਵੇਗਾ। ਉਨ੍ਹਾਂ ਨੇ ਆਪਣੇ ਨਾਵਲ ਰਾਹੀਂ ਅਜਿਹਾ ਹੋਣ ਦੀ ਕਲਪਨਾ 2005 ਤੋਂ 2030 ਦੇ ਵਿਚਾਲੇ ਦੀ ਕੀਤੀ ਸੀ, ਜੋ ਫਿਲਹਾਲ ਤਾਂ ਨਜ਼ਰ ਨਹੀਂ ਆਉਂਦਾ।

**ਪਰਫੈਕਟ ਡਾਕਟਰ ਮਿਸਟਰ ਰੋਬੋ**

ਯੂਰਪ ਦੇ 800 ਹਸਪਤਾਲਾਂ 'ਚ ਰੋਬੋਟ ਰਾਹੀਂ ਅਜਿਹੇ ਆਪਰੇਸ਼ਨ ਕੀਤੇ ਜਾ ਰਹੇ ਹਨ, ਪਰ ਹੁਣ ਵੀ ਜਟਿਲ ਆਪਰੇਸ਼ਨ ਮਨੁੱਖੀ ਡਾਕਟਰਾਂ ਦੇ ਹੀ ਹਵਾਲੇ ਹਨ। ਆਉਣ ਵਾਲੇ ਦਹਾਕਿਆਂ 'ਚ ਹਰ ਤਰ੍ਹਾਂ ਦੇ ਆਪਰੇਸ਼ਨ ਦਾ ਕੰਮ ਰੋਬੋਟ ਸੰਭਾਲਣ 'ਚ ਸਮਰੱਥ ਹੋ ਸਕਦੇ ਹਨ। ਉਨ੍ਹਾਂ ਨੂੰ ਆਪ੍ਰੇਸ਼ਨ ਦੇ ਲਈ ਪ੍ਰੋਗਰਾਮ ਕੀਤਾ ਜਾ ਸਕੇਗਾ। ਕੀ ਤੁਸੀਂ ਯਕੀਨ ਕਰੋਗੇ ਕਿ ਉੱਤਰੀ ਅਮਰੀਕਾ ਤੇ ਯੂਰਪ 'ਚ ਡਾਕਟਰ ਰੋਬੋਟਸ ਰਾਹੀਂ ਹੁਣ ਤੱਕ 48 ਹਜ਼ਾਰ ਆਪਰੇਸ਼ਨ ਕੀਤੇ ਜਾ ਚੁੱਕੇ ਹਨ। ਭਵਿੱਖ 'ਚ ਹੋਰ ਉੱਨਤ ਰੋਬੋਟਸ ਆਉਣਗੇ, ਜਿਸ ਨਾਲ ਮਾਈਕਰੋ ਆਪਰੇਸ਼ਨ ਹੋ ਸਕਣਗੇ। ਮਾਈਕਰੋ ਦਾ ਮਤਲਬ ਇਹ ਕਿ ਉਹ ਤੁਹਾਡੇ ਦਿਮਾਗ 'ਚ ਵੜ ਕੇ ਨਰਵ ਸਿਸਟਮ ਨੂੰ ਵੀ ਠੀਕ ਕਰ ਸਕਣਗੇ ਤੇ ਆਪ੍ਰੇਸ਼ਨ ਵੀ ਅਜਿਹਾ, ਜਿਸ 'ਚ ਚੀਰ-ਫਾੜ ਦੀ ਗੁੰਜਾਇਸ਼ ਹੀ ਇਕਦਮ ਖ਼ਤਮ ਹੋ ਜਾਵੇਗੀ। ਯਕੀਨਨ ਅਗਲੀ ਸਦੀ 'ਚ ਸਰਜੀਕਲ ਆਪਰੇਸ਼ਨ ਦੀ ਪੂਰੀ ਤਸਵੀਰ ਹੀ ਬਦਲ ਜਾਵੇਗੀ। ਨਿੱਕੇ ਜਿਹੇ ਛੇਕ ਰਾਹੀਂ ਰੋਬੋਟ ਸਰੀਰ ਦੇ ਅੰਦਰ ਪ੍ਰਵੇਸ਼ ਕਰਨਗੇ ਅਤੇ ਕੰਮ ਨੂੰ ਅੰਜਾਮ ਦੇਣਗੇ। ਦਰਦ ਵੀ ਘੱਟ ਤੇ ਸਿਹਤ ਲਾਭ ਵੀ ਜਲਦੀ।

**ਭਵਿੱਖ ਦੇ ਰੋਬੋਟਸ :** ਘਰ ਦਾ ਕੰਮ ਕਰਨ ਵਾਲੇ ਰੋਬੋਟ- ਇਹ ਰੋਬੋਟ ਸਾਡੀ ਜੀਵਨ ਸ਼ੈਲੀ 'ਚ ਸਭ ਤੋਂ ਵੱਡਾ ਬਦਲਾਅ ਲਿਆਉਣਗੇ। ਇਹ ਘਰ ਦਾ ਹਰ ਕੰਮ ਕਰਨ 'ਚ ਨਿਪੁੰਨ ਹੋਣਗੇ, ਯਾਨੀ ਸਫ਼ਾਈ, ਬਾਗਬਾਨੀ ਦੇ ਕੰਮ ਤੋਂ ਲੈ ਕੇ ਬੱਚਿਆਂ ਦੀ ਦੇਖਭਾਲ ਤੱਕ। ਦੱਖਣੀ ਕੋਰੀਆ 'ਚ ਇਕ ਪ੍ਰਾਜੈਕਟ 'ਤੇ ਕੰਮ ਚੱਲ ਰਿਹਾ ਹੈ, ਜਿਸ ਦਾ ਉਦੇਸ਼ ਹੈ ਸਾਲ 2020 ਤੱਕ ਹਰ ਘਰ ਲਈ ਕੰਮ ਕਰਨ ਵਾਲਾ ਇੱਕ ਰੋਬੋਟ। ਰੋਬੋਟ ਵਰਕਰਸ-ਸਾਲ 2030 ਤੱਕ ਰੋਬੋਟਸ ਦਫ਼ਤਰਾਂ 'ਚ ਉਹ ਕੰਮ ਕਰਨ ਦੇ ਸਮਰੱਥ ਹੋ ਚੁੱਕੇ ਹੋਣਗੇ, ਜਿਨ੍ਹਾਂ ਲਈ ਮਨੁੱਖ ਦੀ ਜ਼ਰੂਰਤ ਪੈਂਦੀ ਹੈ।

**ਮਿਲਟਰੀ ਰੋਬੋਟਸ**-ਮੰਨਿਆ ਜਾ ਰਿਹਾ ਹੈ ਕਿ ਅਮਰੀਕਾ ਦੀ ਫ਼ੌਜ 'ਚ 2015 ਤੱਕ ਇੱਕ-ਤਿਹਾਈ ਰੋਬੋਟਸ ਸ਼ਾਮਲ ਕੀਤੇ ਜਾ ਚੁੱਕੇ ਹੋਣਗੇ, ਜਿਨ੍ਹਾਂ ਨਾਲ ਮਨੁੱਖੀ ਫ਼ੌਜੀਆਂ ਦੇ ਜਾਨ-ਮਾਲ ਦੀ ਰੱਖਿਆ ਹੋ ਸਕੇਗੀ।

**ਕਿਸਾਨ ਰੋਬੋਟਸ**-ਖੇਤੀਬਾੜੀ ਖੇਤਰ 'ਚ ਵੀ ਰੋਬੋਟਸ ਦਾ ਇਸਤੇਮਾਲ ਜਲਦੀ ਹੀ ਸ਼ੁਰੂ ਹੋਣ ਦੀ ਆਸ ਹੈ। ਅਮਰੀਕਾ 'ਚ ਖੇਤੀਬਾੜੀ ਦਾ ਕੰਮ ਵਰ੍ਹਿਆਂ ਤੋਂ ਆਉਣ ਵਾਲੇ ਅਪ੍ਰਵਾਸੀ ਮਜ਼ਦੂਰ ਕਰਦੇ ਰਹੇ ਹਨ। ਅਮਰੀਕੀਆਂ ਨੂੰ ਆਸ ਹੈ ਕਿ ਖੇਤੀਬਾੜੀ ਨਾਲ ਸੰਬੰਧਿਤ ਸਾਰਾ ਕੰਮ ਆਉਣ ਵਾਲੇ ਵਰ੍ਹਿਆਂ 'ਚ ਰੋਬੋਟਸ ਤੋਂ ਲਿਆ ਜਾ ਸਕੇਗਾ।

## Classified


**ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਧਿਆਨ ਹਿੱਤ**

**ਅੰਤਰਰਾਸ਼ਟਰੀ ਵਿਦਿਆਰਥੀਆਂ ਵਾਸਤੇ ਆਨ ਲਾਈਨ NCLEX ਕਲਾਸਾਂ**

**ਪੰਜਾਬੀ ਜਾਂ ਅੰਗਰੇਜੀ ਕਿਸੇ ਵੀ ਭਾਸ਼ਾ ਵਿਚ ਕਲਾਸਾਂ ਲਓ**

**ਸਮੇਂ ਦੀ ਕੋਈ ਪਾਬੰਦੀ ਨਹੀਂ, ਕਿਸੇ ਵੀ ਦਿਨ, ਕਿਸੇ ਵੀ ਟਾਈਮ**

ਹੋਰ ਜਾਣਕਾਰੀ ਲਈ ਸੰਪਰਕ ਕਰੋ :

ਈਮੇਲ: successonnclex@gmail.com

ਜਾਂ ਕਾਲ ਕਰੋ:

**612-849-5258**

**ATTENTION**

**International Students**

**Online NCLEX Classes for International Students**

**Available in English & Punjabi**

**Flexible Days and Time**

For more information

Email: successonnclex@gmail.com

**Call: 612-849-5258**



**ਵਰ ਦੀ ਜ਼ਰੂਰਤ**

ਰਾਮਦਾਸੀਆ ਸਿੱਖ ਉਮਰ 25 ਸਾਲ ਕੱਦ 5’-3’, ਐਮ.ਬੀ.ਬੀ.ਐਸ. ਜੋ ਕਿ ਚੰਡੀਗੜ੍ਹ (ਭਾਰਤ) ਵਿਚ ਇਸ ਵੇਲੇ ’ਚ ਮੈਕਸ ਹਸਪਤਾਲ ਵਿਚ ਡਾਕਟਰ ਵਜੋਂ ਕੰਮ ਕਰ ਰਹੀ ਹੈ, ਲਈ ਅਮਰੀਕਾ ਜਾਂ ਕੈਨੇਡਾ ਵਿਚ ਸੈਟਲ ਯੋਗ ਵਰ ਦੀ ਜ਼ਰੂਰਤ ਹੈ।

ਸੰਪਰਕ ਕਰੋ : +1-323-695-1170

Email: baloch.pup2k@hotmail.com, varindersingh54@gmail.com


## ਮੋਦੀ ਦੇ ਸਲਾਹਕਾਰਾਂ ਨੇ ਬੜੇ ਸ਼ਾਤਰ ਢੰਗ ਨਾਲ ਰਚੀ ਸੀ ਟਰੂਡੋ ਦੇ ਦੌਰੇ ਨੂੰ ਸਾਬੋਤਾਜ ਕਰਨ ਦੀ ਸਾਜਿਸ਼

ਦੇ ਹਫ਼ਤੇ ਭਰ ਦੇ ਭਾਰਤ ਦੌਰੇ ਬਾਅਦ ਸਾਹਮਣੇ ਆਏ ਤੱਥਾਂ ਬਾਅਦ ਨਿਰਪੱਖ ਅਤੇ ਸਿੱਖ ਪੱਖੀ ਮੀਡੀਆ ਨੇ ਸਬੂਤਾਂ ਸਮੇਤ ਇਹ ਗੱਲ ਸਾਹਮਣੇ ਲਿਆਂਦੀ ਹੈ ਕਿ ਜਸਪਾਲ ਅਟਵਾਲ ਨਾਂ ਦੇ ਵਿਅਕਤੀ ਨੂੰ ਭਾਰਤ ਭੇਜਣ, ਕੈਨੇਡਾ ਦੇ ਪ੍ਰਧਾਨ ਦੇ ਡਿਨਰ ’ਚ ਸ਼ਮੂਲੀਅਤ ਦਾ ਸੱਦਾ, ਟਰੂਡੋ ਦੀ ਪਤਨੀ ਨਾਲ ਅਟਵਾਲ ਦੀ ਫੋਟੋ ਖਿੱਚ ਕੇ ਨਸ਼ਰ ਕਰਨ ਦੀ ਸਾਰੀ ਕਾਰਵਾਈ ਕੈਨੇਡਾ ਵਿਚਲੇ ਭਾਰਤੀ ਦੂਤਾਵਾਸ ਦੀ ਸੋਚੀ ਸਮਝੀ ਚਾਲ ਸੀ।

ਹੈਰਾਨੀ ਦੀ ਗੱਲ ਇਹ ਕਿ ਮੋਦੀ ਸਰਕਾਰ ਦੇ ਇਸ਼ਾਰੇ ਉੱਤੇ ਹੀ ਭਾਰਤ ਮੀਡੀਆ ਦੇ ਵੱਡੇ ਹਿੱਸੇ ਨੇ ਟਰੂਡੋ ਤੇ ਖਾਲਿਸਤਾਨ ਨੂੰ ਰਲਗੱਡ ਕਰਕੇ ਮਾਮਲੇ ਨੂੰ ਬਿਨ੍ਹਾਂ ਵਜ੍ਹਾ ਮਾਮਲਾ ਰਿੜਕਿਆ। ਅੱਗੋਂ ਵਾਸ਼ਿੰਗਟਨ ਪੋਸਟ ਸਮੇਤ ਵਿਦੇਸ਼ੀ ਮੀਡੀਆ ਨੇ ਇਹੋ ਰਾਗ ਅਲਾਪਣ ਨੂੰ ਪਹਿਲ ਦਿੱਤੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਲੋਂ ਟਰੂਡੋ ਦੇ ਦੌਰੇ ਦੀ ਸ਼ੁਰੂਆਤ, ਗੁਜਰਾਤ ਅਤੇ ਪੰਜਾਬ ਪੁੱਜਣ ਤੱਕ ਰੁੱਖਾ ਵਤੀਰਾ ਅਪਣਾਉਣ ਲੈ ਕੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਮੁਲਾਕਾਤ ਅਤੇ ਪੰਜਾਬੀ ਸਿੱਖਾਂ ਨਾਲ ਨੇੜਤਾ ਨੂੰ ਵੱਖਰੇ ਦ੍ਰਿਸ਼ਟੀਕੋਣ ਤੋਂ ਪੇਸ਼ ਕੀਤਾ ਗਿਆ ਹੈ। ਵੈਨਕੂਵਰ ਤੋਂ ਸਾਬਕਾ ਖਾਲਿਸਤਾਨ ਪੱਖੀ ਅਤੇ ਅਪਰਾਧਿਕ ਪਿਛੋਕੜ ਦੇ ਜਸਪਾਲ ਅਟਵਾਲ ਦੀ ਡੈਲੀਗੇਸ਼ਨ ਅਤੇ ਕੈਨੇਡੀਅਨ ਹਾਈ ਕਮਿਸ਼ਨਰ ਵੱਲੋਂ ਸੱਦੇ ਸਮਾਗਮ ਵਿੱਚ ਸ਼ਮੂਲੀਅਤ ਸਭ ਤੋਂ ਵੱਡਾ ਮੁੱਦਾ ਰਿਹਾ। ਵਰਲਡ ਸਿੱਖ ਸੰਸਥਾ ਨੇ ਉਨ੍ਹਾਂ ਮੀਡੀਆ ਰਿਪੋਰਟਾਂ ਦਾ ਖੰਡਨ ਕੀਤਾ ਹੈ ਜਿਨ੍ਹਾਂ ਮੁਤਾਬਕ ‘ਕੈਨੇਡਾ ਵਿੱਚ ਸਿੱਖ ਕੱਟੜਵਾਦ ਮੁੜ ਸਿਰ ਚੁੱਕ ਰਿਹਾ ਹੈ’।

ਜਲੰਧਰ ਤੋਂ ਸੀਨੀਅਰ ਪੱਤਰਕਾਰ ਮੇਜਰ ਸਿੰਘ ਦੀ ਰਿਪੋਰਟ ਅਨੁਸਾਰ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਤਾਂ ਭਾਰਤ ਦੀ ਹਫ਼ਤੇ ਭਰ ਦੀ ਫੇਰੀ ਤੋਂ ਖੱਟੇ-ਮਿੱਠੇ ਅਨੁਭਵ ਲੈ ਕੇ ਆਪਣੇ ਦੇਸ਼ ਪਰਤ ਚੁੱਕੇ ਹਨ, ਪਰ ਇਸ ਫੇਰੀ ਦੌਰਾਨ ਇਕ ‘ਗਿਣੀ-ਮਿੱਥੀ’ ਯੋਜਨਾ ਤਹਿਤ ਖਾਲਿਸਤਾਨ ਦੇ ਖੜ੍ਹੇ ਕੀਤੇ ਗਏ ਹਊਏ ਉੱਪਰ ਪਤਾ ਨਹੀਂ ਕਿੰਨਾ ਚਿਰ ਚਰਚਾ ਚਲਦੀ ਰਹੇ ਤੇ ਇਸ ਗ਼ੈਰ-ਮੁੱਦੇ ਨੂੰ ਮੁੱਦਾ ਬਣਾਏ ਜਾਣ ਕਾਰਨ ਸਿੱਖਾਂ, ਖਾਸ ਕਰ ਭਾਰਤ ਤੇ ਕੈਨੇਡਾ ‘ਚ ਵਸਦੇ ਸਿੱਖਾਂ ਨੂੰ ਸ਼ਾਇਦ ਕਿਸੇ ਨਾ ਕਿਸੇ ਰੂਪ ‘ਚ ਮਾੜੇ ਨਤੀਜਿਆਂ ਦਾ ਸਾਹਮਣਾ ਵੀ ਕਰਨਾ ਪਵੇ।

ਕੈਨੇਡਾ ਵਿੱਚ ਸਿੱਖ ਭਾਈਚਾਰੇ ਦੀ ਸਮਾਜਿਕ ਅਹਿਮੀਅਤ ਤੇ ਰਾਜਸੀ ਸਾਖ਼ ਦਾ ਜ਼ਿਕਰ ਕਰਦਿਆਂ ਉਹ ਲਿਖਦੇ ਹਨ ਕਿ ਸਿੱਖਾਂ ਲਈ ਹੁਣ ਬਾਹਰਲਾ ਮੁਲਕ ਨਹੀਂ ਰਿਹਾ। ਕੈਨੇਡਾ ਦੇ ਹਰ ਖੇਤਰ ਵਿਚ ਸਿੱਖ ਬੜੇ ਸਹਿਜ ਤੇ ਸੁਭਾਵਕ ਹੋ ਕੇ ਵਿਚਰ ਸਕਦੇ ਹਨ। ਉਥੋਂ ਦੀ ਪਾਰਲੀਮੈਂਟ ਦੇ ਮੈਂਬਰ ਚੁਣੇ ਜਾਂਦੇ ਹਨ। ਫੈਡਰਲ ਸਰਕਾਰ ਵਿਚ 6 ਮੰਤਰੀ ਬਣੇ ਬੈਠੇ ਹਨ। ਅਦਾਲਤਾਂ ‘ਚ ਜੱਜ ਤੇ ਸੂਬਿਆਂ ‘ਚ ਪੁਲਿਸ ਮੁਖੀ ਵਰਗੇ ਅਹਿਮ ਅਹੁਦੇ ਸੰਭਾਲ ਰਹੇ ਹਨ।

ਸਭ ਤੋਂ ਅਚੰਭੇ ਭਰੀ ਗੱਲ ਕਿ ਇਕ ਸਾਬਤ ਸੂਰਤ ਸਿੱਖ ਸ. ਹਰਜੀਤ ਸਿੰਘ ਸੱਜਣ ਕੈਨੇਡਾ ਫੌਜ ਦਾ ਜਰਨੈਲ ਰਿਹਾ ਹੈ ਤੇ ਹੁਣ ਦੁਨੀਆ ਦੇ ਦੂਜੇ ਵੱਡੇ ਮੰਨੇ ਜਾਂਦੇ ਮੁਲਕ ਦੇ ਰੱਖਿਆ ਮੰਤਰੀ ਦੀ ਕਮਾਨ ਸੰਭਾਲੀ ਬੈਠਾ ਹੈ। ਬ੍ਰਿਟਿਸ਼ ਕੋਲੰਬੀਆ ਦੇ ਸਿੱਖਾਂ ਦੀ ਬੈਂਕ ‘ਖਾਲਸਾ ਕਰੈਡਿਟ ਯੂਨੀਅਨ’ ਸੂਬੇ ਦੀਆਂ ਬੈਂਕਾਂ ‘ਚ ਮੋਹਰੀ ਹੈ। ਹੋਰ ਅਨੇਕਾਂ ਖੇਤਰਾਂ ‘ਚ ਕੈਨੇਡੀਅਨ ਸਿੱਖ ਅੱਗੇ ਵਧ ਰਹੇ ਹਨ। ਇਹ ਮੁਲਕ ਹੈ ਜਿਥੇ ਕਦੇ ਕਿਸੇ ਨੂੰ ਗਿਲਾ-ਸ਼ਿਕਵਾ ਨਹੀਂ ਹੋਇਆ ਕਿ ਉਨ੍ਹਾਂ ਨੂੰ ਸਿੱਖ ਜਾਂ ਪੰਜਾਬੀ ਹੋਣ ਕਾਰਨ ਵਿਤਕਰੇ ਦਾ ਸਾਹਮਣਾ ਕਰਨਾ ਪਿਆ ਹੋਵੇ। ਗੋਰੀ ਵਸੋਂ ਵਾਂਗ ਸਿੱਖ ਵੀ ਕੈਨੇਡਾ ਵਾਸੀ ਹੋਣ ਉੱਪਰ ਮਾਣ ਕਰਨ ਲੱਗੇ ਹਨ।

ਕੈਨੇਡਾ ‘ਚ ਵਿਚਾਰਾਂ ਦੇ ਪ੍ਰਗਟਾਵੇ ਦੀ ਖੁੱਲ੍ਹ ਅਤੇ ਵਿਚਾਰਾਂ ਦੇ ਮਤਭੇਦਾਂ ਨੂੰ ਸਹਾਰਨ ਦੀ ਬਿਰਤੀ ਕਾਰਨ ਉਥੇ ਕਿਸੇ ਉੱਪਰ ਵੀ ਦੇਸ਼ ਵਿਰੋਧੀ ਹੋਣ ਦਾ ਠੱਪਾ ਨਹੀਂ ਲਗਦਾ। ਕੈਨੇਡਾ ਦੇ ਵੱਡੇ ਸੂਬੇ ਕਿਊਬੈਕ ਦੇ ਕਾਫੀ ਲੋਕ ਆਪਣੇ ਸੂਬੇ ਨੂੰ ਦੇਸ਼ ਤੋਂ ਵੱਖ ਕਰਨ ਦੀ ਮੰਗ ਉਠਾਉਂਦੇ ਰਹਿੰਦੇ ਹਨ ਤੇ ਕੁਝ ਸਾਲ ਪਹਿਲਾਂ ਕੈਨੇਡਾ ਸਰਕਾਰ ਨੇ ਉਨ੍ਹਾਂ ਦੀ ਮੰਗ ਪ੍ਰਵਾਨ ਕਰਕੇ ਸਵੈ-ਨਿਰਣੇ ਦੇ ਅਧਿਕਾਰ ਹੇਠ ਮਤਦਾਨ ਦੀ ਖੁੱਲ੍ਹ ਵੀ ਦਿੱਤੀ ਸੀ। ਵੋਟਾਂ ਵਿਚ ਸੂਬੇ ਨੂੰ ਵੱਖ ਦੇਸ਼ ਬਣਾਉਣ ਵਾਲੇ ਹਾਰ ਗਏ, ਪਰ ਉਥੇ ਇਸ ਸਾਰੇ ਅਮਲ ਦੌਰਾਨ ਨਾ ਕਿਸੇ ਉੱਪਰ ਵੱਖਵਾਦ ਦਾ ਦੋਸ਼ ਲਗਾਇਆ ਗਿਆ ਤੇ ਨਾ ਦੇਸ਼ ਵਿਰੋਧੀ ਹੋਣ ਦਾ ਠੱਪਾ ਹੀ ਲਗਾਇਆ।

ਕੈਨੇਡਾ ਤੇ ਭਾਰਤ ‘ਚ ਵਿਚਰਨ ਵਾਲੀਆਂ ਬਹੁਤ ਸਾਰੀਆਂ ਅਹਿਮ ਸ਼ਖ਼ਸੀਅਤਾਂ ਦਾ ਮੰਨਣਾ ਹੈ ਕਿ ਪੰਜਾਬ ‘ਚੋਂ ਖਾੜਕੂ ਲਹਿਰ ਸਮੇਂ ਕੈਨੇਡਾ ਗਏ ਸਿੱਖਾਂ ‘ਚ ਆਮ ਕਰਕੇ ਸ਼ੁਰੂ ਵਿਚ ਭਾਰਤ ਵਿਰੋਧੀ ਭਾਵਨਾਵਾਂ ਸਨ ਤੇ ਕੁਝ ਖਾਲਿਸਤਾਨੀ ਅਨਸਰ ਉਨ੍ਹਾਂ ਦਾ ਲਾਭ ਵੀ ਲੈਂਦੇ ਰਹੇ ਹਨ, ਪਰ ਪਿਛਲੇ ਤਿੰਨ ਦਹਾਕਿਆਂ ਦੌਰਾਨ ਕੈਨੇਡੀਅਨ ਸਮਾਜ ‘ਚ ਸਿੱਖਾਂ ਦੀ ਹੋਈ ਇਕਮਿਕਤਾ ਤੇ ਵੱਡੀ ਗਿਣਤੀ ਨਵੀਂ ਪੀੜ੍ਹੀ ਦੇ ਉਥੋਂ ਦੇ ਜੰਮਪਲ ਹੋਣ ਕਾਰਨ ਹੁਣ ਉਥੋਂ ਦੇ ਸਿੱਖਾਂ ਲਈ ਖਾਲਿਸਤਾਨ ਕੋਈ ਮੁੱਦਾ ਨਹੀਂ, ਸਗੋਂ ਉਸ ਸਮਾਜ ਵਿਚ ਵੱਡੀਆਂ ਪ੍ਰਾਪਤੀਆਂ ਹਾਸਲ ਕਰਨ ਵੱਲ ਰੁਚਿਤ ਹਨ ਤੇ ਪਿਛਲੇ ਡੇਢ ਦਹਾਕੇ ਵਿਚ ਕੀਤੀਆਂ ਵੀ ਹਨ।

ਇਨ੍ਹਾਂ ਆਗੂਆਂ ਦਾ ਕਹਿਣਾ ਹੈ ਕਿ ਕੈਨੇਡਾ ‘ਚ ਕੋਈ ਟਾਵਾਂ ਵਿਰਲਾ ਖਾਲਿਸਤਾਨ ਦੀ ਗੱਲ ਕਰਨ ਵਾਲਾ ਹੋਵੇਗਾ, ਪਰ ਇਸ ਮੁੱਦੇ ਨੂੰ ਸਿੱਖਾਂ ਦਾ ਮੁੱਦਾ ਬਣਾਉਣਾ ਸਿੱਖਾਂ ਨਾਲ ਅਨਿਆਏ ਕਰਨ ਵਾਲੀ ਗੱਲ ਹੈ। ਅਸਲ ਵਿਚ ਕੈਨੇਡਾ ਦੇ ਸਿੱਖ ਆਗੂ ਖਾਲਿਸਤਾਨ ਨਹੀਂ, ਸਗੋਂ ਮਨੁੱਖੀ ਅਧਿਕਾਰਾਂ, ਨਿਆਂ ਤੇ ਇਨਸਾਫ਼ ਦੀ ਮੰਗ ਕਰਦੇ ਰਹਿੰਦੇ ਹਨ ਤੇ ਮੀਡੀਏ ਦੇ ਇਕ ਹਿੱਸੇ ਵਲੋਂ ਇਸੇ ਨੂੰ ਕਦੇ ਗਰਮ ਖਿਆਲੀ ਤੇ ਕਦੇ ਖਾਲਿਸਤਾਨੀ ਦਾ ਨਾਂਅ ਦਿੱਤਾ ਜਾਂਦਾ ਹੈ। ਬ੍ਰਿਟਿਸ਼ ਕੋਲੰਬੀਆ ‘ਚ ਗੁਰਦੁਆਰਿਆਂ ‘ਚ ਭਾਰਤੀ ਸਫ਼ਾਰਤਖਾਨਿਆ ਦੇ ਅਧਿਕਾਰੀਆਂ ਦੀ ਦਖ਼ਲਅੰਦਾਜ਼ੀ ਦਾ ਵਿਰੋਧ ਕਰਨ ਵਾਲੇ ਆਗੂ ਸ. ਗਿਆਨ ਸਿੰਘ ਗਿੱਲ ਦਾ ਕਹਿਣਾ ਹੈ ਕਿ ਉਂਟਾਰੀਓ ਅਸੰਬਲੀ ਨੇ 1984 ਦੇ ਸਿੱਖਾਂ ਦੇ ਕਤਲੇਆਮ ਨੂੰ ਨਸਲਕੁਸ਼ੀ ਵਜੋਂ ਮਾਨਤਾ ਦੇਣ ਦਾ ਮਤਾ ਪਾਸ ਕੀਤਾ ਹੈ ਤੇ ਸਿੱਖ ਇਹ ਵੀ ਮੰਗ ਕਰ ਰਹੇ ਹਨ ਕਿ ਨਸਲਕੁਸ਼ੀ ਦੇ ਜ਼ਿੰਮੇਵਾਰ ਲੋਕਾਂ ਨੂੰ ਸਜ਼ਾਵਾਂ ਦੇ ਕੇ ਸਿੱਖਾਂ ਨੂੰ ਇਨਸਾਫ ਦਿੱਤਾ ਜਾਵੇ। ਸਿੱਖਾਂ ਦੀ ਇਸ ਮੰਗ ਨੂੰ ਹੀ ਕਈ ਵਾਰ ਭਾਰਤ ਵਿਰੋਧੀ ਕਹਿ ਦਿੱਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਦੂਸਰੇ ਮੁਲਕਾਂ ‘ਚ ਜਾ ਵਸੇ ਸਿੱਖਾਂ ਪ੍ਰਤੀ ਭਾਰਤ ਤ੍ਰਿਸਕਾਰ ਭਰੀ ਨੀਤੀ ਛੱਡੇ ਤੇ ਬਰਾਬਰਤਾ ਦੇ ਆਧਾਰ ‘ਤੇ ਗੱਲ ਕਰੇ। ਦਿੱਲੀ ਦੇ ਸਿੱਖ ਆਗੂ ਤੇ ਸਾਬਕਾ ਰਾਜ ਸਭਾ ਮੈਂਬਰ ਸ. ਤਰਲੋਚਨ ਸਿੰਘ ਦਿੱਲੀ ਦਾ ਕਿਹਣਾ ਹੈ ਇਕ ਸਾਜਸ਼ ਹੇਠ ਖਾਲਿਸਤਾਨ ਦਾ ਹਊਆ ਖੜ੍ਹਾ ਕਰਕੇ ਜਸਟਿਨ ਟਰੂਡੋ ਤੇ ਉਸ ਨਾਲ ਆਏ ਵਫਦ ਦੀ ਅਹਿਮੀਅਤ ਨੂੰ ਰੋਲਣ ਦਾ ਯਤਨ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਪਹਿਲੀ ਵਾਰ ਹੈ ਕਿ ਕਿਸੇ ਵੱਡੇ ਦੇਸ਼ ਦਾ ਪ੍ਰਧਾਨ ਮੰਤਰੀ ਚਾਰ ਸਿੱਖ ਮੰਤਰੀਆਂ ਤੇ 14 ਪੰਜਾਬੀ ਪਾਰਲੀਮੈਂਟ ਮੈਂਬਰਾਂ ਤੇ ਸਿੱਖ ਪੱਤਰਕਾਰਾਂ ਦੀ ਭਾਰੀ ਟੋਲੀ ਲੈ ਕੇ ਪੁੱਜਿਆ। ਇਸ ਨਾਲ ਦੁਨੀਆ ਭਰ ਵਿਚ ਸਿੱਖਾਂ ਦੇ ਮਾਣ ਤੇ ਸਤਿਕਾਰ ‘ਚ ਵਾਧਾ ਹੋਇਆ ਹੈ, ਪਰ ਭਾਰਤੀ ਪ੍ਰੈੱਸ ਦਾ ਵੱਡਾ ਹਿੱਸਾ ਸਾਜਿਸ਼ ਦਾ ਸ਼ਿਕਾਰ ਹੋ ਗਿਆ ਤੇ ਪਹਿਲਾਂ ਤਾਂ ਉਸ ਨੇ ਟਰੂਡੋ ਦੇ ਵਫ਼ਦ ਦੀ ਮਹਾਨਤਾ ਨੂੰ ਉਸ ਦੇ ‘ਫਿੱਕੇ’ ਸਨਮਾਨ ਹੇਠ ਦੱਬਣ ਦਾ ਹੋ-ਹੱਲਾ ਮਚਾਇਆ ਤੇ ਫਿਰ 30 ਸਾਲ ਪਹਿਲਾਂ ਹੋਈ ਘਟਨਾ ‘ਚ ਸਜ਼ਾ ਯਾਫਤਾ ਇਕ ਸਾਬਕਾ ਖਾੜਕੂ ਜਸਪਾਲ ਅਟਵਾਲ ਦੀ ਮੁੰਬਈ ‘ਚ ਸ੍ਰੀਮਤੀ ਟਰੂਡੋ ਨਾਲ ਤਸਵੀਰ ਤੇ ਪ੍ਰਧਾਨ ਮੰਤਰੀ ਦੇ ਡਿਨਰ ‘ਚ ਸੱਦੇ ਦਾ ਏਨਾ ਬਾਤ ਦਾ ਬਤੰਗੜ ਬਣਾਇਆ ਜਿਵੇਂ ਕੈਨੇਡਾ ਖਾਲਿਸਤਾਨ ਬਣਾਉਣ ਆਇਆ ਹੋਵੇ ? ਉਨ੍ਹਾਂ ਕਿਹਾ ਕਿ ਟਰੂਡੋ ਦੀ ਥਾਂ ਸਵਾਲ ਤਾਂ ਭਾਰਤ ਸਰਕਾਰ ਉੱਪਰ ਹੋਣਾ ਚਾਹੀਦਾ ਹੈ ਕਿ ਉਸ ਨੂੰ ਵੀਜ਼ਾ ਕਿਵੇਂ ਦਿੱਤਾ ਗਿਆ ?

ਅਟਵਾਲ ਪਹਿਲੀ ਵਾਰ ਭਾਰਤ ਨਹੀਂ ਆਇਆ, ਪਿਛਲੇ ਅਗਸਤ ਮਹੀਨੇ ਵੀ ਉਹ ਦਿੱਲੀ ‘ਚ ਸੀ ਤੇ ਗੁਰਦੁਆਰਾ ਰਕਾਬ ਗੰਜ ਵਿਖੇ ਉਸ ਨੂੰ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਨਮਾਨਿਤ ਵੀ ਕੀਤਾ ਸੀ। ਉਨ੍ਹਾਂ ਸਵਾਲ ਕੀਤਾ ਕਿ ਸੰਜੇ ਦੱਤ ਨੂੰ ਅੱਤਵਾਦੀ ਕਾਨੂੰਨ ਹੇਠ ਚਾਰ ਸਾਲ ਦੀ ਸਜ਼ਾ ਹੋਈ ਸੀ ਤੇ ਉਹ ਭੁਗਤ ਵੀ ਗਿਆ ਹੈ। ਹੁਣ ਉਹ ਵੱਡੀਆਂ-ਵੱਡੀਆਂ ਹਸਤੀਆਂ ਨਾਲ ਮਿਲਦਾ ਤੇ ਜੱਫੀਆਂ ਪਾਉਂਦਾ ਹੈ। ਕੀ ਉਸ ਨੂੰ ਵੀ ਦੇਸ਼ ਨਿਕਾਲੇ ਦੀ ਮੰਗ ਕੀਤੀ ਜਾਵੇਗੀ ?

ਉੱਘੇ ਅਰਥ ਸ਼ਾਸਤਰੀ, ਚਿੰਤਕ ਤੇ ਕੇਂਦਰੀ ਯੂਨੀਵਰਸਿਟੀ ਬਠਿੰਡਾ ਦੇ ਚਾਂਸਲਰ ਸ.ਸਰਦਾਰਾ ਸਿੰਘ ਜੌਹਲ ਆਖਦੇ ਹਨ ਕਿ ਖਾਲਿਸਤਾਨ ਇਸ ਵੇਲੇ ਕੋਈ ਮੁੱਦਾ ਨਹੀਂ। ਦਫ਼ਨਾਏ ਮੁੱਦਿਆਂ ਨੂੰ ਜੀਵਤ ਕਰਨਾ ਬੇਵਕੂਫੀ ਤੋਂ ਵੱਧ ਕੁਝ ਨਹੀਂ। ਭਾਰਤ ਤੇ ਕੈਨੇਡਾ ਸਮੇਤ ਕਿਤੇ ਵੀ ਇਹ ਕੋਈ ਮਸਲਾ ਨਹੀਂ। ਇਸ ਕਰਕੇ ਇਹ ਵਕਤੀ ਰੌਲਾ ਰੱਪਾ ਹੈ, ਕੁਝ ਦਿਨਾਂ ਬਾਅਦ ਕਿਸੇ ਨੇ ਯਾਦ ਨਹੀਂ ਕਰਨਾ। ਪਰ ਇਸ ਮਸਲੇ ਉੱਪਰ ਸਿਆਸਤ ਕਰਨਾ ਬੇਹੱਦ ਮੰਦਭਾਗਾ ਹੈ ? ਉਨ੍ਹਾਂ ਕਿਹਾ ਕਿ ਪੰਜਾਬ ਨੇ ਦਾਨਿਸ਼ਵਰੀ ਸੋਚ ਦੀ ਘਾਟ ਕਾਰਨ ਕੈਨੇਡਾ ਦੇ ਪ੍ਰਧਾਨ ਮੰਤਰੀ ਦੀ ਪੰਜਾਬ ਫੇਰੀ ਦੇ ਸੁਨਹਿਰੀ ਮੌਕੇ ਨੂੰ ਹੱਥੋਂ ਗੁਆ ਲਿਆ ਹੈ।

## ਭਾਰਤੀ ਦੂਤਾਵਾਸ ਦੇ ਅਧਿਕਾਰੀ ਨੇ ਟਰੂਡੋ ਦੇ ਦੌਰੇ ਦੌਰਾਨ ਰੱਖੀ ਪੂਰੀ ਨਿਗ੍ਹਾ

ਕੀਤੀ ਗਈ ਤੇ ਇਕ ਪੂਰੀ ਯੋਜਨਾ ਤਹਿਤ ਇਹ ਅਧਿਕਾਰੀ ਟਰੂਡੋ ਦੀ ਫੇਰੀ ਤੋਂ ਇਕ ਹਫ਼ਤਾ ਪਹਿਲਾਂ ਭਾਰਤ ਪੁੱਜ ਗਿਆ ਸੀ। ਇਹ ਅਧਿਕਾਰੀ ਪਹਿਲਾਂ ਹੀ ਮਿੱਥੇ ਪ੍ਰੋਗਰਾਮ ਮੁਤਾਬਿਕ 10 ਫਰਵਰੀ ਨੂੰ ਇਕ ਮੀਡੀਆ ਕਰਮੀ ਤੇ ਇਕ ਭਾਰਤੀ ਰਾਜਸੀ ਪਾਰਟੀ ਦੇ ਉਥੇ ਥਾਪੇ ਆਗੂ ਨਾਲ ਭਾਰਤ ਰਵਾਨਾ ਹੋਇਆ ਸੀ ਗ਼ ਵੱਖ-ਵੱਖ ਅਖ਼ਬਾਰਾਂ ਨੂੰ ਦਿੱਤੇ ਬਿਆਨਾਂ ਵਿਚ ਸਾਬਕਾ ਖਾੜਕੂ ਕਹੇ ਜਾਦੇ ਜਸਪਾਲ ਅਟਵਾਲ ਨੇ ਵੀ 11 ਫਰਵਰੀ ਨੂੰ ਹੀ ਭਾਰਤ ਪੁੱਜਣ ਦਾ ਦਾਅਵਾ ਕੀਤਾ ਹੈ ਗ਼ ਭਾਰਤੀ ਦੂਤਾਵਾਸ ਦੇ ਸੀਨੀਅਰ ਅਧਿਕਾਰੀ ਤੇ ਅਟਵਾਲ ਦੇ ਇਕੋ ਸਮੇਂ ਦਿੱਲੀ ਪੁੱਜਣ ਨੂੰ ਮਹਿਜ਼ ਇਤਫਾਕ ਨਹੀਂ ਮੰਨਿਆ ਜਾ ਰਿਹਾ ਗ਼ ਦੱਸਿਆ ਜਾਂਦਾ ਹੈ ਕਿ ਦੂਤਾਵਾਸ ਦਾ ਉਕਤ ਅਧਿਕਾਰੀ ਜਸਟਿਨ ਟਰੂਡੋ ਦੀ ਫੇਰੀ ਸਮੇਂ ਹਰ ਥਾਂ ਨਾਲ ਹੀ ਪ੍ਰਛਾਵੇਂ ਵਾਂਗ ਘੁੰਮਦਾ ਰਿਹਾ ਹੈ ਗ਼

**ਅਟਵਾਲ ਤਾਂ ਭਾਰਤ ਸਰਕਾਰ ਦਾ ਚਹੇਤਾ**

ਸਾਬਕਾ ਖਾੜਕੂ ਕਿਹਾ ਜਾ ਰਿਹਾ ਜਸਪਾਲ ਅਟਵਾਲ ਭਾਰਤ ਸਰਕਾਰ ਦੀ ਚਹੇਤਿਆਂ ਦੀ ਸੂਚੀ ਵਿਚ ਸ਼ਾਮਿਲ ਹੈ ਗ਼ ਵਿਦੇਸ਼ ਮੰਤਰਾਲੇ ਦੇ ਇਕ ਅਧਿਕਾਰੀ ਵਲੋਂ ਉਸ ਦਾ ਨਾਂਅ ਕਾਲੀ ਸੂਚੀ ’ਚੋਂ ਪਿਛਲੇ ਸਾਲ ਹੀ ਕੱਢੇ ਜਾਣ ਦਾ ਬੋਲਿਆ ਝੂਠ ਨੰਗਾ ਹੋ ਗਿਆ ਹੈ ਗ਼ ਅਟਵਾਲ ਪਿਛਲੇ ਸਾਲਾਂ ’ਚ ਕਈ ਵਾਰ ਭਾਰਤ ਆ ਚੁੱਕਾ ਹੈ। ਜਸਪਾਲ ਅਟਵਾਲ ਭਾਵੇਂ ਸੰਨ 1986 ’ਚ ਕੈਨੇਡਾ ਗਏ ਬਰਨਾਲਾ ਸਰਕਾਰ ਦੇ ਮੰਤਰੀ ਉੱਪਰ ਕਾਤਲਾਨਾ ਹਮਲੇ ਤੇ ਫਿਰ ਬ੍ਰਿਟਿਸ਼ ਕੋਲੰਬੀਆ ਦੇ ਪ੍ਰੀਮੀਅਰ ਰਹੇ ਉੱਜਲ ਦੁਸਾਂਝ ਉੱਪਰ ਹਮਲਾ ਕਰਨ ਦੇ ਦੋਸ਼ ਵਿਚ ਗ੍ਰਿਫ਼ਤਾਰ ਕੀਤਾ ਗਿਆ ਸੀ ਗ਼ ਪਰ ਦੱਸਿਆ ਜਾਂਦਾ ਹੈ ਕਿ ਕੁਝ ਵਕਫ਼ੇ ਬਾਅਦ ਜਸਪਾਲ ਨੇ ਭਾਰਤੀ ਅਧਿਕਾਰੀਆਂ ਨਾਲ ਨੇੜਤਾ ਬਣਾ ਲਈ ਸੀ ਅਤੇ ਪਹਿਲੀ ਵਾਰ ਉਹ 1999 ’ਚ ਵੀਜ਼ਾ ਲੈ ਕੇ ਭਾਰਤ ਆਇਆ ਗ਼ ਇਸ ਤੋਂ ਬਾਅਦ ਮੁੜ ਫਿਰ ਸਾਲ 2002, ਸਾਲ 2007 ਅਤੇ ਫਿਰ ਅਗਸਤ 2017 ’ਚ ਉਹ ਭਾਰਤ ਆਇਆ। ਹੈਰਾਨ ਕਰਨ ਵਾਲੀ ਗੱਲ ਇਹ ਹੈ ਕਿ 2007 ’ਚ ਭਾਰਤੀ ਵੀਜ਼ਾ ਦੇਣ ਲਈ ਇਕ ਸਮੇਂ ਉਸ ਦਾ ਸ਼ਿਕਾਰ ਬਣੇ ਉੱਜਲ ਦੁਸਾਂਝ ਨੇ ਖੁਦ ਸਿਫ਼ਾਰਸ਼ ਕੀਤੀ ਸੀ। ਸੋਸ਼ਲ ਮੀਡੀਆ ਵਿਚ ਅਪਡੇਟ ਕੀਤੀਆਂ ਤਿੰਨ ਤਸਵੀਰਾਂ ਜਸਪਾਲ ਨੇ ਖੁਦ ਲਿਖਿਆ ਹੈ ਕਿ ਉਸ ਨੂੰ ਵਿੱਤ ਮੰਤਰਾਲੇ ਤੇ ਵਿਦੇਸ਼ ਮੰਤਰਾਲੇ ’ਚ ਸ਼ਾਨਦਾਰ ਪ੍ਰਾਹੁਣਚਾਰੀ ਮਿਲੀ ਤੇ ਸਵਾਗਤ ਹੋਇਆ।

ਸੈਂਟਰਲ ਸਰੀ ਤੋਂ ਮੈਂਬਰ ਪਾਰਲੀਮੈਂਟ ਰਣਦੀਪ ਸਿੰਘ ਸਰਾਏ ਤੇ ਦਿੱਲੀ ’ਚ ਪ੍ਰਧਾਨ ਮੰਤਰੀ ਨਾਲ ਰਾਤ ਦੇ ਖਾਣੇ ਦਾ ਸੱਦਾ ਅਤੇ ਮੁੰਬਈ ’ਚ ਸ੍ਰੀਮਤੀ ਟਰੂਡੋ ਨਾਲ ਤਸਵੀਰ ਪਹਿਲੋਂ ਹੀ ਘੜੀ ਯੋਜਨਾ ਦਾ ਹਿੱਸਾ ਸੀ, ਜਿਉਂ ਹੀ ਇਹ ਯੋਜਨਾ ਸਿਰੇ ਚੜ੍ਹੀ ਤਾਂ ਦੂਤਾਵਾਸ ਦੇ ਅਧਿਕਾਰੀ ਨਾਲ ਗਏ ਮੀਡੀਆ ਕਰਮੀ ਦੀ ਫੇਸਬੁੱਕ ਉੱਪਰ ਸਭ ਤੋਂ ਪਹਿਲਾਂ ਇਹ ਤਸਵੀਰ ਅਪਲੋਡ ਕੀਤੀ ਗਈ ਗ਼ ਇਕ ਘੰਟੇ ਵਿਚ ਜਦ ਬਹੁਤ ਸਾਰੇ ਲੋਕਾਂ ਨੇ ਇਹ ਤਸਵੀਰ ਉਤਾਰ ਲਈ ਤਾਂ ਉਕਤ ਫੇਸਬੁੱਕ ਤੋਂ ਵੀ ਮਿਟਾ ਦਿੱਤੀ ਗਈ। ਕਹਿੰਦੇ ਹਨ ਕਿ ਇਸ ਤੋਂ ਬਾਅਦ ਫਿਰ ਚੱਲਿਆ ਟਰੂਡੋ ਦੀ ਫੇਰੀ ਉੱਪਰ ਖਾਲਿਸਤਾਨ ਦਾ ਧੂੜਾ ਛਿੜਕਣ ਦਾ ਸਿਲਸਿਲਾ ਗ਼ ਭਾਰਤੀ ਮੀਡੀਏ ਦੇ ਵੱਡੇ ਹਿੱਸੇ ਨੇ ਇਸ ਘਟਨਾ ਦੀ ਪੜਤਾਲ ਦੀ ਬਜਾਏ ਲਸਣ ਦੀ ਗੰਢੀ ਹੱਥ ਆਉਣ ਤੇ ਪੰਸਾਰੀ ਬਣ ਬੈਠਣ ਵਾਂਗ ਬਸ ਖਾਲਿਸਤਾਨ ਦਾ ਝੰਡਾ ਬੁਲੰਦ ਕਰ ਦਿੱਤਾ ਤੇ ਇਕ ਸਾਜਿਸ਼ ਤਹਿਤ ਅਜਿਹਾ ਪ੍ਰਭਾਵ ਪੈਦਾ ਕਰਨ ਉੱਪਰ ਜ਼ੋਰ ਲਾ ਦਿੱਤਾ, ਜਿਵੇਂ ਟਰੂਡੋ ਤੇ ਉਸ ਦੀ ਸਰਕਾਰ ਖਾਲਿਸਤਾਨੀਆਂ ਦੀ ਪਨਾਹਗੀਰ ਹੋਵੇ ਤੇ ਅਜਿਹੇ ਲੋਕਾਂ ਨੂੰ ਕੰਧਾੜੀ ਬਿਠਾ ਕੇ ਭਾਰਤ ਵਿਚ ਵੀ ਲੈ ਆਈ ਹੋਵੇ।

## ਭਾਰਤੀ ਅਫ਼ਸਰਾਂ ਦਾ ਕਾਲਾ ਕਾਰਨਾਮਾ

ਵੈਨਕੂਵਰ/ਬਿਊਰੋ ਨਿਊਜ਼:

ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਭਾਰਤ ਫੇਰੀ ਦਾ ਪ੍ਰਭਾਵ ਘਟਾਉਣ ਲਈ ਲਾਏ ਗਏ ਅਪਰਾਧੀਆਂ ਦੀ ਸ਼ਮੂਲੀਅਤ ਵਾਲੇ ਕਾਲੇ ਧੱਬਿਆਂ ਦੀ ਸਾਜ਼ਿਸ਼ ਦੀ ਸ਼ੱਕ ਦੀ ਸੂਈ ਕੈਨੇਡੀਅਨ ਮੁੱਖ ਮੀਡੀਆ ਨੇ ਭਾਰਤ ਦੇ ਹੀ ਸਫ਼ਾਰਤੀ ਅਫ਼ਸਰਾਂ ਵੱਲ ਸੇਧਿਤ ਕੀਤੀ ਹੈ। ਇੱਕ ਪ੍ਰਮੁੱਖ ਅਖ਼ਬਾਰ ਵੱਲੋਂ ਛਾਪੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਦੋ ਪੰਜਾਬੀ ਵਿਅਕਤੀਆਂ ਦੇ ਨਾਂ ਪ੍ਰਧਾਨ ਮੰਤਰੀ ਦੇ ਵਫ਼ਦ ਨਾਲ ਜੋੜਨੇ ਅਤੇ ਉਨ੍ਹਾਂ ਨੂੰ ਭਾਰਤ ਵਿਰੋਧੀ ਵਜੋਂ ਉਭਾਰਨਾ ਕਿਸੇ ਖ਼ਾਸ ਸਾਜ਼ਿਸ਼ ਦਾ ਹਿੱਸਾ ਹੈ। ਅਖ਼ਬਾਰ ਨੇ ਇਸ ਗੱਲ ਨੂੰ ਵੀ ਸ਼ੱਕੀ ਮੰਨਿਆ ਕਿ ਪਹਿਲਾਂ ਜਸਪਾਲ ਅਟਵਾਲ ਵੱਲੋਂ ਸ੍ਰੀਮਤੀ ਟਰੂਡੋ ਨਾਲ ਫੋਟੋ ਖਿਚਵਾਉਣੀਆਂ ਤੇ ਫਿਰ ਉਹੀ ਫੋਟੋਆਂ ਭਾਰਤੀ ਮੀਡੀਆ ਨੂੰ ਜਾਰੀ ਕਰ ਕੇ ਕਾਲੇ ਧੱਬੇ ਲਾਏ ਜਾਣਾ ਗਿਣੀ ਮਿਥੀ ਸਾਜ਼ਿਸ਼ ਹੋ ਸਕਦੀ ਹੈ।

ਅਖ਼ਬਾਰ ਨੇ ਸ਼ੱਕ ਜ਼ਾਹਰ ਕੀਤਾ ਕਿ ਅਪਰਾਧਿਕ ਪਿਛੋਕੜ ਵਾਲੇ ਜਸਪਾਲ ਅਟਵਾਲ ਨਾਂ ਦੇ ਵਿਅਕਤੀ ਦਾ ਨਾਂ ਕਾਲੀ ਸੂਚੀ ‘ਚੋਂ ਕੱਢਣਾ ਤੇ ਐਨ ਇਸ ਮੌਕੇ ਉਸ ਦੀ ਭਾਰਤ ਫੇਰੀ ਅਤੇ ਉਸ ਦਾ ਨਾਂ ਕੈਨੇਡੀਅਨ ਵਫ਼ਦ ਦੀਆਂ ਦਾਅਵਤਾਂ ‘ਚ ਸ਼ਾਮਲ ਕਰਾਉਣਾ ਆਪਣੇ-ਆਪ ‘ਚ ਸ਼ੱਕੀ ਹੈ।

## ਕਾਂਗਰਸ ਨੇ ਲੁਧਿਆਣਾ ਨਗਰ ਨਿਗਮ ਉੱਤੇ ਕੀਤਾ ਕਬਜ਼ਾ

43, 44, 45, 47, 48, 49, 51, 52, 53, 56, 58, 60, 63, 64, 65, 66, 67, 68, 69, 70, 71, 72, 73, 74, 75, 76, 78, 80, 81, 82, 83, 86, 87, 88, 90, 91, 92, 93, 94 ਅਤੇ 95 ਵਿੱਚ ਜਿੱਤ ਦਰਜ ਕੀਤੀ। ਇਸੇ ਤਰ੍ਹਾਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਵਾਰਡ ਨੰਬਰ 1, 2, 6, 17, 26, 28, 29, 30, 34, 46 ਅਤੇ 54 ਵਿੱਚ ਕਾਮਯਾਬ ਰਹੇ। ਭਾਰਤੀ ਜਨਤਾ ਪਾਰਟੀ ਨੇ ਵਾਰਡ ਨੰਬਰ 8, 31, 57, 59, 62, 77, 79, 84, 85 ਅਤੇ 89 ਵਿੱਚ ਦਰਜ ਕੀਤੀ। ਲੋਕ ਇਨਸਾਫ਼ ਪਾਰਟੀ ਦੇ ਉਮੀਦਵਾਰ ਵਾਰਡ ਨੰਬਰ 32, 36, 37, 38, 40, 41 ਅਤੇ 50 ਵਿੱਚ ਸਫ਼ਲ ਰਹੇ। ਆਮ ਆਦਮੀ ਪਾਰਟੀ ਨੇ ਵਾਰਡ ਨੰਬਰ 11 ਵਿੱਚ ਜਿੱਤ ਦਰਜ ਕੀਤੀ। ਇਸੇ ਤਰ੍ਹਾਂ ਵਾਰਡ ਨੰਬਰ 5, 42, 55 ਅਤੇ 61 ਤੋਂ ਆਜ਼ਾਦ ਉਮੀਦਵਾਰ ਜਿੱਤ ਦਰਜ ਕਰਨ ਵਿੱਚ ਕਾਮਯਾਬ ਰਹੇ। ਸ਼ਹਿਰ ਦੇ 95 ਵਾਰਡਾਂ ਵਿੱਚ ਗਠਜੋੜ ਨਾਲ ਚੋਣ ਲੜ ਰਹੇ ਵਿਧਾਇਕ ਸਿਮਰਜੀਤ ਸਿੰਘ ਬੈਂਸ ਦੀ ਲੋਕ ਇਨਸਾਫ਼ ਪਾਰਟੀ ਤੇ ਆਮ ਆਦਮੀ ਪਾਰਟੀ ਦਾ ਇਨ੍ਹਾਂ ਚੋਣਾਂ ਵਿੱਚ ਸਭ ਤੋਂ ਮਾੜਾ ਪ੍ਰਦਰਸ਼ਨ ਰਿਹਾ। ਇਹ ਦੋਵੇਂ ਪਾਰਟੀਆਂ ਆਪਣੀ ਵਿਧਾਨ ਸਭਾ ਵਿੱਚ ਮਿਲੀਆਂ ਵੋਟਾਂ ਦੀ ਫੀਸਦ ਨੂੰ ਵੀ ਬਚਾਉਣ ਵਿੱਚ ਕਾਮਯਾਬ ਨਹੀਂ ਹੋ ਸਕੇ। ਵਿਧਾਇਕ ਬੈਂਸ ਭਰਾਵਾਂ ਦੇ ਹਲਕਿਆਂ ਵਿੱਚ 24 ਵਾਰਡ ਆਉਂਦੇ ਸਨ ਜਿਨ੍ਹਾਂ ਵਿੱਚ ਸਿਰਫ਼ 7 ’ਤੇ ਉਹ ਜਿੱਤ ਹਾਸਲ ਕਰ ਸਕੇ ਜਦਕਿ ਬਾਕੀ ਹਲਕਿਆਂ ਵਿੱਚ ਵਿਧਾਇਕ ਬੈਂਸ ਭਰਾਵਾਂ ਦਾ ਖਾਤਾ ਵੀ ਖੁੱਲ੍ਹ ਨਹੀਂ ਸਕਿਆ। ਇੰਨਾ ਹੀ ਨਹੀਂ ਆਮ ਆਦਮੀ ਪਾਰਟੀ ਦੇ ਜ਼ਿਲਾ ਪ੍ਰਧਾਨ ਦਲਜੀਤ ਸਿੰਘ ਗਰੇਵਾਲ ਭੋਲਾ ਦੀ ਪਤਨੀ ਵਾਰਡ ਨੰਬਰ 11 ਤੋਂ ਜਿੱਤੀ ਜਦਕਿ ਬਾਕੀ ਕਿਸੇ ਵਾਰਡ ਵਿੱਚ ਵੀ ‘ਆਪ’ ਨੂੰ ਸਫਲਤਾ ਹਾਸਲ ਨਹੀਂ ਹੋਈ। ਕਾਂਗਰਸ ਨੂੰ ਬਹੁਮਤ ਮਿਲਣ ਤੋਂ ਬਾਅਦ ਲੁਧਿਆਣਾ ਹਲਕੇ ਤੋਂ ਲੋਕ ਸਭਾ ਮੈਂਬਰ ਰਵਨੀਤ ਸਿੰਘ ਬਿੱਟੂ ਤੇ ਵਿਧਾਇਕ ਭਾਰਤ ਭੂਸ਼ਨ ਆਸ਼ੂ ਮੋਟਰਸਾਈਕਲ ’ਤੇ ਲੋਕਾਂ ਦਾ ਧੰਨਵਾਦ ਕਰਨ ਦੇ ਲਈ ਸੜਕਾਂ ’ਤੇ ਨਿਕਲੇ।

### ਕੈਪਟਨ ਬਾਗੋ-ਬਾਗ

ਚੰਡੀਗੜ੍ਹ/ਬਿਊਰੋ ਨਿਊਜ਼: ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਲੁਧਿਆਣਾ ਨਗਰ ਨਿਗਮ ਚੋਣਾਂ ਦੌਰਾਨ ਲੋਕਾਂ ਨੇ ਕਾਂਗਰਸ ਸਰਕਾਰ ਦੀਆਂ ਨੀਤੀਆਂ ’ਤੇ ਮੋਹਰ ਲਾਈ ਹੈ ਤੇ ਸਰਕਾਰ ਦੀਆਂ ਨੀਤੀਆਂ ਦੇ ਹੱਕ ਵਿੱਚ ਫਤਵਾ ਦਿੱਤਾ ਹੈ।

### ਕਾਂਗਰਸ ਨੇ ਬੈਂਸ ਭਰਾਵਾਂ ਦੇ ਗੜ੍ਹ ਵਿੱਚ ਲਾਈ ਸੰਨ੍ਹ

ਲੁਧਿਆਣਾ/ ਸੱਤਾਧਾਰੀਆਂ ਵਿਰੁੱਧ ਹਮੇਸ਼ਾ ਸੜਕਾਂ ਤੋਂ ਲੈ ਕੇ ਵਿਧਾਨ ਸਭਾ ਤੱਕ ਗਰਜਣ ਵਾਲੇ ਵਿਧਾਇਕ ਬੈਂਸ ਭਰਾਵਾਂ ਦੇ ਗੜ੍ਹ ਵਿੱਚ ਨਗਰ ਨਿਗਮ ਚੋਣਾਂ ਵਿੱਚ ਕਾਂਗਰਸ ਨੇ ਸੰਨ੍ਹ ਲਾ ਦਿੱਤੀ ਹੈ। ਨਿਗਮ ਚੋਣਾਂ ਤੋਂ ਪਹਿਲਾਂ ਕਾਂਗਰਸ ਨੇ ਬੈਂਸ ਭਰਾਵਾਂ ਦੇ ਕੁਝ ਨਜ਼ਦੀਕੀਆਂ ਨੂੰ ਤੋੜ ਕੇ ਉਨ੍ਹਾਂ ਨੂੰ ਕਮਜ਼ੋਰ ਕਰਨਾ ਸ਼ੁਰੂ ਕਰ ਦਿੱਤਾ ਸੀ, ਜਿਸ ਦੇ ਨਤੀਜੇ ਸਾਹਮਣੇ ਆ ਗਏ ਹਨ। 59 ਵਾਰਡਾਂ ਵਿੱਚ ਚੋਣ ਲੜ ਰਹੀ ਲੋਕ ਇਨਸਾਫ਼ ਪਾਰਟੀ ਸਿਰਫ਼ 7 ਸੀਟਾਂ ’ਤੇ ਹੀ ਜਿੱਤ ਸਕੀ, ਜਿਨ੍ਹਾਂ ਵਿੱਚੋਂ 24 ਵਾਰਡ ਅਜਿਹੇ ਹਨ, ਜਿੱਥੇ ਉਹ ਆਪਣੀ ਭਾਈਵਾਲ ਪਾਰਟੀ ਦੇ ਸਹਿਯੋਗ ਨਾਲ ਤੀਸਰੇ ਨੰਬਰ ’ਤੇ ਵੀ ਨਹੀਂ ਰਹੀ।

2017 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਲੋਕ ਇਨਸਾਫ਼ ਪਾਰਟੀ ਨੇ ਸ਼ਹਿਰ ਦੇ ਚਾਰ ਹਲਕਿਆਂ ਵਿੱਚ ਚੋਣ ਲੜੀ ਸੀ ਤੇ ਹਰ ਵਾਰਡ ’ਚ ਚੰਗੀ ਲੀਡ ਮਿਲੀ ਸਨ, ਪਰ ਨਿਗਮ ਚੋਣਾਂ ’ਚ ਉਹ ਆਪਣਾ ਵੋਟ ਬੈਂਕ ਵੀ ਨਹੀਂ ਬਚਾ ਸਕੀ। ਸਨਅਤੀ ਸ਼ਹਿਰ ਵਿੱਚ ‘ਆਪ’ ਵੀ ਪੂਰੀ ਤਰ੍ਹਾਂ ਫੇਲ੍ਹ ਰਹੀ। ਲੁਧਿਆਣਾ ਵਿੱਚ ‘ਆਪ’ ਦਾ ਗ੍ਰਾਫ਼ ਇੱਕ ਸਾਲ ’ਚ ਪੂਰੀ ਤਰ੍ਹਾਂ ਡਿੱਗ ਗਿਆ। ਹਾਲਤ ਇਹ ਹੈ ਕਿ ਨਿਗਮ ਚੋਣਾਂ ਵਿੱਚ ਪਾਰਟੀ ਸਿਰਫ਼ ਇੱਕ ਸੀਟ ਜਿੱਤ ਸਕੀ। 2014 ਦੀਆਂ ਲੋਕ ਸਭਾ ਚੋਣਾਂ ’ਚ ਪਾਰਟੀ ਉਮੀਦਵਾਰ ਐੱਚ. ਐੱਸ. ਫੂਲਕਾ 2.80 ਲੱਖ ਵੋਟਾਂ ਲੈ ਕੇ ਦੂਸਰੇ ਸਥਾਨ ’ਤੇ ਰਹੇ ਸਨ। ਇਸ ਤੋਂ ਬਾਅਦ 2017 ਦੀਆਂ ਵਿਧਾਨ ਸਭਾ ਚੋਣਾਂ ’ਚ ‘ਆਪ’ ਨੇ ਸ਼ਹਿਰ ਦੇ ਦੋ ਹਲਕਿਆਂ ’ਚ ਚੋਣ ਲੜੀ ਸੀ ਤੇ ਚੰਗੀ ਕਾਰਗੁਜ਼ਾਰੀ ਦਿਖਾਈ ਸੀ। ਲੁਧਿਆਣਾ ਪੂਰਬੀ ਤੋਂ ਦਲਜੀਤ ਭੋਲਾ ਤੇ ਲੁਧਿਆਣਾ ਪੱਛਮੀ ਤੋਂ ਅਹਿਬਾਬ ਗਰੇਵਾਲ, ਦੋਵੇਂ ਹੀ ਦੂਸਰੇ ਸਥਾਨ ’ਤੇ ਆਏ ਸਨ। ਪਰ ਇੱਕ ਸਾਲ ਬਾਅਦ ਹੋਈਆਂ ਨਿਗਮ ਚੋਣਾਂ ’ਚ ਲੋਕਾਂ ਨੇ ‘ਆਪ’ ਨੂੰ ਬਿਲਕੁਲ ਨਾਕਾਰ ਦਿੱਤਾ। ਜਿਹੜੇ ਦੋ ਵਿਧਾਨ ਸਭਾ ਹਲਕਿਆਂ ਵਿੱਚ ‘ਆਪ’ ਚੋਣ ਲੜੀ ਸੀ, ਉਨ੍ਹਾਂ ਵਿੱਚੋਂ ਸਿਰਫ਼ ਇੱਕ ਸੀਟ ਹੀ ਮਿਲੀ। ‘ਆਪ’ ਦੇ ਕਈ ਉਮੀਦਵਾਰਾਂ ਦੀਆਂ ਜ਼ਮਾਨਤ ਵੀ ਜ਼ਬਤ ਹੋ ਗਈਆਂ। ਕਈ ਵਾਰਡ ਅਜਿਹੇ ਹਨ, ਜਿਥੇ ‘ਆਪ’ ਉਮੀਦਵਾਰ ਤੋਂ ਵੱਧ ਆਜ਼ਾਦ ਉਮੀਦਵਾਰ ਵੋਟਾਂ ਲੈ ਗਏ।

### ਲੋਕਤੰਤਰ ਕੀਤਾ ਲਹੂ-ਲੁਹਾਨ: ਭਗਵੰਤ ਮਾਨ

ਚੰਡੀਗੜ੍ਹ: ਆਮ ਆਦਮੀ ਪਾਰਟੀ (ਪੰਜਾਬ) ਦੇ ਪ੍ਰਧਾਨ ਅਤੇ ਸੰਸਦ ਮੈਂਬਰ ਭਗਵੰਤ ਮਾਨ ਨੇ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੂੰ ਲੋਕਤੰਤਰ ਦੀ ਕਾਤਲ ਸਰਕਾਰ ਕਰਾਰ ਦਿੰਦਿਆਂ ਕਿਹਾ ਕਿ ਲੁਧਿਆਣਾ ਨਗਰ ਨਿਗਮ ਦੀਆਂ ਚੋਣਾਂ ਵਿੱਚ ਕਾਂਗਰਸ ਦੀ ‘ਜਿੱਤ’ ਲੋਕਤੰਤਰ ਦੇ ਖ਼ੂਨ ਨਾਲ ਲੱਥ-ਪੱਥ ਹੈ। ਸ੍ਰੀ ਮਾਨ ਨੇ ਕਿਹਾ ਕਿ ਜਿਸ ਤਰੀਕੇ ਪਹਿਲਾਂ 31 ਮਿਉਂਸਿਪਲ ਕਮੇਟੀਆਂ ਅਤੇ ਨਗਰ ਪੰਚਾਇਤ ਚੋਣਾਂ ਅਤੇ ਹੁਣ ਲੁਧਿਆਣਾ ਨਗਰ ਨਿਗਮ ਚੋਣਾਂ ਮੌਕੇ ਪੋਲਿੰਗ ਬੂਥਾਂ ਦੇ ਅੰਦਰ ਅਤੇ ਬਾਹਰ ਧੱਕੇਸ਼ਾਹੀ ਦੀਆਂ ਵੀਡੀਓਜ਼ ਸੋਸ਼ਲ ਮੀਡੀਆ ਉੱਪਰ ਚੱਲ ਰਹੀਆਂ ਹਨ, ਇਸ ਤੋਂ ਸਪੱਸ਼ਟ ਹੈ ਕਿ ਇਹ ਲੋਕ ਫ਼ਤਵਾ ਨਹੀਂ ਬਲਕਿ ਲੁੱਟਿਆ ਹੋਇਆ ਫ਼ਤਵਾ ਹੈ।

## ਕੌਣ ਹੁੰਦੇ ਨੇ ਨਿਹੰਗ ਸਿੰਘ

ਜੋ ਭਾਰਤ ਵਿਚ ਵਿਚਰ ਰਹੇ ਹਨ :

1. ਤਰੁਣਾ ਦਲ (ਬਾਬਾ ਬਕਾਲਾ) : ਇਸ ਦਲ ਨੂੰ ਬਾਬਾ ਗੁਰਬਖਸ਼ ਸਿੰਘ ਨੇ ਸਥਾਪਿਤ ਕੀਤਾ ਅਤੇ ਹੈੱਡ ਆਫਿਸ ਬਾਬਾ ਬਕਾਲਾ ਹੈ। ਕ੍ਰਮਵਾਰ ਇਸ ਦੇ ਜਥੇਦਾਰ ਹਨ : ਬਾਬਾ ਗੁਰਬਖਸ਼ ਸਿੰਘ ਜੀ, ਬਾਬਾ ਬਿਸ਼ਨ ਸਿੰਘ ਜੀ ਤੇ ਵਰਤਮਾਨ ਜਥੇਦਾਰ ਹਨ ਬਾਬਾ ਕੀਰਤਨ ਸਿੰਘ ਜੀ।

2. ਤਰੁਣਾ ਦਲ ਹਰੀਆ ਵੇਲਾ : ਜਥੇਦਾਰ ਹਰਿਭਜਨ ਸਿੰਘ ਤੇ ਬਾਬਾ ਨਿਹਾਲ ਸਿੰਘ ਜੀ।

3. ਤਰਣਾ ਦਲ (ਭਿਖੀ ਵਿੰਡ) : ਪਹਿਲੇ ਜਥੇਦਾਰ ਸੋਹਨ ਸਿੰਘ ਜੀ ਸਨ ਅਤੇ ਵਰਤਮਾਨ ਜਥੇਦਾਰ ਬਾਬਾ ਕੁੰਦਨ ਸਿੰਘ ਜੀ ਹਨ।

4. ਨਾਨਕ ਦਲ ਮੜੀਆਂ ਵਾਲਾ : ਜਥੇਦਾਰ ਕੇਹਰ ਸਿੰਘ

5. ਖਾਲਸਾ ਦਲ ਪਿੰਡ ਘਿਆਲਾ : ਜਥੇਦਾਰ ਤ੍ਰਿਲੋਕ ਸਿੰਘ।

ਨਿਹੰਗ ਸਿੰਘਾਂ ਦੇ ਸਰੂਪ ਅਤੇ ਵਿਸ਼ਵਾਸਾਂ ਬਾਰੇ ਪੁਰਾਣੇ ਗ੍ਰੰਥਾਂ ਵਿਚ ਬਹੁਤ ਸੁੰਦਰ ਬਚਨ ਉਪਲੱਬਧ ਹਨ। ਸੰਤ ਨਿਹਾਲ ਸਿੰਘ ਜੀ ਦਾ ਕਹਿਣਾ ਹੈ-

"ਧਰਮ ਕੇ ਧੁਰੰਤਰ ਉਦਾਰਮਾ ਧਰਾਧਾਰ,
ਭੋਲੇ ਭਾਲੇ ਭ੍ਰਾਜਤੇ ਜਕੋਲ ਪ੍ਰੇਮ ਰੰਗ ਮੈਂ।
ਸਰਬ ਲੋਹ ਪਿਆਰੇ
ਅਰਬ ਖਰਬ ਲੌ ਨ ਦਰਬ ਬੰਧ,
ਨੈਕ ਹੂੰ ਨ ਗਰਬ ਪੁਨ
ਪਰਬ ਯਾ ਕੇ ਸੰਗ ਮੈਂ।
ਮੋਦ ਕੇ ਤਰੰਗ ਮੈਂ ਉਮੰਗ ਕੈ ਉਤਮ ਪੰਥ,
ਲੋਕ ਦੰਗ ਕੈਬੇ ਕੋ ਸੁ ਕੀਨੈ ਨਿਹੰਗ ਮੈਂ।'

ਨਿਹੰਗ ਸਿੰਘਾਂ ਦੀ ਜੀਵਨ ਸ਼ੈਲੀ ਬਾਰੇ ਗਿਆਨੀ ਗਿਆਨ ਸਿੰਘ ਨੇ ਬਹੁਤ ਸੁੰਦਰ ਲਿਖਿਆ ਹੈ ਕਿ ਜਿਵੇਂ ਗ਼ਰੀਬ ਹੁੰਦਿਆਂ ਇਹ ਸ਼ਸਤਰਾਂ ਨੂੰ ਪਿਆਰ ਨਾਲ ਸੰਭਾਲ ਕੇ ਰੱਖਦੇ ਸਨ ਤੇ ਜ਼ਾਲਮਾਂ ਨੂੰ ਲੁੱਟ ਕੇ ਰੋਟੀ ਦਾ ਪ੍ਰਬੰਧ ਕਰਦੇ ਸਨ:

ਫਿਡਾ ਜੈਸਾ ਟਟੂਆ
ਜੁਲਫੂ ਕਾ ਕਾਠੀ ਪਾਇ
ਰਸਲ ਲਗਾਮ ਤੇ ਰਸਫੂ ਰਕਾਬ ਜੂ।।
ਪਟਿਆ ਜਾ ਕਛਫੂ ਤੇ ਨੀਲ ਸਾ ਚਾਦਰੂ
ਤੁਰੋ ਜੈਸਾ ਪਾਗੜੂ
ਬਣਾਇਆ ਸਿਰਤਾਜ ਜੂ।।
ਟੁਟਿਆ ਜੈਸਾ ਤੇ ਮਫੂ ਤੇ
ਲੀਹਫੂ ਗਿਆਨ ਜਾਕੇ
ਗਰ ਸਰ ਮਾਤਰਾ ਬਣਾਇਆ ਸਭੇ ਸਾਜ ਜੂ।।
ਨਾਮ ਕੇ ਅਕਾਲਫੂ ਜੋ ਫਿਰੈ ਬੁਰੇ ਹਾਲਫੂ ਜੋ
ਲੂਟ ਲੂਟ ਖਾਵਨੇ ਕੋ ਡਾਢੇ ਉਸਤਾਦ ਜੂ।

ਨਿਹੰਗ ਸਿੰਘ ਹਰ ਸ਼ਬਦ ਨੂੰ ਪੁਲਿੰਗ ਵਾਚੀ ਬਣਾਉਣ ਦੇ ਆਦੀ ਹਨ। ਇਹ ਸ਼ਾਇਦ ਉਨ੍ਹਾਂ ਦੀ ਦਲੇਰੀ ਦਾ ਪ੍ਰਮਾਣ ਹੋਵੇ। ਨਿਹਾਲ ਸਿੰਘ ਨਿਰਮਲੇ ਨੇ ਇੱਕ ਕਬਿੱਤ ਲਿਖਿਆ ਹੈ :

ਔਰਨ ਕੀ ਆਰਤੀ ਸੁ
ਆਰਤਾ ਅਕਾਲੂ ਜੂ ਕੋ
ਲੋਕਨ ਕੀ ਬੋਲੀ ਦੀਨ ਬੰਧੂ ਕੋ ਸੁ ਬੇਲਾ ਹੈ।।
ਅੰਬਿਕਾ ਕੜਾਹੀ ਮਹਾਰਾਜ ਕੋ
ਕੜਾਹ ਸੁਧਾ,
ਚੋਲੀ ਤੇ ਬਖਾਨੇ
ਬਾਲ ਸੂਰਮੀ ਕੋ ਸੁ ਚੇਲਾ ਹੈ।।
ਝੰਡੀ ਔਂ ਸਵਾਰੀ ਆਗ
ਝੰਡਾ ਜੂ ਸਵਾਰਾ ਨਾਥ
ਝੋਲੀ ਤੇ ਤਮਾਰਾ ਕੀ
ਸੁ ਖਾਲਸਾ ਕਾ ਝੋਲਾ ਹੈ।।
ਦੇਵੀ ਦੇਵ ਸਿਧਨ ਕੀ
ਲੋਕ ਮੈਂ ਪ੍ਰਸਿੱਧ ਹੋਲੀ
ਸ੍ਰੀ ਗੁਰੂ ਗੋਬਿੰਦ ਸਿੰਘ
ਜੂ ਕੋ ਆਜ ਸੋ ਹੋਲਾ ਹੈ।।

ਨਿਹੰਗ ਸਿੰਘ ਹਮੇਸ਼ਾਂ ਚੜ੍ਹਦੀ ਕਲਾ ਵਿਚ ਰਹਿੰਦੇ ਹਨ, ਜਿੰਨਾ ਕਸ਼ਟ ਆਵੇ, ਹਾਲਾਤ ਖਰਾਬ ਹੋਣ, ਨੁਕਸਾਨ ਹੋ ਜਾਵੇ, ਇਹ ਹਮੇਸ਼ਾਂ ਚੜ੍ਹਦੀ ਕਲਾ ਹੀ ਆਖਣਗੇ। ਅਹਿਮਦ ਸ਼ਾਹ ਅਬਦਾਲੀ ਨੇ ਘੱਲੂਘਾਰੇ ਵਿੱਚ ਤਕਰੀਬਨ 30,000 ਸਿੱਖਾਂ ਨੂੰ ਸ਼ਹੀਦ ਕਰ ਦਿੱਤਾ। ਇੱਕ ਸਿੰਘ ਨੇ ਨਿਹੰਗ ਸਿੰਘ ਪਾਸ ਜਦੋਂ ਇਸ ਬਾਰੇ ਅਫ਼ਸੋਸ ਕਰਨਾ ਚਾਹਿਆ, ਤਾਂ ਉਹ ਕੜਕ ਕੇ ਬੋਲਿਆ, "ਕੱਚੇ ਪੀਲੇ ਝੜੇ ਨੇ ਤੱਤ ਖਾਲਸਾ ਚੜ੍ਹਦੀ ਕਲਾ ਵਿਚ ਹੈ।" ਅਜਿਹੀਆਂ ਹੋਰ ਉਦਾਹਰਨਾਂ ਮਿਲ ਜਾਂਦੀਆਂ ਹਨ।

ਨਿਹੰਗ ਸਿੰਘ ਸਿਰਫ਼ ਯੋਧੇ ਹੀ ਨਹੀਂ ਸਨ, ਉਹ ਸਿੱਖ ਧਰਮ ਦੇ ਪ੍ਰਚਾਰਕ ਵੀ ਸਨ। ਆਪਣੇ ਬੁੰਗਿਆਂ ਵਿਚ ਗੁਰਮੁਖੀ ਪੜ੍ਹਾਉਂਦੇ ਨ, ਬੱਚਿਆਂ ਨੂੰ ਬਾਣੀ ਕੰਠ ਕਰਵਾਉਂਦੇ ਨ ਤੇ ਅਰਥ ਬੋਧ ਵੀ ਕਰਵਾਉਂਦੇ ਨ। ਇਹਨਾਂ ਦੇ ਡੇਰਿਆਂ ਵਿਚ ਰੋਜ਼ਾਨਾ ਕਥਾ ਕੀਰਤਨ ਹੁੰਦਾ ਹੈ। ਹੁਣ ਇਹਨਾਂ ਨੇ ਕਾਨਵੈਂਟ ਸਕੂਲਾਂ ਵਰਗੇ ਆਧੁਨਿਕ ਸਕੂਲ ਵੀ ਖੋਲ੍ਹਣੇ ਸ਼ੁਰੂ ਕਰ ਦਿੱਤੇ ਹਨ।

ਨਿਹੰਗ ਸਿੰਘ ਅੰਮ੍ਰਿਤ ਦਾ ਬਾਟਾ ਤਿਆਰ ਕਰਨ ਸਮੇਂ ਪੰਜਾਂ ਬਾਣੀਆਂ ਦੇ ਨਾਲ-ਨਾਲ ਚੰਡੀ ਦੀ ਵਾਰ ਦਾ ਪਾਠ ਵੀ ਕਰਦੇ ਹਨ। ਅੰਮ੍ਰਿਤਪਾਨ ਕਰਨ ਵਾਲੇ ਲਈ ਲਾਜ਼ਮੀ ਹੈ ਕਿ ਉਹ ਜੱਥੇਦਾਰ ਸਾਹਿਬ ਵੱਲੋਂ ਦੱਸੀ ਰਹਿਤ ਬਹਿਤ ਨੂੰ ਦ੍ਰਿੜ੍ਹਤਾ ਨਾਲ ਪੁਗਾਵੇ। ਇਹਨਾਂ ਦੇ ਨਿਤਨੇਮ ਵਿਚ ਪੰਜ ਬਾਣੀਆਂ ਤੋਂ ਇਲਾਵਾ ਚੰਡੀ ਦੀ ਵਾਰ ਅਤੇ ਅਕਾਲ ਉਸਤਤਿ ਵੀ ਸ਼ਾਮਲ ਹੈ।

ਨਿਹੰਗ ਸਿੰਘ ਹਮੇਸ਼ਾਂ ਸ਼ਸਤਰਬੱਧ ਰਹਿੰਦੇ ਹਨ ਤੇ ਇਹਨਾਂ ਦਾ ਬਹੁਤ ਸਨਮਾਨ ਕਰਦੇ ਹਨ, ਕਿਉਂਕਿ ਇਹ ਇਹਨਾਂ ਸ਼ਸਤਰਾਂ-ਅਸਤਰਾਂ ਨੂੰ ਪ੍ਰਭੂ ਦੇ ਪ੍ਰਤੀਕ ਮੰਨਦੇ ਹਨ। ਦੁਸ਼ਟ ਦਾ ਨਾਸ਼ ਕਰਦੇ ਹਨ, ਗ਼ਰੀਬ ਦੀ ਰੱਖਿਆ ਕਰਦੇ ਹਨ।

## ਗਲੋਬਲ ਪ੍ਰਸੰਗ 'ਚ ਪੰਜਾਬੀ ਸੱਭਿਆਚਾਰ ਦੀ ਭੂਮਿਕਾ

ਟੱਕਰ ਅਤੇ ਮੇਲ ਤੋਂ ਜੋ ਸਿਖਰ-ਅਨੁਭਵ ਪ੍ਰਾਪਤ ਹੋਇਆ ਉਸ ਦੀ ਵੱਡੀ ਵਿਸ਼ੇਸ਼ਤਾ ਕੁੱਲ ਸ੍ਰਿਸ਼ਟੀ ਨੂੰ ਇਕ ਪ੍ਰਬੰਧ ਵਿੱਚ ਦੇਖਣਾ ਹੈ। ਇਸ ਪ੍ਰਬੰਧ ਦਾ ਪ੍ਰਮੁੱਖ ਚਿੰਨ੍ਹ ਅਤੇ ਸੰਚਾਲਕ "ਬ੍ਰਹਮ" ਹੈ। ਬ੍ਰਹਮ ਨਿਰਗੁਣ ਵੀ ਹੈ ਅਤੇ ਸਰਗੁਣ ਵੀ, ਦ੍ਰਿਸ਼ਟ ਵੀ ਅਦ੍ਰਿਸ਼ਿਟ ਵੀ। ਦਵੈਤਮੁਖੀ ਵੀ, ਅਦੈਵਤਮੁਖੀ ਵੀ। ਵਿਸ਼ਿਸ਼ਟ ਅਦਵੈਤੀ ਵੀ। ਪਰ ਇਸ ਸਾਰੇ ਪਰਵਚਨ ਵਿੱਚ ਪ੍ਰਧਾਨਤਾ ਅਦਵੈਤੀ ਬ੍ਰਹਮ ਦੀ ਬਣੀ ਜਿਸ ਦਾ ਪ੍ਰਮੁੱਖ ਚਿੰਤਕ ਅਤੇ ਪ੍ਰਤੀਕ ਸ਼ੰਕਰਾਚਾਰੀਆ ਬਣਿਆ। ਸ਼ੰਕਰਾਚਾਰੀਆ ਇਕ ਸਿਖਰ ਅਨੁਭਵ ਦਾ ਨਚੋੜ ਵੀ ਹੈ ਅਤੇ ਪਤਨ ਵੀ। ਪਤਨ ਇਸ ਤਰ੍ਹਾਂ ਕਿ ਸ਼ੰਕਰਾਚਾਰੀਆ ਦੇ ਚਿੰਤਨ ਦਾ ਬਲ ਇਕ-ਪਰਤੀ ਜਾਂ ਇਕ ਵਿਆਖਿਆਕਾਰੀ ਬ੍ਰਹਮ ਉੱਤੇ ਹੈ। ਇਹ ਬ੍ਰਹਮ ਭਾਰਤੀ ਜ਼ਿੰਦਗੀ ਦੀ ਵਿਚਿੱਤਰਤਾ ਨੂੰ ਘਟਾਉਂਦਾ ਹੈ। ਇਸੇ ਇਕਪਰਤਾ ਨੇ ਹਿੰਦੂਵਾਦ ਅਤੇ ਬੋਧੀਆਂ ਦੀ ਟੱਕਰ ਕਰਵਾਈ ਅਤੇ ਮਗਰੋਂ ਇਸਲਾਮ ਅਤੇ ਈਸਾਈਆਂ ਨਾਲ ਵੀ ਤਣਾਉ ਬਣਿਆ। ਇਹ ਤਣਾਉ ਅੱਜ ਤਕ ਜਾਰੀ ਹੈ।

ਪੰਜਾਬੀ ਸਭਿਆਚਾਰ ਦਾ ਦੂਜਾ ਸਿਖਰ ਅਨੁਭਵ ਮੁਗਲਾਂ ਦੇ ਆਉਣ ਪਿੱਛੋਂ ਕ੍ਰਿਆਵੰਤ ਹੋਏ ਇਸਲਾਮ ਨਾਲ ਹੋਂਦ ਵਿਚ ਆਇਆ। ਇਹ ਕ੍ਰਿਆਵੰਤ ਇਸਲਾਮ ਕੇਵਲ ਧਾਰਮਿਕ ਸ਼ਕਤੀ ਨਹੀਂ ਸੀ। ਇਸ ਨਾਲ ਰਾਜਨੀਤੀ ਅਤੇ ਉਸ ਵੇਲੇ ਦੀ ਸਟੇਟ ਜਾਂ ਰਾਜ ਵੀ ਜੁੜੇ ਹੋਏ ਸਨ। ਇਸ ਲਈ ਭਾਰਤੀ ਧਰਮਾਂ ਅਤੇ ਰਾਜ-ਕੇਂਦਰਾਂ ਨਾਲ ਇਕ ਹੋਰ ਭਿਆਨਕ ਟੱਕਰ ਦੀ ਸਥਿਤੀ ਬਣੀ। ਰਾਜਨੀਤੀ ਅਤੇ ਧਰਮ ਦੇ ਅੰਤਰ ਸੰਬੰਧਾਂ ਨਾਲ ਉਪਜੇ ਸੰਕਟ ਵਿੱਚੋਂ ਸਿੱਖ ਕ੍ਰਾਂਤੀ ਦਾ ਜਨਮ ਹੋਇਆ। ਸਿੱਖ ਕ੍ਰਾਂਤੀ ਬ੍ਰਹਮਵਾਦੀ ਅਤੇ ਅਲਾਵਾਦੀ ਦੋਹਾਂ ਮਹਾਂ-ਪ੍ਰਬੰਧਾਂ ਦਾ ਵਿਰੋਧ ਸੀ। ਦੋਹਾਂ ਦੀ ਰਾਜ ਅਤੇ ਸ੍ਰਿਸ਼ਟੀ ਵੱਲ ਇੱਕਾਤਮਕ ਪਹੁੰਚ ਨੂੰ ਅਸਵੀਕਾਰ ਕਰਦੀ ਸੀ।

ਸਿੱਖ ਕ੍ਰਾਂਤੀ ਅਤੇ ਇਸ ਦੇ ਗ੍ਰੰਥ: "ਸ੍ਰੀ ਗੁਰੂ ਗ੍ਰੰਥ ਸਾਹਿਬ" ਅਤੇ "ਦਸਮ ਗ੍ਰੰਥ", ਪੰਜਾਬੀ ਸਭਿਆਚਾਰ ਦਾ ਦੂਜਾ ਸਿਖਰ ਅਨੁਭਾਵ ਹਨ। ਇਸ ਸਿਖਰ ਅਨੁਭਵ ਨੇ "ਵਾਹਿਗੁਰੂ" ਇਕ ਸਮਾਨੰਤਾ ਚਿੰਨ੍ਹ ਵਜੋਂ ਉਸਾਰਿਆ। ਇਹ ਚਿੰਨ੍ਹ ਦਾਰਸ਼ਨਿਕ ਗੌਰਵ ਤੋਂ ਬਿਨਾ ਰਾਜਨੀਤਕ ਗੌਰਵ ਵੀ ਸੰਭਾਲੀ ਬੈਠਾ ਹੈ। ਵਾਹਿਗੁਰੂ ਵਿਸਮਾਦ ਜਾਂ "ਵਾਹਿ" ਦਾ ਗੁਰੂ ਹੈ। ਇਸ ਵਿੱਚ ਜ਼ਿੰਦਗੀ ਦੀ ਵਿਚਿੱਤਰਤਾ ਜਾਂ ਅਨੇਕਪੱਖਤਾ ਸ਼ਾਮਲ ਹੈ। ਇਹ ਅਨੇਕ ਪੱਖਤਾ ਦਾ ਸੰਵਾਦ ਵੀ ਹੈ ਅਤੇ ਉਸ ਦੇ ਇਕਾਤਮਕਤਾ ਜਾਂ ਸੰਕੀਰਨਤਾ ਤਕ ਪਹੁੰਚਣ ਤੋਂ ਬਚਾਉ ਵੀ। ਸਾਧਾਰਨ ਸ਼ਬਦਾਂ ਵਿਚ ਇਹ ਏਕਤਾ, ਸੰਵਾਦ ਅਤੇ ਅਨੇਕਤਾ ਦਾ ਸੰਯੋਗ ਹੈ। ਇਹ ਸੰਯੋਗੀ ਚਿੰਨ੍ਹ ਸਿੱਖ ਕ੍ਰਾਂਤੀ ਦਾ ਕ੍ਰਿਸ਼ਮਾ ਹੈ। ਇਸ ਵਿੱਚ ਜਿਵੇਂ ਏਕਤਾ ਅਤੇ ਅਨੇਕਤਾ ਨੂੰ ਜੋੜਿਆ ਗਿਆ ਹੈ, ਇਹ ਵੱਡੀ ਪ੍ਰਾਪਤੀ ਹੈ। ਵਿਅਕਤੀ, ਸਮਾਜ ਅਤੇ ਸਟੇਟ ਲਈ ਜੋ ਮਾਡਲ ਦਿੱਤਾ ਗਿਆ ਹੈ, ਉਹ ਵਿਸਮਾਦੀ ਹੈ। ਇਹ ਵੀ ਕਹਿ ਸਕਦੇ ਹਾਂ ਕਿ ਪੰਜਾਬੀ ਸਭਿਆਚਾਰ ਦਾ ਦੂਜਾ ਸਿਖਰ ਅਨੁਭਵ "ਵਾਹਿਗੁਰੂ" ਚਿੰਨ੍ਹ ਨਾਲ ਸਮਝਿਆ ਜਾ ਸਕਦਾ ਹੈ। ਇਸ ਚਿੰਨ੍ਹ ਰਾਹੀਂ ਦਿੱਤੇ ਮਾਡਲ ਦਾ ਅਜੇ ਪੂਰਾ ਅਭਿਆਸ ਨਹੀਂ ਹੋ ਸਕਿਆ।

ਜਿਸ ਵਿਸ਼ਵ ਨੂੰ ਅੱਜ ਅਸੀਂ ਸੰਵਾਦੀ ਅਤੇ ਅਨਿਕਮੁਖੀ ਰੱਖਣਾ ਚਾਹੁੰਦੇ ਹਾਂ ਉਸ ਦੀਆਂ ਨਵੀਆਂ ਪਰਤਾਂ ਜਾਂ ਪਾਸਾਰ ਖੋਲ੍ਹਣ ਲਈ ਅੱਜ ਵੀ ਇਹ ਮਾਡਲ-ਚਿੰਨ੍ਹ ਸਹਾਇਤਾ ਕਰ ਸਕਦਾ ਹੈ। ਜਿਸ ਨਿਰਲੁੱਟ, ਸ਼ਾਇਰਾਨਾ ਸੰਗੀਤਆਤਮਕ ਅਤੇ ਕਲਾਤਮਕ ਵਿਸ਼ਵ ਦੀ ਕਾਮਨਾ ਅਸੀਂ ਕਰ ਰਹੇ ਹਾਂ, ਉਸ ਲਈ ਜਿਸ ਪ੍ਰਮੁੱਖ ਚਿੰਨ੍ਹ ਅਤੇ ਚਿੰਤਨ ਦੀ ਲੋੜ ਹੈ, ਉਸ ਦਾ ਮੁੱਢ ਪੰਜਾਬੀ ਸਭਿਆਚਾਰ ਨੇ ਬੰਨ੍ਹਿਆ ਹੋਇਆ ਹੈ। ਇਸ ਮੁੱਢ ਨੂੰ ਅੱਗੋਂ ਵਿਸਥਾਰ ਦੇਣ ਦੀ ਲੋੜ ਹੈ।

ਇਸ ਵਿਸਮਾਦੀ ਮੁੱਢ ਨੂੰ ਅਗਲੇ ਵਿਸਥਾਰ ਦੇ ਕੇ ਨਵਾਂ ਸਿਖਰ ਅਨੁਭਵ ਸਿਰਜਣ ਦੀ ਲੋੜ ਹੈ। ਸਿੱਖ ਕ੍ਰਾਂਤੀ ਤੋਂ ਪਿੱਛੋਂ ਪੰਜਾਬੀ ਸਭਿਆਚਾਰ ਤੀਜੇ ਸਿਖਰ ਅਨੁਭਵ ਵੱਲ ਨਹੀਂ ਵਧ ਸਕਦਾ ਜਦੋਂ ਤਕ ਸਿੱਖ ਕ੍ਰਾਂਤੀ ਨਾਲ ਆਏ ਸਿਖਰ ਅਨੁਭਵ ਨੂੰ ਜਜ਼ਬ ਨਹੀਂ ਕੀਤਾ ਜਾਂਦਾ।

ਮਾਰਕਸਵਾਦੀ ਚਿੰਤਨ ਦੇ ਆਉਣ ਨਾਲ ਪੰਜਾਬੀ ਸਭਿਆਚਾਰ ਤੀਜਾ ਸਿਖਰ ਅਨੁਭਵ ਰਚਣ ਦੇ ਯੋਗ ਬਣ ਰਿਹਾ ਸੀ, ਪਰ ਉਹ ਅਨੁਭਵ ਸਿੱਖ ਕ੍ਰਾਂਤੀ ਦੇ ਵਿਸਮਾਦੀ ਸਿਖਰ ਅਨੁਭਵ ਨਾਲ ਸੰਵਾਦ ਨਾ ਹੋ ਸਕਣ ਕਾਰਨ ਹੋਂਦ ਵਿਚ ਨਾ ਆ ਸਕਿਆ। ਇਸ ਵਿਚ ਮਾਰਕਸਵਾਦੀਆਂ ਅਤੇ ਸਿੱਖ ਕ੍ਰਾਂਤੀ ਦੇ ਮੁਦੱਈਆਂ, ਦੋਹਾਂ ਦੀ ਜ਼ਿੰਮੇਵਾਰੀ ਹੈ। ਉਹ ਇਕ ਮਹਾਨ ਅਤੇ ਸਿਰਜਣਾਤਮਕ ਕੰਮ ਦੇ ਹਾਣੀ ਨਾ ਬਣ ਸਕੇ।

ਅੱਜ ਪੰਜਾਬੀ ਸਭਿਆਚਾਰ ਨੂੰ ਗਲੋਬਲ ਸਮਰੱਥਾ ਦੇਣ ਦਾ ਅਰਥ ਇਸ ਵਿੱਚ ਸੰਯੋਗ ਦੀ ਸਮਰੱਥਾ ਵਧਾਉਣਾ ਹੈ। ਜ਼ਿੰਮੇਵਾਰੀ ਨਾਲ ਅਜਿਹੀ ਸਥਿਤੀ ਹੋਂਦ ਵਿੱਚ ਲਿਆਉਣਾ ਹੈ ਜਿਸ ਵਿੱਚ ਸਿੱਖ ਕ੍ਰਾਂਤੀ, ਮਾਰਕਸਵਾਦ ਅਤੇ ਉਦਾਰਵਾਦੀ ਪੂੰਜੀਵਾਦ ਦੀਆਂ ਸਾਕਾਰਾਤਮਕ ਵਿਸ਼ੇਸ਼ਤਾਵਾਂ ਦੀ ਗੁਫ਼ਤਗੂ ਹੋ ਸਕੇ। ਸਿੱਖ ਕ੍ਰਾਂਤੀ ਨਾਲ ਆਏ ਸਿਖਰ ਅਨੁਭਵ ਨੂੰ ਮਨਫ਼ੀ ਕਰਕੇ ਇਹ ਪ੍ਰਾਪਤੀ ਨਹੀਂ ਹੋ ਸਕਦੀ। ਸਿੱਖ ਕ੍ਰਾਂਤੀ ਪ੍ਰਤੀ ਸੰਕੀਰਨ ਅਤੇ ਨਿਸ਼ੇਧਾਤਮਕ ਵਤੀਰਾ ਅਪਨਾਉਣ ਨਾਲ ਇਹ ਸੰਯੋਗੀ ਸਿਖਰ ਅਨੁਭਵ ਨਹੀਂ ਪ੍ਰਾਪਤ ਹੋ ਸਕਦਾ।

## ਜੇ ਤੂੰ ਚਾਹੇਂ ਘਰ ਖੁਸ਼ਹਾਲ ਪੰਜਾਬੀ ਦਾ

ਕੀ ਹਸ਼ਰ ਹੋਵੇਗਾ ? ਅਸੀਂ ਆਪਣੀ ਮਾਖਿਓਂ ਮਿੱਠੀ ਜ਼ੁਬਾਨ ਨੂੰ ਵਿਸਾਰ ਕੇ ਕਿਸ ਤਰ੍ਹਾਂ ਦਾ ਕਿਰਦਾਰ ਬਣਾ ਸਕਾਂਗੇ ? ਅਸੀਂ ਗੁਰੂ ਨਾਨਕ, ਗੁਰੂ ਅਰਜਨ, ਬੁਲ੍ਹੇ ਸ਼ਾਹ, ਵਾਰਿਸ ਸ਼ਾਹ ਅਤੇ ਭਾਈ ਗੁਰਦਾਸ ਆਦਿ ਵੱਲੋਂ ਵਰਤੋਂ ਵਿਹਾਰ 'ਚ ਲਿਆਂਦੀ ਇਸ ਬੋਲੀ ਦੀ ਆਨ-ਸ਼ਾਨ ਕਿਵੇਂ ਬਚਾਵਾਂਗੇ ? ਕੀ ਪੰਜਾਬੀਆਂ ਦੇ ਮਨਾਂ ਵਿੱਚ ਭੋਰਾ ਜਿੰਨਾ ਵੀ ਬੰਗਾਲੀਆਂ ਵਰਗਾ ਜਜ਼ਬਾ ਪਾ ਸਕਾਂਗੇ ਕਿ ਮਾਂ ਬੋਲੀ ਹੀ ਉੱਤਮ ਹੈ ਤੇ ਮਾਂ ਬੋਲੀ ਵੱਲੋਂ ਹੋ ਕੇ ਹੀ ਸਾਰੀਆਂ ਗਿਆਨ ਸ਼ਾਖਾਵਾਂ ਦੀ ਖਿੜਕੀ ਖੁੱਲ੍ਹਦੀ ਹੈ। ਪੰਜਾਬੀ ਚੰਗਾ ਜਿਉਂਦੇ, ਚੰਗਾ ਕਮਾਉਂਦੇ, ਚੰਗਾ ਖਾਂਦੇ ਤੇ ਹੰਢਾਉਂਦੇ ਹਨ, ਪਰ ਆਪਣੀ ਮਾਂ ਬੋਲੀ ਪ੍ਰਤੀ ਇੰਨੇ ਅਵੇਸਲੇ ਕਿਉਂ ਹਨ ?

ਅਸੀਂ ਹੋਰਨਾਂ ਭਾਸ਼ਾਵਾਂ ਦੀ ਜਾਣਕਰੀ ਨੂੰ ਬੇਹੱਦ ਮਹੱਤਤਾ ਦਿੰਦੇ ਹਾਂ, ਪਰ ਆਪਣੀ ਮਾਂ ਬੋਲੀ ਸਭ ਤੋਂ ਉੱਤਮ ਹੈ। ਹਰ ਕਿਸੇ ਦੀ ਮਾਂ ਸਤਿਕਾਰ ਦੀ ਪਾਤਰ ਹੈ, ਪਰ ਆਪਣੀ ਸਕੀ ਮਾਂ ਪ੍ਰਤੀ ਪਹੁੰਚ ਕੁਝ ਤਾਂ ਵੱਖਰੀ ਹੋਣੀ ਚਾਹੀਦੀ ਹੈ। ਮਾਤ ਭਾਸ਼ਾ ਪੰਜਾਬੀ ਦੀ ਅਜੋਕੀ ਹਾਲਤ ਸਾਡੇ ਸਾਹਮਣੇ ਹੈ। ਪੰਜਾਬੀ ਮਾਂ ਬੋਲੀ ਦੀ ਚਿੰਤਾ ਇਕੱਲੇ ਪੰਜਾਬੀ ਲੇਖਕਾਂ ਅਤੇ ਪੰਜਾਬੀ ਲੇਖਕ ਜਥੇਬੰਦੀਆਂ ਦਾ ਮਸਲਾ ਨਹੀਂ ਹੈ ਸਗੋਂ ਇਹ ਪੰਜਾਬੀ ਮਾਂ ਬੋਲੀ ਦੇ ਸਮੁੱਚੇ ਧੀਆਂ ਪੁੱਤਰਾਂ ਦਾ ਸਾਂਝਾ ਮਸਲਾ ਹੈ। ਰੱਬ ਨਾ ਕਰੇ ਕਿਸੇ ਵੇਲੇ ਕੋਈ ਸਾਨੂੰ ਮਾਂ ਮਹਿੱਟਰ ਦਾ ਮਿਹਣਾ ਮਾਰੇ। ਮਾਂ ਬੋਲੀ ਦੀ ਲੜਾਈ ਆਪਣੇ ਘਰਾਂ ਤੋਂ ਸ਼ੁਰੂ ਕਰਨ ਲਈ ਸਾਨੂੰ ਆਪ ਹੀ ਜਾਗ ਜਾਣਾ ਚਾਹੀਦਾ ਹੈ। ਅਸੀਂ ਇੰਨਾ ਤਾਂ ਕਰ ਸਕਦੇ ਹਾਂ ਕਿ ਆਪਣੇ ਬੱਚਿਆਂ ਦੇ ਵਿਆਹ ਸ਼ਾਦੀ ਦੇ ਕਾਰਡ ਪੰਜਾਬੀ 'ਚ ਛਪਵਾਈਏ, ਘਰਾਂ ਦੇ ਬਾਹਰ ਲੱਗੀਆਂ ਨਾਮ-ਤਖ਼ਤੀਆਂ ਪੰਜਾਬੀ ਵਿੱਚ ਲਿਖਵਾਈਏ, ਆਪਣੀਆਂ ਦੁਕਾਨਾਂ ਤੇ ਵਪਾਰਕ ਅਦਾਰਿਆਂ ਦੇ ਬਾਹਰ ਲੱਗੇ ਸਾਈਨ ਬੋਰਡ ਆਪਣੀ ਮਾਤ ਭਾਸ਼ਾ ਵਿੱਚ ਲਿਖਵਾਈਏ ਅਤੇ ਘਰ ਵਿੱਚ ਪੰਜਾਬੀ ਦੇ ਅਖ਼ਬਾਰ ਲਵਾਈਏ। ਚਿੱਠੀਆਂ ਪੱਤਰਾਂ 'ਤੇ ਸਿਰਨਾਵੇਂ ਅਤੇ ਦਸਤਖਤ ਮਾਤ ਭਾਸ਼ਾ ਵਿੱਚ ਲਿਖ ਕੇ ਆਪਣੀ ਮਾਤ ਭਾਸ਼ਾ ਦਾ ਮੂੰਹ ਮੱਥਾ ਸੰਵਾਰਨ ਲਈ ਇੰਨਾ ਯੋਗਦਾਨ ਅਸੀਂ ਵੀ ਪਾਈਏ।

(ਪੰਜਾਬੀ ਟ੍ਰਿਬਿਊਨ ਚੋਂ ਧੰਨਵਾਦ ਸਹਿਤ)

## ਸਿੱਖ ਵਿਦਵਾਨਾਂ ਨੇ ਜਸਟਿਨ ਟਰੂਡੋ ਪ੍ਰਤੀ ਭਾਰਤੀ ਸਟੇਟ ਦੇ ਵਤੀਰੇ ਦੀ ਅਲੋਚਨਾ ਕੀਤੀ

ਸੱਚਖੰਡ ਸ੍ਰੀ ਦਰਬਾਰ ਸਾਹਿਬ (ਸ੍ਰੀ ਅੰਮ੍ਰਿਤਸਰ ਸਾਹਿਬ ) ਪ੍ਰਤੀ ਨਫ਼ਰਤ ਰਹੇਗੀ ਹੀ ਇਸ ਦਾ ਕਾਰਨ ਬੜਾ ਸਪੱਸ਼ਟ ਹੈ ਕਿਉਂਕਿ ਦਿੱਲੀ ਕਿਸੇ ਵੀ ਕੀਮਤ ਉੱਤੇ ਇਹ ਪ੍ਰਵਾਨ ਕਰਨ ਲਈ ਤਿਆਰ ਨਹੀ ਹੈ ਕਿ ਖਾਲਸਾ ਪੰਥ ਇੱਕ ਅੱਡਰੀ ,ਅਜ਼ਾਦ ਅਤੇ ਨਿਆਰੀ ਕੌਮ ਹੈ। ਭਾਰਤੀ ਸਰਕਾਰ ਨੇ ਇਕ ਖੁੱਲ੍ਹੇ ਦਿਲ ਵਾਲੇ ਵਿਅਕਤੀ ਨੂੰ ਸਵਾਗਤ ਕਰਨ ਦਾ ਮੌਕਾ ਗੁਆ ਦਿੱਤਾ ਹੈ ਜੋ ਆਪਣੇ ਉਦਾਰਵਾਦੀ ਦ੍ਰਿਸ਼ਟੀਕੋਣ ਲਈ ਜਾਣਿਆ ਜਾਂਦਾ ਹੈ ਅਤੇ ਉਸ ਨੇ ਆਪਣੇ ਦੇਸ਼ ਵਿਚ ਜਾਤ ਜਾਂ ਧਰਮ ਦੇ ਭੇਦਭਾਵ ਦੇ ਬਾਵਜੂਦ ਆਪਣੇ ਦੇਸ਼ ਵਿਚ ਖੁਸ਼ਹਾਲੀ ਅਤੇ ਖੁਸ਼ਹਾਲ ਹੋਣ ਦੇ ਮੌਕੇ ਮੁਹੱਈਆ ਕਰਵਾਏ ਹਨ।

ਇਹ ਦੁਖਦਾਈ ਹੈ ਕਿ ਭਾਰਤ ਸਰਕਾਰ, ਵਪਾਰ ਦੇ ਬਦਲੇ ਅਤੇ ਦੁਨੀਆ ਦੇ ਛੇਵੇਂ ਸਭ ਤੋਂ ਵੱਡੇ ਅਰਥਚਾਰੇ ਨਾਲ ਦੂਜੀਆਂ ਆਰਥਿਕ ਲਾਭਾਂ ਨੂੰ ਚਲਾਉਣ ਲਈ ਇਸ ਮੌਕੇ ਦੀ ਵਰਤੋਂ ਕਰਨ ਦੀ ਬਜਾਏ, ਸੰਕੁਚਿਤ ਸਾਮਾਜਕ ਵਿਚਾਰਾਂ ਤੇ ਅਟਕ ਰਹੀ ਹੈ।ਸਿੱਖਾਂ ਦੇ ਖਿਲਾਫ ਅਜਿਹਾ ਪੱਖਪਾਤ ਵਾਲਾ ਰਵੱਈਆ ਭਾਈਚਾਰੇ ਨੂੰ ਹੋਰ ਅੱਗੇ ਵਧਾਉਣਾ ਸੀ। ਜਦੋਂ ਵੀ ਦੁਨੀਆਂ ਦਾ ਕੋਈ ਵੱਡਾ ਬੰਦਾ ਸੱਚਖੰਡ ਸ੍ਰੀ ਦਰਬਾਰ ਸਾਹਿਬ ਜੀ ਦੇ ਦਰਸ਼ਨ ਦੀਦਾਰੇ ਕਰਨ ਲਈ ਆਏਗਾ ਤਾਂ ਮਨੁੱਖਤਾ ਵਿਰੋਧੀ ਤਾਕਤਾਂ ਦੇ ਢਿੱਡ ਪੀੜ ਹੋਏਗੀ ਹੀ। ਦੁਨੀਆ ਭਰ ਵਿੱਚੋ ਦਰਬਾਰ ਸਾਹਿਬ ਵਿਖੇ ਆਉਣ ਵਾਲਾ ਹਰ ਵੱਡਾ ਬੰਦਾ ਤਾਂ ਇਹ ਵੇਖਣ ਲਈ ਆਉਂਦਾ ਹੈ ਕਿ ਸਾਡੇ ਦੇਸ (ਵਿਦੇਸ਼ )ਵਿੱਚ ਵੱਸਣ ਵਾਲੇ ਸਿੱਖਾਂ ਦੇ ਮਨਾਂ ਅੰਦਰ ਮਨੁੱਖਤਾ ਦੇ ਭਲੇ ਦੀ ਸੇਵਾ ਕਰਨ ਦੇ ਜਜ਼ਬੇ ਦੀ ਸ਼ਕਤੀ ਕਿੱਥੋ ਪੈਦਾ ਹੁੰਦੀ ਹੈ।ਉਹ ਤਾਂ ਸਿੱਖ ਪੰਥ ਦੇ ਵੰਡ ਛੱਕਣ ਦੇ ਸਿਧਾਂਤ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਕਰਨ ਵਾਲੇ ਸਿਧਾਂਤ ਵੇਖਣ ਆਉਂਦੇ ਹਨ।

ਅਮਰ ਸਿੰਘ ਚਾਹਲ, ਜਗਦੇਵ ਸਿੰਘ ਸੋਢੀ, ਜਸਪਾਲ ਸਿੰਘ ਸਿੱਧੂ, ਗੁਰਦਰਸ਼ਨ ਸਿੰਘ ਢਿੱਲੋਂ, ਖੁਸ਼ਹਾਲ ਸਿੰਘ, ਅਮਰਜੀਤ ਸਿੰਘ, ਰਜਿੰਦਰ ਸਿੰਘ, ਗੁਰਪ੍ਰੀਤ ਸਿੰਘ, ਗੁਰਤੇਜ ਸਿੰਘ ਅਤੇ ਕਰਤਾਰ ਸਿੰਘ ਗੋਸ਼ਟੀ ਨੇ ਇਸ ਇਕੱਠ ਵਿੱਚ ਹਿੱਸਾ ਲਿਆ।

## ਲੰਡਨ 'ਚ ਲੱਗੇਗਾ ਮਹਾਰਾਜਾ ਰਣਜੀਤ ਸਿੰਘ ਦੀ ਪੋਤਰੀ ਦਾ ਬੁੱਤ

ਸਿੱਖ ਸਾਂਸਦ ਔਰਤ ਪ੍ਰੀਤ ਕੌਰ ਸ਼ੇਰਗਿਲ ਨੂੰ ਹਾਲੇ ਸ਼ੈਡੋ ਮੰਤਰੀ ਦਾ ਦਰਜਾ ਦਿੱਤਾ ਗਿਆ ਹੈ। ਬ੍ਰਿਟਿਸ਼ ਦੀ ਸੰਸਦ ਵਿਚ 208 ਔਰਤਾਂ ਮੈਂਬਰ ਹਨ, ਜਿਨ੍ਹਾਂ ਵਿਚ ਕੰਜਰਵੇਟਿਵ ਪਾਰਟੀ ਦੀਆਂ 67, ਲੇਬਰ ਪਾਰਟੀ ਦੀਆਂ 119, ਐੱਸਐੱਨਪੀ ਦੀਆਂ 12, ਲਿਬਰਲ ਡੈਮੋਕ੍ਰੇਟਿਕ ਪਾਰਟੀ ਦੀਆਂ 4, ਗਰੀਨ ਪਾਰਟੀ ਦੀ ਇੱਕ ਸਾਂਸਦ ਹੈ, ਜਦ ਕਿ ਉੱਚ ਸਦਨ ਹਾਊਸ ਆਫ ਲਾਰਡ ਵਿਚ ਵੀ 176 ਔਰਤਾਂ ਮੈਂਬਰ ਹਨ। ਔਰਤਾਂ ਦੇ ਇਸ ਮੁਕਾਮ 'ਤੇ ਪੁੱਜਣ ਦੀ ਪਹਿਲੀ ਪੌੜੀ ਸੋਫੀਆ ਦਲੀਪ ਸਿੰਘ ਨੇ ਤਿਆਰ ਕੀਤੀ ਸੀ। ਇਹੀ ਕਾਰਨ ਹੈ ਕਿ ਉਨ੍ਹਾਂ ਦੀ ਯਾਦ ਵਿਚ ਇਹ ਸਭ ਕੀਤਾ ਜਾ ਰਿਹਾ ਹੈ।

## ਸੁਪਨਾ

### ਮਨਦੀਪ ਕੌਰ

ਇਕ ਰਾਣੀ ਦੀ ਜਿੰਦ ਨੇ ਡੂੰਘਾ ਸਾਹ
ਲਿਆ
ਮੇਰਾ ਮੁਲਕ...
ਉਹ, ਜੋ ਖੁਸ ਗਿਆ ਮਕਾਰੀਆਂ ਕਰਕੇ
ਜੇ ਹੁਣ
ਉਹ ਆਪਣੇ ਮੁਲਕ ਨੂੰ ਮਾਲਕ ਨੂੰ ਯਾਦ
ਕਰਦੀ ਤਾਂ
ਗੁਨਾਹ...
ਸਜ਼ਾ
ਆਪਣੇ ਮੁਲਕ ਤੋਂ ਦੂਰ
ਸਭ ਕਾਸੇ ਤੋਂ ਦੂਰ
ਪਰ
ਜੋ ਦੂਰੀਆਂ ਕੈਦਾਂ ਤੋਂ ਬਾਹਰ
ਜਿੰਦ ਓਥੇ ਜੁੜੀ

ਚਿਰਾਂ ਬਾਅਦ ਸੁਪਨਾ ਬਣ ਆਇਆ
ਮੇਰਾ ਮੁਲਕ...

ਉਹ, ਜੋ ਮੇਰਾ ਬਣਿਆ ਬਣਾਇਆ
ਮੁਲਕ
ਮੁਫਤ 'ਚ ਭੁਲੇਖੇ 'ਚ ਪਾ ਕੇ ਲੈ ਗਏ
ਉਹਨਾਂ ਨੂੰ ਕੀ ਸਜ਼ਾ...

ਮੇਰਾ ਦੇਸ਼
ਮੇਰਾ ਪੰਜਾਬ
ਜਿਥੇ ਕਦੇ ਸਰਕਾਰ-ਏ-ਖਾਲਸਾ ਵਸਦੀ
ਸੀ
ਉਹਦਾ ਕੀ ਕਰੀਏ
ਜੋ ਮੈਨੂੰ ਨਿੱਤ ਸੁਪਨਾ ਆਉਂਦਾ
ਮੇਰਾ ਮੁਲਕ...

ਮੈਂ ਹੁਣ ਇਤਿਹਾਸ ਪੜ੍ਹਦੀ
ਆਪਣਾ
ਸੁਪਨਾ ਬੋਲਦਾ ਮੇਰੇ ਮੁਲਕ ਦਾ
ਮੈਂ
ਮੈਂ ਤਾਂ ਖਾਲਸਾ ਰਾਜ ਵਾਲਿਆਂ ਦਾ ਹਾਂ
ਮੈਨੂੰ ਹੁਣ ਪਤਾ ਲੱਗਿਆ
ਮੇਰਾ ਮੁਲਕ...

ਪਰ ਮੈਨੂੰ ਹਾਲੇ ਵੀ
ਇਹ ਪਤਾ ਨਹੀਂ ਲੱਗਦਾ
ਮੇਰਾ ਮੁਲਕ ਦਾ ਸੁਪਨਾ
ਆਪਣੇ ਪੁਰਖਿਆਂ ਨਾਲ ਜੁੜਣ ਦੀ
ਤਾਂਘ ਵਿੱਚ
ਹੁਣ ਕਾਹਦੀ ਸਜ਼ਾ

ਉਹ ਤੇ ਨਹੀਂ ਰਹੇ

ਜੇ ਮੈਂ ਮੇਰੇ ਮੁਲਕ ਪੰਜਾਬ ਦੀ ਬਾਤ
ਪਾਉਂਦੀ
ਤਾਂ ਸਜ਼ਾ ਦਾ ਡਰ
ਡਰਾਵਾ
ਕਿਉਂ
ਕੀ ਆਪਣੀਆਂ ਜੜ੍ਹਾਂ ਵੱਲ ਮੁੜਣਾ ਹੀ
ਸਜ਼ਾਯੋਗ ਹੈ
ਤਾਂ ਫਿਰ ਜੋ
ਤਾਜ ਮਹਿਲ ਨੂੰ ਤੇਜੂ ਮੰਦਰ ਆਖ ਰਹੇ ਨੇ
ਸੁਣਿਐ ਹੈ
ਉਹ ਹਾਲੇ ਵੀ ਆਪਣੀਆਂ ਜੜ੍ਹਾਂ ਵੱਲ
ਪਰਤ ਰਹੇ ਨੇ...

ਸ਼ਾਇਦ
ਉਹਨਾਂ ਦਾ ਵੀ

ਆਪਣਾ ਮੁਲਕ
ਕੋਈ ਸੁਪਨਾ
ਉਹਨਾਂ ਦਾ ਕਿਹੜਾ ਮੁਲਕ....

# RESIDENTIAL, COMMERCIAL AND SOLAR FARMS

**with Sunpreme High Performance Bifacial Smart Panels**

ਆਪਣੇ ਘਰ ਅਤੇ ਕਾਰੋਬਾਰ ਤੇ ਸੋਲਰ ਸਿਸਟਮ ਲਗਾਉਣ ਲਈ ਸਤਨਾਮ ਸਿੰਘ ਖਾਲਸਾ ਨਾਲ ਅੱਜ ਹੀ ਸੰਪਰਕ ਕਰੋ




ਬਿਜਲੀ ਦੇ ਬਿਲ ਤੋਂ ਹਮੇਸ਼ਾਂ ਲਈ ਛੁਟਕਾਰਾ

**Satnam Singh Khalsa 510.706.1300**

info@sadelok.com

SUNPREME
Premium Bifacial Thin Film Solar


PUNJABI STARLIVE EVENT MANAGEMENT PVT LTD.
PRESENTS
Nirmal Sidhu
Resham Anmol
Sara Gurpal
USA TOUR 2018
MEDIA PARTNER
BOSTON DESI CONNECTION
BDC tv
Bunty Bains
GUEST APPEARANCE
CONTACT FOR LIVE SHOW BOOKINGS ACROSS USA
+1 - 847-907-1074 | +1 - 224-410-8380
www.punjabistarlive.com


Canadian
Highest Grade Wheat
Say Bana
SHER
SHER
DURUM ATTA
DESI
STYLE
20 lb
9.07 kg
SHER ATTA GHAR LAAO
www.sherbrarmills.com